# ਸਿਰਜਣਾ

ਅਕਤੂਬਰ-ਦਸੰਬਰ 1988 (ਅੰਕ 72)

**October- December 1988**

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ <u>ਰਘੁਬੀਰ ਸਿੰਘ</u> ਸੰਪਾਦਕ ਸਿਰਜਣਾ <u>ਸੁਖਵੰਤ ਹੁੰਦਲ</u> (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I <u>Raghbir Singh</u> editor Sirjana hearby grant permission to <u>Sukhwant Hundal</u> (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022 — 1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ

ਚੋਣਵੀਂ ਝਾਤ

- ਟੀ.ਆਰ. ਵਿਨੋਦ ਦਾ ਨਿਬੰਧ : ਪ੍ਰਗਤੀਵਾਦੀ ਪੰਜਾਬੀ ਕਹਾਣੀ
- ਸਾਹਿਤ ਵਿਚ ਆਧੁਨਿਕਤਾ ਦੇ ਸੰਕਲਪ ਬਾਰੇ—ਪ੍ਰੇਮ ਪਾਲੀ
- ਫ਼ੈਜ਼ ਅਹਿਮਦ ਫ਼ੈਜ਼ ਦੀ ਲਿਖਤ: ਸਾਹਿਤ ਤੇ ਜਨ ਸਮੂਹ
- ਸਰਗੇਈ ਯੇਸੇਨਿਨ ਤੇ ਫ਼ੈਜ਼ ਦੀਆਂ ਨਜ਼ਮਾਂ ਦੇ ਅਨੁਵਾਦ
- ਮੁਸ਼ਤਾਕ ਸਿੰਘ, ਰਸ਼ਿਮ, ਸੁਖ-ਮਿੰਦਰ ਸੇਖੋਂ ਤੇ ਰਣਜੀਤ ਸਿੰਘ ਦੀਆਂ ਕਥਾ-ਰਚਨਾਵਾਂ

ਅਕਤੂਬਰ-ਦਸੰਬਰ 1988 72 ਮੁੱਲ 5 : ਰੁਪਏ

# ਸਿਰਜਣਾ

**ਅਕਤੂਬਰ—ਦਸੰਬਰ 1988**

0

ਨਿਗਰਾਨ
**ਸੰਤ ਸਿੰਘ ਸੇਖੋਂ**

0

ਸੰਪਾਦਕ
**ਰਘਬੀਰ ਸਿੰਘ**

0

ਪਤਾ
**1728, ਸੈਕਟਰ 43-ਬੀ,
ਚੰਡੀਗੜ੍ਹ-160036**
ਟੈਲੀਫੋਨ : 41694

0

**SIRJANA**
1728, Sector 43-B,
Chandigarh-160036
Telephone : 41694

0

SIRJANA is approved by DPI Punjab for all schools, colleges and Social education centres vide letter No. 2/6-66 B (EP) dated 26 9. 66


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਮਾਰਕਸੀ ਸਾਹਿਤ-ਚਿੰਤਨ/1
ਸਰਗੇਈ ਯੈਸੇਨਿਨ/ਕਵਿਤਾ/ਛੱਬੀ ਜਣਿਆਂ ਦੀ ਵਾਰ/3
ਫੈਜ਼ ਅਹਿਮਦ ਫੈਜ਼/ਕਵਿਤਾ/ਸਮਰਪਨ/6
ਕੇਸਰ ਸਿੰਘ ਨੀਰ/ਦੋ ਗ਼ਜ਼ਲਾਂ/8
ਰਸ਼ਿਮ/ਕਹਾਣੀ/ਛਲੇਡਾ/9
ਰਮਨ/ਕਵਿਤਾ/ਬੰਦਗੀ/20
ਮੁਸ਼ਤਾਕ ਸਿੰਘ/ਕਹਾਣੀ/ਇਕ ਸ਼ਾਮ ਦਾ ਗੀਤ/21
ਬਲਬੀਰ ਪਰਵਾਨਾ/ਦੋ ਕਵਿਤਾਵਾਂ/25
ਸੁਖਮਿੰਦਰ ਸਿੰਘ ਸੇਖੋਂ/ਕਹਾਣੀ/ਆਤੰਕ/27
ਰੁਪਿੰਦਰ ਮਾਨ/ਗ਼ਜ਼ਲ/37
ਰਣਜੀਤ ਸਿੰਘ/ਕਹਾਣੀ/ਦੁਸ਼ਮਣ/38
ਅਮਰਦੀਪ ਗਿੱਲ/ਕਵਿਤਾ/ਸੁੰਗੜਦੀ-ਫੈਲਦੀ ਪਰਿਭਾਸ਼ਾ/43
ਟੀ.ਆਰ ਵਿਨੋਦ/ਨਿਬੰਧ/ਪ੍ਰਗਤੀਵਾਦੀ ਪੰਜਾਬੀ ਕਹਾਣੀ/45
ਪ੍ਰੇਮ ਪਾਲੀ/ਨਿਬੰਧ/ਆਧੁਨਿਕ ਮਨੁੱਖ ਤੇ ਆਧੁਨਿਕਤਾਵਾਦ/51
ਸ਼ਸ਼ੀ ਸਾਇਬੀਲ/ਤਿੰਨ ਕਵਿਤਾਵਾਂ/60
ਹਰਜੀਤ ਦੌਧਰੀਆ/ਕਵਿਤਾ/ਕੰਜਰ ਕਲਮਾਂ/61
ਦੇਵਿੰਦਰ ਜੋਸ਼/ਗ਼ਜ਼ਲ/62
ਫੈਜ਼ ਅਹਿਮਦ ਫੈਜ਼/ਨਿਬੰਧ/ਸਾਹਿਤ ਤੇ ਜਨ-ਸਮੂਹ/63
ਮਹਿਮਾ ਸਿੰਘ/ਤਿੰਨ ਕਵਿਤਾਵਾਂ/67
ਹਰਭਜਨ ਸਿੰਘ ਹੁੰਦਲ/ਰੀਵੀਊ ਨਿਬੰਧ/ਹਰਿਨਾਮ ਦੀ ਕਵਿਤਾ/69
ਆਤਮਜੀਤ/ਰੀਵੀਊ/ਬੰਧਨ ਤੇ ਸਰਾਪ/74
ਅਵਤਾਰ ਜੌੜਾ/ਰੀਵੀਊ/ਸੜਕ ਨਾਮਾ/77
ਸੁਖਦੇਵ ਸਿੰਘ ਖਾਹਰਾ/ਰੀਵੀਊ/ਕੱਚੀ ਖੂਹੀ/79
ਸੁਰਜੀਤ ਗਿੱਲ/ਰੀਵੀਊ/ਚਾਨਣ ਕਤਲ ਨਹੀਂ ਹੁੰਦੇ/82
ਅਵਤਾਰ ਜੌੜਾ/ਰੀਵੀਊ/ਟਾਤਾ ਪ੍ਰਭਾਤਾਂ/84
ਸੁਰੇਸ਼ ਰਤਨ, ਫੁਲੇਲ ਸਿੰਘ, ਸੁਖਬੀਰ ਸਿੰਘ ਸਿੱਧੂ, ਗੁਲਵੰਤ, ਮਹਿਮਾ ਸਿੰਘ/ਪੱਤਰ/86



ਵਾਰਸ਼ਿਕ ਚੰਦਾ-ਦੇਸ਼ : 20 ਰੁਪਏ
ਬਦੇਸ਼-ਹਵਾਈ ਡਾਕ ਰਾਹੀਂ : 100 ਰੁਪਏ


ਸੰਪਾਦਕੀ

## ਮਾਰਕਸੀ ਸਾਹਿਤ-ਚਿੰਤਨ : ਅੰਦਰੂਨੀ ਚਣੌਤੀ

ਮਾਰਕਸਵਾਦੀ ਸਾਹਿਤ-ਚਿੰਤਨ ਨੂੰ ਇਕੋ ਸਮੇਂ ਦੋ ਪਰਸਪਰ ਵਿਰੋਧੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਚੁਣੌਤੀ ਜੋ ਬਾਹਰਲੀ ਦਿਸ਼ਾ ਤੋਂ ਆਉਂਦੀ ਹੈ, ਬਹੁਤ ਜਾਣੀ-ਪਛਾਣੀ ਹੈ ਤੇ ਇਸ ਦਾ ਸਫਲਤਾ ਨਾਲ ਟਾਕਰਾ ਕਰਨ ਲਈ ਮਾਰਕਸਵਾਦੀ ਸਾਹਿਤ-ਚਿੰਤਨ ਤੱਤਪਰਤਾ ਦੇ ਨਾਲ ਨਾਲ ਸਮਰੱਥਾ ਦਾ ਪ੍ਰਮਾਣ ਵੀ ਦਿੰਦਾ ਹੈ। ਇਹ ਚੁਣੌਤੀ ਹੈ ਸਾਹਿਤ ਤੇ ਕਲਾ ਨੂੰ ਸਮਾਜੀ ਸਰੋਕਾਰਾਂ ਤੋਂ ਅਤੇ ਇਤਿਹਾਸਕ-ਪਦਾਰਥਕ ਪ੍ਰਸੰਗਾਂ ਤੋਂ ਨਿਰਲੇਪ ਤੇ ਮੁਕਤ ਕਰਨ ਦੀ। ਸਿਰਜਣਾ ਤੇ ਆਲੋਚਨਾ ਦੋਹਾਂ ਹੀ ਪੱਧਰਾਂ ਉਤੇ ਇਹ ਚੁਣੌਤੀ ਭਾਵੇਂ ਤਥਾ-ਕਥਿਤ ਆਧੁਨਿਕਤਾ ਦੇ ਰੂਪ ਵਿਚ ਆਈ ਹੋਵੇ, ਪ੍ਰਯੋਗਵਾਦ ਜਾਂ ਕਿਸੇ ਵੀ ਹੋਰ ਵਾਦ ਦੇ ਰੂਪ ਵਿਚ—ਮਾਰਕਸਵਾਦੀ ਸਾਹਿਤ-ਚਿੰਤਨ ਨੇ ਇਸਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਸਮਰੱਥ ਪਾਇਆ ਹੈ।

ਮੂਲ ਧਾਰਨਾ ਮਾਰਕਸਵਾਦੀ ਸਾਹਿਤ-ਚਿੰਤਨ ਦੀ ਇਹ ਹੈ ਕਿ ਕੋਈ ਵੀ ਸਾਹਿਤ ਜਾਂ ਕਲਾ-ਕਿਰਤ ਵਿਅਕਤੀ ਦੀ ਪ੍ਰਤਿਭਾ ਦਾ ਚਮਤਕਾਰ ਹੋਣ ਦੇ ਨਾਲ ਨਾਲ ਸਮਾਜਕ ਕਿਰਤ ਵੀ ਹੈ। ਉਸਦਾ ਰਚਣਹਾਰਾ ਇਕ ਨਿਸਚਿਤ ਇਤਿਹਾਸਕ ਦੌਰ ਵਿਚ ਵਿਚਰਦਾ ਹੈ ਤੇ ਸਮਾਜ ਦੇ ਕਿਸੇ ਇਕ ਜਾਂ ਦੂਜੇ ਪੱਖ ਨਾਲ ਸੰਬੰਧਤ ਹੁੰਦਾ ਹੈ। ਰਚਨਾ ਅਤੇ ਰਚਨਾਕਾਰ ਸ਼ੂਨ ਅਵਸਥਾ ਵਿਚ ਨਹੀਂ ਹੁੰਦੇ ਅਤੇ ਉਹਨਾਂ ਦੀ ਹੋਂਦ ਸਮਾਜਕ ਯਥਾਰਥ ਤੋਂ ਬਾਹਰ ਨਹੀਂ ਹੋ ਸਕਦੀ। ਇਸ ਲਈ ਮਾਰਕਸਵਾਦ ਦੀ ਵਿਰੋਧੀ ਇਹ ਧਾਰਨਾ ਉਕਾ ਹੀ ਗਲਤ ਹੈ ਕਿ ਕਿਸੇ ਰਚਨਾ ਦਾ ਰਚਨਾ ਤੋਂ ਬਾਹਰਾ ਕੋਈ ਪ੍ਰਸੰਗ ਹੈ ਹੀ ਨਹੀਂ, ਜਾਂ ਰਚਨਾ ਦਾ ਮਹੱਤਵ ਸਮਾਜਕ ਜੀਵਨ ਨਾਲ ਸੰਬੰਧਿਤ ਕਿਸੇ ਵੀ ਤਰ੍ਹਾਂ ਦੇ ਅਰਥਾਂ ਤੋਂ ਵਿਹੀਣ, ਉਸਦੇ ਨਿਪਟ ਸੁਹਜ ਜਾਂ ਕਲਾਤਮਕਤਾ ਤਕ ਹੀ ਸੀਮਤ ਹੈ। ਮਾਰਕਸਵਾਦੀ ਸਾਹਿਤ-ਚਿੰਤਨ ਦੀ ਇਸ ਧਾਰਨਾ ਨੂੰ ਵਿਆਪਕ ਪ੍ਰਵਾਨਗੀ ਮਿਲ ਚੁੱਕੀ ਹੈ ਕਿ ਹਰ ਰਚਨਾ ਮੂਲ ਮਾਨਵੀ ਉਦਗਾਰਾਂ ਦਾ ਪ੍ਰਗਟਾ ਕਰਨ ਦੇ ਨਾਲ ਨਾਲ ਪ੍ਰਾਪਤ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਨਾਲ ਸਰੋਕਾਰ ਰੱਖਦੀ ਹੈ ਅਤੇ ਹਰ ਰਚਨਾ ਆਪਣੇ ਵੱਥ ਵਿਚ, ਭਾਵੇਂ ਕਿੰਨੇ ਹੀ ਲੁਕਵੇਂ ਰੂਪ ਵਿਚ ਕਿਉਂ ਨਾ ਹੋਵੇ, ਕਿਸੇ ਵਿਚਾਰਧਾਰਾ ਦਾ ਸੰਚਾਰ ਵੀ ਕਰਦੀ ਹੈ।

ਅੱਜ ਮਾਰਕਸਵਾਦੀ ਸਾਹਿਤ-ਚਿੰਤਨ ਨੂੰ ਗੰਭੀਰ ਖਤਰੇ ਦਾ ਸਾਹਮਣਾ ਬਾਹਰੀ ਦਿਸ਼ਾ ਤੋਂ ਆਉਣ ਵਾਲੀ ਚੁਣੌਤੀ ਤੋਂ ਨਹੀਂ, ਸਗੋਂ ਆਪਣੇ ਹੀ ਅੰਦਰੋਂ ਉਭਰਦੀ ਚੁਣੌਤੀ ਤੋਂ ਹੈ। ਮਾਰਕਸਵਾਦ ਦੀ ਬਹੁਤ ਸਤਈ ਤੇ ਤੜਾਗੀਵਾਦੀ ਧਾਰਨਾ, ਅਸਲੋਂ ਹੀ ਕੱਚੀ ਸਾਹਿਤਕ ਤੇ ਕਲਾਤਮਕ ਸੂਝ ਅਤੇ ਅਤਿ ਸਰਲੀਕਰਨ ਦੀ ਬਿਰਤੀ ਨੇ ਮਾਰਕਸੀ ਸਾਹਿਤ-ਚਿੰਤਨ ਨੂੰ ਹਮੇਸ਼ਾ ਹੀ ਵਿਚਲਿਤ ਕੀਤਾ ਹੈ। ਇਸ ਵਿਚਲਨ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਵਿਚ ਕਾਫੀ ਸਮੇਂ ਤਕ ਪ੍ਰਚਲਿਤ ਤੇ ਪ੍ਰਵਾਨਿਤ ਸਾਹਿਤ ਤੇ ਕਲਾ ਸੰਬੰਧੀ ਗਲਤ ਨੀਤੀ ਵਿਚ ਲੱਭੀਆਂ ਜਾ ਸਕਦੀਆਂ ਹਨ। ਐਪਰ ਜਿਥੇ ਸੋਵੀਅਤ ਯੂਨੀਅਨ, ਸਮਾਜਵਾਦੀ ਜਗਤ ਤੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚਲੇ ਮਾਰਕਸੀ ਸਾਹਿਤ-ਚਿੰਤਨ ਨੇ ਪਿਛਲੇ ਦਹਾਕਿਆਂ ਵਿਚ ਆਪਣੇ ਆਪਨੂੰ ਅਜਿਹੀਆਂ ਗਲਤ ਧਾਰਨਾਵਾਂ ਤੋਂ ਮੁਕਤ ਕਰਨ

ਦਾ ਸਫਲ ਉਪਰਾਲਾ ਕੀਤਾ ਹੈ, ਉਥੇ ਸਾਡੇ ਦੇਸ਼ ਵਿਚ ਸਾਹਿਤ, ਕਲਾ ਤੇ ਸਭਿਆਚਾਰ ਦੇ ਮਾਮਲੇ ਵਿਚ ਵਿਕਸਿਤ ਤੇ ਸੰਤੁਲਤ ਮਾਰਕਸੀ ਸੂਝ ਗ੍ਰਹਿਣ ਕਰਨ ਦਾ ਯਤਨ ਬਹੁਤ ਘੱਟ ਹੋਇਆ ਹੈ। ਇਸ ਵਿਚਲਨ ਦਾ ਹੀ ਇਕ ਅਹਿਮ ਕਾਰਨ ਸੀ ਕਿ ਪ੍ਰਗਤਿਵਾਦ ਵਰਗੀ ਸ਼ਕਤੀਸ਼ਾਲੀ ਸਾਹਿਤਕ ਲਹਿਰ ਸੰਕਟ ਦਾ ਸ਼ਿਕਾਰ ਹੋਈ।

ਇਹ ਠੀਕ ਹੈ ਕਿ ਸਾਡੇ ਦੇਸ਼ ਵਿਚ ਮਾਰਕਸਵਾਦ ਦਾ ਵਿਰੋਧੀ ਸਾਹਿਤ-ਚਿੰਤਨ ਬਹੁਤਾ ਸਿਰ ਨਹੀਂ ਉਠਾ ਸਕਿਆ। ਇਸ ਦਾ ਕਾਰਨ ਸਾਡੇ ਦੇਸ਼ ਦੀਆਂ ਠੋਸ ਇਤਿਹਾਸਕ-ਪਦਾਰਥਕ ਸਥਿਤੀਆਂ ਹਨ, ਨਹੀਂ ਤਾਂ ਕੱਚ-ਘਰੜ ਮਨੌਤਾਂ ਨੇ ਮਾਰਕਸੀ ਸਾਹਿਤ-ਚਿੰਤਨ ਨੂੰ ਅੰਦਰੋਂ ਢਾਹ ਲਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸਗੋਂ ਜਦੋਂ ਵੀ ਇਸ ਚਿੰਤਨ ਨੂੰ ਵਿਰੋਧੀ ਦਿਸ਼ਾ ਤੋਂ ਮੁਕਾਬਲਤਨ ਘੱਟ ਚੁਣੌਤੀ ਦਾ ਸਾਹਮਣਾ ਹੋਇਆ ਹੈ, ਉਦੋਂ ਹੀ ਇਸਦੇ ਆਪਣੇ ਅੰਦਰਲਾ ਇਹ ਖਤਰਾ ਵਧੇਰੇ ਗੰਭੀਰ ਹੋ ਜਾਂਦਾ ਰਿਹਾ ਹੈ। ਪੰਜਾਬੀ ਭਾਸ਼ਾ ਦੇ ਸਾਹਿਤਕ ਚਿਤਰਪਟ ਉਤੇ ਅੱਜ ਸਥਿਤੀ ਕੁਝ ਇਹੋ ਜਿਹੀ ਹੀ ਹੈ। ਅਜਿਹੇ ਅਨਸਰ ਮਾਰਕਸੀ ਸਾਹਿਤ-ਚਿੰਤਨ ਦੇ ਦਾਅਵੇਦਾਰ ਬਣਨ ਦਾ ਹੀਆ ਕਰਦੇ ਹਨ ਜਿੰਨ੍ਹਾਂ ਨੂੰ ਨਾ ਤਾਂ ਸਾਹਿਤ ਤੇ ਕਲਾ ਦੇ ਮੂਲ ਚਰਿੱਤਰ ਤੇ ਲੋੜਾਂ ਦੀ ਸੋਝੀ ਹੈ, ਨਾ ਸਾਡੀ ਸਾਹਿਤਕ ਸਭਿਆਚਾਰਕ ਪਰੰਪਰਾ ਦਾ ਕੋਈ ਗਿਆਨ ਤੇ ਨਾ ਹੀ ਰਚਨਾਤਮਕ ਸਾਹਿਤ ਤੇ ਨਵੇਂ ਸਾਹਿਤਕ ਰੁਝਾਨਾਂ ਨੂੰ ਜਾਨਣ ਦੀ ਕੋਈ ਅਕਾਂਖਿਆ। ਇਕੋ ਇਕ ਟੇਕ ਹੈ ਮਾਰਕਸ, ਐਂਗਲਜ਼ ਜਾਂ ਲੈਨਿਨ ਦੇ ਕੁਝ ਕੁ ਕਥਨਾਂ ਨੂੰ, ਬਿਨਾਂ ਸਮਝੇ, ਸੁੰਢ ਦੀ ਗੱਠੀ ਵਾਂਗ ਵਰਤਣ ਉਤੇ। ਮਾਰਕਸੀ ਸਾਹਿਤ-ਚਿੰਤਨ ਦੇ ਹੋਰ ਅਗੇਰੇ ਵਿਕਾਸ ਲਈ ਆਪਣੇ ਅੰਦਰਲੀ ਇਸ ਸੰਕੀਰਣਤਾ ਤੇ ਅਬੌਧਿਕਤਾ ਵਿਰੁੱਧ ਜਹਾਦ ਕੀਤੇ ਬਿਨਾਂ ਗੁਜ਼ਾਰਾ ਨਹੀਂ।

[ਰਘਬੀਰ ਸਿੰਘ]

## ਡਾ. ਹਰਿਭਜਨ ਸਿੰਘ ਦਾ ਸਨਮਾਨ

ਮੱਧ ਪ੍ਰਦੇਸ਼ ਰਾਜ ਦੀ ਸਾਹਿਤ ਕਲਾ ਪਰਿਸ਼ਦ ਨੇ ਸ੍ਰੇਸ਼ਟ ਸਾਹਿਤਕ ਪ੍ਰਾਪਤੀ ਲਈ ਡਾ. ਹਰਿਭਜਨ ਸਿੰਘ ਨੂੰ ਪੁਰਸਕਾਰਿਆ ਹੈ। ਇਸ ਪੁਰਸਕਾਰ ਵਿਚ ਡੇਢ ਲੱਖ ਰੁਪਏ ਦੀ ਰਕਮ ਵੀ ਸ਼ਾਮਲ ਹੈ ਜੋ ਰਕਮ ਦੇਸ਼ ਦੇ ਸਭ ਤੋਂ ਵੱਡੇ ਸਾਹਿਤਕ ਪੁਰਸਕਾਰ—ਭਾਰਤੀ ਗਿਆਨਪੀਠ ਪੁਰਸਕਾਰ—ਦੀ ਰਕਮ ਦੇ ਬਰਾਬਰ ਹੈ। ਪੰਜਾਬੀ ਵਿਚ ਹਾਲੇ ਤਕ ਗਿਆਨ-ਪੀਠ ਪੁਰਸਕਾਰ ਵੀ ਕੇਵਲ ਇਕ ਰਚਨਾਕਾਰ-ਅੰਮ੍ਰਿਤਾ ਪ੍ਰੀਤਮ-ਨੂੰ ਮਿਲਿਆ ਹੈ। ਇੰਝ ਡਾ. ਹਰਿਭਜਨ ਸਿੰਘ ਪੰਜਾਬੀ ਦਾ ਦੂਜਾ ਲੇਖਕ ਹੈ ਜਿਸਦੀ ਸਾਹਿਤਕ ਪ੍ਰਾਪਤੀ ਨੂੰ ਏਨੀ ਵੱਡੀ ਪੱਧਰ 'ਤੇ ਸਨਮਾਨਿਆ ਗਿਆ ਹੋਵੇ। ਭਾਰਤੀ ਸਾਹਿਤ ਅਕਾਦਮੀ, ਪੰਜਾਬ ਸਰਕਾਰ, ਪੰਜਾਬੀ ਅਕਾਦਮੀ ਦਿੱਲੀ ਅਤੇ ਸੋਵੀਅਤ ਲੈਂਡ ਨਹਿਰੂ ਅਵਾਰਡ ਦੁਆਰਾ ਪਹਿਲਾਂ ਹੀ ਸਨਮਾਨਿਆ ਜਾ ਚੁੱਕਿਆ ਡਾ. ਹਰਿਭਜਨ ਸਿੰਘ ਸਾਡੀ ਭਾਸ਼ਾ ਵਿਚ ਸਿਰਜਣਾਤਮਕਤਾ ਤੇ ਬੌਧਿਕ ਚਿੰਤਨ ਦਾ ਢੁਕਵਾਂ ਸੁਮੇਲ ਪ੍ਰਸਤੁਤ ਕਰਦਾ ਹੈ। ਉਸਦੀ ਕਵਿਤਾ ਵਿਚ ਜੇ ਭਾਵੁਕ ਸੰਵੇਦਨਸ਼ੀਲਤਾ, ਬੌਧਿਕ ਗਹਿਰਾਈ ਤੇ ਉਚੇਰਾ ਕਲਾਤਮਕ ਰਸ ਹੈ ਤਾਂ ਉਸਦੀ ਸਾਹਿਤਕ ਸਮੀਖਿਆ ਵਿਚਾਰ ਦੀ ਸਪਸ਼ਟਤਾ ਦੇ ਨਾਲ ਨਾਲ ਭਾਸ਼ਾਈ ਗਹਿਰਾਈ ਤੇ ਕਾਵਿਕ ਸ਼ੈਲੀ ਨਾਲ ਓਤ ਪੋਤ ਹੈ।

ਬਹੁਤ ਬਹੁਤ ਮੁਬਾਰਕ।

[ਰਘਬੀਰ ਸਿੰਘ]

ਸਰਗਈ ਯੈਸੇਨਿਨ

## ਛੱਬੀ ਜਣਿਆਂ ਦੀ ਵਾਰ

[ਇਹ ਕਵਿਤਾ ਚਿੱਟੀਆਂ ਫੌਜਾਂ ਵੱਲੋਂ 20 ਸਤੰਬਰ 1918 ਨੂੰ ਬਾਕੂ ਦੇ 26 ਕਮੀਸਾਰਾਂ ਦੇ ਕਤਲ ਦੀ ਛੇਵੀਂ ਵਰ੍ਹੇ-ਗੰਢ ਦੇ ਅਵਸਰ 'ਤੇ ਲਿਖੀ ਗਈ ਸੀ। ਅਕਤੂਬਰ ਇਨਕਲਾਬ ਦੇ ਛੇਤੀ ਪਿੱਛੋਂ ਬਾਕੂ ਵਿੱਚ ਸੋਵੀਅਤ ਅਧਿਕਾਰ ਦਾ ਐਲਾਨ ਕਰ ਦਿੱਤਾ ਗਿਆ ਸੀ ਪਰ ਬਾਹਰਲੇ ਫੌਜੀ ਦਖਲ 'ਤੇ ਗ੍ਰਹਿ-ਯੁੱਧ ਦੇ ਸਿੱਟੇ ਵਜੋਂ 31 ਜੁਲਾਈ,1918 ਨੂੰ ਕਮਿਊਨ ਨੂੰ ਖਤਮ ਕਰ ਦਿੱਤਾ ਗਿਆ। ਕਮਿਊਨ ਦੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਗੋਲੀ ਮਾਰ ਦਿੱਤੀ ਗਈ। 1920 ਵਿੱਚ ਉਹਨਾਂ ਦੀ ਰਾਖ ਨੂੰ ਬਾਕੂ ਲਿਆਂਦਾ ਗਿਆ ਅਤੇ ਇੱਕ ਕੇਂਦਰੀ ਸਥਾਨ 'ਤੇ ਉਹਨਾਂ ਦੀ ਯਾਦਗਾਰ ਬਣਾ ਕੇ ਮੁੜ ਦਫਨ ਕੀਤਾ ਗਿਆ। ਛੇਵੀਂ ਵਰ੍ਹੇ-ਗੰਢ ਦੇ ਮੌਕੇ ਉਤੇ ਯੈਸੇਨਿਨ ਨੇ ਇਹ ਕਵਿਤਾ ਇਕ ਸਮਾਗਮ 'ਤੇ ਪੜ੍ਹੀ ਸੀ—ਅਨੁਵਾਦਕ]

ਕਵੀਆ ! ਉਚੀ ਤਾਨ 'ਚ ਗਾ, ਸੂਰਮਿਆਂ ਦੀ ਵਾਰ ਸੁਣਾ।
ਚਿੱਟਾ ਅੰਬਰ ਚਮਕ ਰਿਹਾ, ਬੱਦਲ ਕਿੱਥੇ ਬਿਖਰ ਗਿਆ।
ਲਹਿਰਾਂ ਦੇ ਗੀਤਾਂ ਦਾ ਸ਼ੋਰ, ਸੁਣਦੀ ਗੱਲ ਨਾ ਕੋਈ ਹੋਰ।
ਛੱਬੀ ਜਣੇ ਬਹਾਦਰ ਬੀਰ, ਭੁੱਲਦੀ ਪਲ ਭਰ ਨਾ ਤਸਵੀਰ।

ਮਾਰੂਥਲ ਦੀ ਕਬਰ ਪਏ, ਫਿਰ ਵੀ ਹੀਰੇ ਚਮਕ ਰਹੇ।
ਕਿਹੜਾ ਭੁੱਲ ਸਕੇਗਾ ਯਾਰ, ਨਾਲ ਗੋਲੀਆਂ ਦਿੱਤੇ ਮਾਰ।
ਦੋ ਸੌ ਸੱਤ ਵਰਸਤ ਦੂਰ, ਲੈ ਗਏ ਸ਼ਹਿਰੋਂ, ਭਰਿਆ ਪੂਰ।
ਧੁੰਦ ਪਈ ਹੈ ਚਾਰ-ਚੁਫੇਰ, ਤੱਟ ਦਿਸੇ ਨਾ ਵਿੱਚ ਹਨੇਰ।
''ਸ਼ਾਹੂਮਿਆਨ'' ਹੈ ਜਾਗ ਰਿਹਾ, ਰੇਤਾ ਵਿਚੋਂ ਦਮਕ ਰਿਹਾ।
ਹੱਡੀਆਂ ਦੀ ਸੁਣਦੀ ਖਣਕਾਰ, ਮਾਰੂਥਲ ਦੇ ਹੈ ਵਿਚਕਾਰ।
ਹੋਰ ਵੀ ਦਿੱਤੇ ਮਾਰ ਪੰਜਾਹ, ਕੱਢਣਾ ਚਾਹੁੰਦੇ ਸਨ ਤ੍ਰਾਹ।
ਛੱਬੀ ਜਣੇ ਬਹਾਦਰ-ਬੀਰ, ਉੱਕਰੀ ਹਿਰਦੇ 'ਤੇ ਤਸਵੀਰ।

ਗੋਲੀ ਛਾਤੀ 'ਚੋਂ ਗਈ ਪਾਰ, ਚੀਰੇ ਪੇਟ ਅੱਧ-ਵਿਚਕਾਰ।
ਗੱਲਾਂ ਕਰਨ ਬਹਾਦਰ-ਸ਼ੇਰ, ਧੁੰਮ ਪਈ ਹੈ ਚਾਰ-ਚੁਫੇਰ।
'ਬਾਕੂ' ਜਾਣਾ ਲੋਚ ਰਹੇ, ਕੀ ਕੀ ਸੋਚਾਂ ਸੋਚ ਰਹੇ।
ਆਓ ਅੱਖੀਂ ਤੱਕੀਏ ਯਾਰ, ਕੈਸੀ ਉਤਰੀ ਸੱਜ-ਬਹਾਰ।
ਸਾਡੀ ਧਰਤ 'ਐਜ਼ਰ ਬੈਜ਼ਾਨ', ਖਬਰੇ ਹੋਵੇ ਨਾ ਪਹਿਚਾਣ।

ਉੱਤਰੀ ਰਾਤ-ਚੁਫੇਰੇ ਆਣ, ਚੰਨ-ਚਾਨਣੀ ਦੀ ਮੁਸਕਾਣ।
ਏਸ ਤਰ੍ਹਾਂ ਦੀ ਰਾਤ ਪਈ, ਧੁੰਦ ਜਹੀ ਹੈ ਬਿਖਰ ਗਈ।

ਗੋਰਿਆਂ ਦਿੱਤੀ ਗੋਲੀ ਮਾਰ, ਛੱਬੀ ਜਣੇ ਬੁਲਾਏ ਪਾਰ ।

ਆਖਣ ਸੱਭੇ ਸਾਂਝੀਵਾਲ, ਕੰਮ ਕਰੋ ਆਜ਼ਾਦੀ ਨਾਲ ।
ਗੁੱਸੇ ਕਿੰਝ ਚੜ੍ਹਾਏ ਸਾਣ, ਉਠਿਆ ਘਿਰਣਾ ਦਾ ਤੂਫਾਨ !
ਜ਼ਾਰ ਬਾਦਸ਼ਾਹ ਹੁੰਦਾ ਕੌਣ ? ਇਸ ਧਰਤੀ ਨੂੰ ਕਿਰਤੀ ਵਾਹੁਣ ।
ਜੁੜ ਗਏ ਕਾਮੇ ਤੇ ਕਿਰਸਾਨ, ਹੱਕਾਂ ਦੀ ਹੋਈ ਪਹਿਚਾਣ ।
ਲੈਨਿਨ ਨੇ ਦਿੱਤੀ ਵੰਗਾਰ, ਕੰਬ ਗਿਆ ਸਾਰਾ ਸੰਸਾਰ ।
ਛੱਬੀ ਜਣੇ ਬਹਾਦਰ-ਬੀਰ, ਉੱਕਰੀ 'ਪੂਰਬ' ਦੀ ਤਸਵੀਰ ।

ਹਾਲੀ ਵੀ ਲੋਕਾਂ ਨੂੰ ਯਾਦ, ਏਨੇ ਸਾਲ ਗੁਜ਼ਾਰਨ ਬਾਅਦ ।
ਉੱਨੀ ਸੌ ਅਠਾਰਾਂ ਜਾਣ, ਕਿਸ ਨੂੰ ਭੁੱਲ ਸਕਦੀ ਪਹਿਚਾਣ ।
ਬਾਹਰੋਂ ਫੌਜਾਂ ਚੜ੍ਹੀਆਂ ਆਣ, ਘੇਰ ਲਿਆ 'ਐਜ਼ਰ-ਬੇਜ਼ਾਨ' ।
ਕੀਤੀ ਧਰਤੀ ਲਹੂ-ਲੁਹਾਣ, ਗੋਰੇ ਜਾਬਰ ਤੇ ਸ਼ੈਤਾਨ ।
ਹਾਰ ਗਿਆ ਕਿਰਤੀ-ਕਿਰਸਾਨ, ਹੋਇਆ ਜਾਨਾਂ ਦਾ ਨੁਕਸਾਨ ।
ਚੰਦਰੀ ਖਬਰ ਸੁਕਾਈ ਜਾਨ, ਛੱਬੀ ਦੇ ਛੱਬੀ ਕੁਰਬਾਨ ।
ਲੈ ਗਏ ਮਾਰੂਥਲ ਵਿਚਕਾਰ, ਗੋਲੀ, ਤਲਵਾਰਾਂ ਦੇ ਵਾਰ ।
ਕਿੰਨੀ ਰੇਤਾ ਭਿੱਜ ਗਈ, ਕੈਸੀ ਕਹਿਰੀ ਰਾਤ ਪਈ ।
ਛੱਬੀ ਜਣੇ ਬਹਾਦਰ-ਬੀਰ, ਯਾਦਾਂ ਵਿਚ ਉੱਕਰੀ ਤਸਵੀਰ ।
ਦੋ ਸੌ ਸੱਤ 'ਵਰਸਤ' ਦੂਰ, ਰੇਤਾ ਕਿੰਝ ਲੁਕਾਇਆ ਨੂਰ ।

ਬੰਦਰ-ਗਾਹ ਤੇ ਟਹਿਲਦੀ, ਚਿੱਟੀ ਧੁੰਦ ਚੁਫੇਰ,
ਅੱਖਾਂ ਅੰਦਰ ਰੜਕਦੇ, ਸੀ ਰੇਤਾ ਦੇ ਢੇਰ ।
ਰੇਤਾ ਵਿਚੋਂ ਜਾਗਿਆ, ਸ਼ਾਹੂ ਮਿਆਨ ਸਰਦਾਰ,
ਪੈਂਦੀ ਕੰਨਾਂ ਵਿਚ ਵੀ ਹੱਡੀਆਂ ਦੀ ਖਣਕਾਰ ।
ਇਸ ਰੇਤਾ 'ਚੋਂ ਝਾਕਦੇ, ਹੋਰ ਕਈ ਇਨਸਾਨ,
ਖਬਰੇ ਕਿੰਨੇ ਹੋ ਗਏ, ਸੀ ਸੂਰੇ ਕੁਰਬਾਨ !

ਛੱਬੀ ਜਣੇ ਨਾ ਭੁੱਲਣੇ, ਚੇਤੇ ਰਹਿਣ ਹਮੇਸ਼,
ਕਬਰਾਂ ਵਿਚੋਂ ਦੇ ਰਹੇ, ਉਹ ਕੈਸਾ ਸੰਦੇਸ਼ ।
ਹੋਇਆ ਵੇਖੋ ਕਿਸ ਤਰ੍ਹਾਂ, ਹੈ ਪੀਲਾ ਅਸਮਾਨ,
ਵਾਂਗ ਪਰੇਤਾਂ ਘੁੰਮਦੇ ਇਹ ਛੱਬੀ ਇਨਸਾਨ ।
'ਬਾਕੂ' ਬੰਦਰਗਾਹ 'ਤੇ, ਸਾਡੇ ਵਾਕਫਕਾਰ,
ਹਰ ਕੋਈ ਪਹਿਚਾਣਦਾ ਇਹ ਸਾਰੇ ਆਕਾਰ ।
ਇਹ ਦੁੱਖਾਂ ਦੀ ਵਾਰਤਾ, ਇਹ ਗੀਤਾਂ ਦੀ ਤਾਨ,
ਧੁੰਦ, ਹਵਾਵਾਂ ਵਿਚ ਵੀ, ਨਹੀਂ ਭੁੱਲਦੀ ਪਹਿਚਾਣ ।



ਇਹ ਤਾਂ ਜਾਪੇ ਬੋਲਦਾ, ਸਾਡਾ 'ਸ਼ਾਹੂ ਮਿਆਨ',
ਜੀਕਣ ਕੋਈ ਕਰ ਰਿਹਾ, ਹੈ ਆਗੂ ਵਿਖਿਆਨ ।
"ਕੀ ਮੈਂ ਸੁਪਨੇ ਵੇਖਦਾ, ਦੱਸੀਂ ਮੇਰੇ ਯਾਰ,
ਕਿਰਤੀ-ਵਿਹੜੇ ਮਹਿਕਦੀ, ਇਹ ਕੈਸੀ ਗੁਲਜ਼ਾਰ ।
ਉੱਠੋ ਵੇਖੋ ਦੋਸਤੋ, ਕਿਉਂ ਹੁੰਦੇ ਹੈਰਾਨ,
ਭੁੱਖੇ ਦੇ ਲਈ ਸਦਾ ਹੀ, ਅੰਨ ਹੁੰਦਾ ਭਗਵਾਨ ।
ਤੇਲ ਉਗਮਦਾ ਧਰਤੀਉਂ, ਕਾਲੇ ਲਹੂ ਸਮਾਨ,
ਇਸ ਦੀ ਹਰਕਤ ਨਾਲ ਹੈ, ਚਲਦਾ ਕੁਲ ਜਹਾਨ ।
ਇੰਜਣ ਥਾਂ ਥਾਂ ਚਲਦੇ, ਕਾਰਾਂ ਦੀ ਘੁੰਮਕਾਰ,
'ਸੂਹਾ ਤਾਰਾ' ਚਮਕਦਾ ਅੰਬਰ ਦੇ ਵਿਚਕਾਰ ।"

ਸੁਣ ਕੇ ਗੱਲਾਂ ਸੱਚੀਆਂ, ਬੋਲਿਆ ਅੱਗੋਂ ਯਾਰ,
ਸਾਡੀ ਮਿਹਨਤ ਨਾਲ ਹੈ, ਇਹ ਤੁਰਦਾ ਸੰਸਾਰ ।
ਖਬਰਾਂ ਦੱਸਣ ਵਾਲੀਆਂ, ਬਹਿ ਕਰੀਏ ਵੀਚਾਰ,
ਕਿੰਨਾ ਸੁਹਣਾ ਦ੍ਰਿਸ਼ ਹੈ, 'ਬਾਕੂ' ਤੇਲ-ਭੰਡਾਰ ।
ਏਸ ਤਰ੍ਹਾਂ ਦੀ ਰਾਤ ਨੂੰ, ਪਸਰੀ ਧੁੰਦ-ਚੁਫੇਰ,
ਸਾਡੇ ਲਈ ਸੀ ਵਰਤਿਆ, ਚਾਨਣ ਵਿਚ ਹਨੇਰ ।
ਚਾਰ ਗੋਲੀਆਂ ਦੱਬ ਤੇ ਰੇਤਾ ਦੇ ਵਿਚਕਾਰ,
ਇਹ ਕਾਤਲ ਅੰਗਰੇਜ਼ ਸੀ, ਸਭ 'ਚਿੱਟਿਆਂ' ਦੇ ਯਾਰ ।

ਛੱਬੀ ਜਣੇ ਬਹਾਦਰ ਬੀਰ, ਯਾਰੋ ਨਹੀਂ ਭੁੱਲਦੀ ਤਸਵੀਰ ।
ਗੁੱਸੇ ਦਾ ਉੱਠਿਆ ਤੂਫਾਨ, ਹੋਈ ਵੈਰੀ ਦੀ ਪਹਿਚਾਨ ।
ਛੱਬੀ ਕਿਉਂ ਹੋਏ ਕੁਰਬਾਨ, ਆਜ਼ਾਦੀ ਦਾ ਪਕੜ ਨਿਸ਼ਾਨ ।
ਉੱਠੋ ਕਿਰਤੀ ਤੇ ਕਿਰਸਾਨ, ਲੈਨਿਨ ਸਾਡੇ ਨਾਲ ਮਹਾਨ ।
ਡੋਲ ਗਏ ਸਰਮਾਏਦਾਰ, ਮੱਚੀ ਮਹਿਲੀਂ ਹਾਹਾਕਾਰ ।
'ਪੂਰਬ' ਦੀ ਵੱਖਰੀ ਤਸਵੀਰ, ਛੱਬੀ ਜਣੇ ਬਹਾਦਰ-ਬੀਰ ।
ਨਿਖਰਿਆ ਨੀਲਾ ਅਸਮਾਨ, ਛੱਬੀ ਸਾਡੇ ਬੀਰ ਮਹਾਨ ।
ਗੋਲੀਆਂ ਪੁੜਪੜੀਆਂ ਨੂੰ ਚੀਰ, ਵਾਹ ਗਈਆਂ ਸੀ ਸੁਰਖ ਲਕੀਰ ।
ਕਾਤਲ ਦਾ ਕੈਸਾ ਕਿਰਦਾਰ, ਦੁਸ਼ਟਾਂ ਦਿੱਤੇ ਛੱਬੀ ਮਾਰ ।

ਕਵੀਆ ! ਗੀਤ ਉਹਨਾਂ ਦੇ ਗਾ, ਸੱਚੀ ਸੁੱਚੀ ਵਾਰ ਸੁਣਾ ।
ਸਿਰ ਉੱਤੇ ਨੀਲਾ ਅਸਮਾਨ, ਬੱਦਲਾਂ ਦਾ ਨਹੀਂ ਨਾਮ-ਨਿਸ਼ਾਨ ।
ਸੁਣਦਾ ਲਹਿਰਾਂ ਦਾ ਨਾ ਸ਼ੋਰ, ਇਹਨਾਂ ਵਿਚ ਗੀਤਾਂ ਨੂੰ ਖੋਰ ।
ਛੱਬੀ ਜਣੇ ਬਹਾਦਰ ਬੀਰ, ਜਗਦੀ ਹਿਰਦੇ ਸੁਰਖ-ਲਕੀਰ । □

[ਅਨੁ : ਹਰਭਜਨ ਸਿੰਘ ਹੁੰਦਲ]

## **ਸਮਰਪਨ**/ਫ਼ੈਜ਼ ਅਹਿਮਦ ਫ਼ੈਜ਼

ਅੱਜ ਦੇ ਨਾਂ—ਅਤੇ ਅੱਜ ਦੇ ਗ਼ਮ ਦੇ ਨਾਂ
ਅੱਜ ਦਾ ਗ਼ਮ ਜੋ ਹੈ
ਜ਼ਿੰਦਗੀ ਦੇ ਭਰੇ ਬਾਗ ਤੋਂ ਰੁੱਸਿਆ ਪੀਲੇ ਪੱਤਿਆਂ ਦਾ ਵਣ
ਪੀਲੇ ਪੱਤਿਆਂ ਦਾ ਜੰਗਲ ਮਿਰਾ ਦੇਸ ਜੋ
ਦਰਦ ਦੀ ਭਖਦੀ ਮਹਿਫਿਲ ਮਿਰਾ ਦੇਸ ਜੋ

ਉਦਾਸੇ ਕਲਰਕਾਂ ਦੀਆਂ ਜਿੰਦ-ਜਾਨਾਂ ਦੇ ਨਾਂ
ਕਿਰਮ-ਖਾਧੇ ਦਿਲਾਂ 'ਤੇ ਜ਼ੁਬਾਨਾਂ ਦੇ ਨਾਂ
ਪੋਸਟਮੈਨਾਂ ਦੇ ਨਾਂ—ਕੋਚਵਾਨਾਂ ਦੇ ਨਾਂ
ਰੇਲ-ਚਾਲਕ ਜਵਾਨਾਂ ਦੇ ਨਾਂ
ਕਾਰਖਾਨੇ ਦੇ ਅੱਧ-ਭੁੱਖੇ ਵੀਰਾਂ ਦੇ ਨਾਂ
ਏਸ ਦੁਨੀਆਂ ਦੇ ਸ਼ਾਹ, ਪੂਰ ਧਰਤੀ ਦੇ ਸਾਈਂ
ਧਰਤੀ 'ਤੇ ਅੱਲ੍ਹਾ ਦੇ ਨਾਇਬ - ਕਿਰਸਾਣ ਦੇ ਨਾਂ
ਜਿਸਦੇ ਢੋਰਾਂ ਨੂੰ ਜ਼ਾਲਮ ਭਜਾ ਲੈ ਗਏ
ਜਿਸਦੀ ਬੇਟੀ ਨੂੰ ਡਾਕੂ ਉਠਾ ਲੈ ਗਏ
ਜਿਸਦੇ ਹੱਥ ਭਰ ਦੇ ਛੋਟੇ ਜਹੇ ਖੇਤ 'ਚੋਂ
ਪੂਰੀ ਇਕ ਗਿੱਠ ਪਟਵਾਰ ਨੇ ਲਾਹ ਲਈ
ਦੂਜੀ ਸਰਕਾਰ ਨੇ - ਮਾਲੀਏ ਦੇ ਬਹਾਨੇ - ਖਜ਼ਾਨੇ ਦੇ ਵਿਚ ਪਾ ਲਈ
ਜਿਸਦੀ ਪੱਗ—ਜ਼ੋਰਾਵਰ ਡਾਹਢੇ ਲੋਕਾਂ ਦੇ ਕਦਮਾਂ 'ਚ ਰੁਲ
ਹੋ ਗਈ ਲੀਰ ਲੀਰ

ਉਹਨਾਂ ਦੁਖਿਆਰੀਆਂ, ਅਬਲਾ ਮਾਵਾਂ ਦੇ ਨਾਂ
ਬਾਲ ਜੀਹਨਾਂ ਦੇ ਰਾਤੀਂ ਵਿਲਕਦੇ—ਉਣੀਂਦੇ ਦੀਆਂ ਫੰਡੀਆਂ ਬਾਹਾਂ ਵਿਚ
ਜੋ ਸੰਭਲਦੇ ਨਹੀਂ—ਦੁੱਖ ਦੱਸਦੇ ਨਹੀਂ
ਪਰ—ਪਰਚਦੇ ਨਹੀਂ ਤਰਲਿਆਂ, ਹਾੜਿਆਂ ਨਾਲ ਵੀ
ਉਹਨਾਂ ਹੁਸੀਨਾਂ ਦੇ ਨਾਂ—ਜੀਹਨਾਂ ਦੇ ਨੈਣਾਂ ਦੇ ਫੁੱਲ
ਬੰਦ ਬੂਹਿਆਂ ਅਤੇ ਬਾਰੀਆਂ, ਪਰਦਿਆਂ ਉਹਲੇ
ਐਵੇਂ ਹੀ ਖਿੜ ਖਿੜ ਕੇ ਕੁਮਲਾ ਗਏ

ਉਹਨਾਂ ਵਿਆਹੁੜਾਂ ਦੇ ਨਾਂ
ਜਿਨ੍ਹਾਂ ਦੇ ਬਦਨ ਅੱਕ ਗਏ ਨੇ



ਨਿਮੋਹੀਆਂ, ਕਪਟਕਾਰ ਸੇਜਾਂ 'ਤੇ ਸਜ
ਵਿਧਵਾਵਾਂ ਦੇ ਨਾਂ

ਉਹਨਾਂ ਚਿਕੜੀਲੀਆਂ ਤੰਗ ਗਲੀਆਂ, ਮੁਹੱਲਿਆਂ ਦੇ ਨਾਂ
ਜਿਨ੍ਹਾਂ ਦੀ ਭ੍ਰਿਸ਼ਟੀ ਹੋਈ ਧੂੜ ਵਿਚ
ਚੰਨ ਰਾਤਾਂ ਨੂੰ ਆ ਆ ਕੇ—ਕਰਦਾ ਏ ਅਕਸਰ ਵਜ਼ੂ
ਜੀਹਨਾਂ ਦੇ ਘਸਮੈਲੇ ਸਾਂਇਆਂ ਦੇ ਉਹਲੇ
ਡੁਸਕਦੀ ਏ ਰੰਗੀਨ ਚੁੰਨੀਆਂ ਦੀ ਲੱਜ
ਚੂੜੀਆਂ ਦੀ ਛਣਕ—ਕਾਲੇ ਕੁੰਡਲਾਂ ਦੀ ਮਹਿਕ
ਤੇ ਚਾਵਾਂ-ਭਰੇ ਸੀਨਿਆਂ ਦੀ
ਆਪਣੇ ਹੀ ਮੁੜ੍ਹਕੇ 'ਚ ਸੜ ਜਾਣ ਦੀ ਬੋ

ਨਾਂ—ਉਨ੍ਹਾਂ ਛਾਤਰਾਂ ਦੇ
ਜੋ ਗਏ ਹਾਕਮਾਂ ਦੇ ਦਰਾਂ ਉੱਤੇ
ਕਲਮਾਂ ਕਿਤਾਬਾਂ ਲਈ ਹੱਥ ਅੱਡੀ—ਉਹ ਪੁੱਜ ਤਾਂ ਗਏ
ਪਰ—ਨਾ ਆਏ ਘਰੀਂ ਪਰਤ ਕੇ
ਉਹ ਮਾਸੂਮ ਜੋ ਭੋਲੇ—ਭਾਅ
ਤੁਰੇ ਆਪਣੇ ਨੰਨ੍ਹੇ ਚਿਰਾਗਾਂ 'ਚ ਲੋਅ-ਦੀ ਲਗਨ ਲੈ ਕੇ
ਆ ਪੁੱਜੇ—ਉਸ ਥਾਂ ਕਿ ਜਿਥੇ
ਕੋਈ ਵੰਡ ਰਿਹਾ ਸੀ—ਬੇ-ਅੰਤ ਰਾਤਾਂ ਦੇ ਘਣਘੋਰ ਨ੍ਹੇਰੇ

ਜੇਲ੍ਹਖਾਨੇ 'ਚ ਬੰਦ ਉਹਨਾਂ ਵੀਰਾਂ ਦੇ ਨਾਂ
ਜਿਨ੍ਹਾਂ ਦੇ ਦਿਲਾਂ ਵਿਚ—ਭਵਿੱਖ ਦੇ ਚਮਕਦੇ ਹੋਏ ਸੋਨ-ਸੁਪਨੇ
ਹੁਮਸੀ ਹੋਈ ਜੇਲ੍ਹ ਦੀ ਰਾਤ ਦੇ
ਵਿੱਸ ਘੋਲਦੇ, ਤੱਤੇ ਸਾਹਾਂ 'ਚ ਸੜ ਸੜ ਕੇ---ਅੰਬਰ ਦੇ ਤਾਰੇ ਬਣੇ

ਉਹਨਾਂ ਭਾਂਵੱਖ ਦੇ ਸਫ਼ੀਰਾਂ ਦੇ ਨਾਂ
ਜੋ—ਪੁਸ਼ਪਗੰਧ ਵਾਂਗ—ਖੁਦ ਆਪ
ਆਪਣੇ ਹੀ ਬੋਲਾਂ ਦੇ ਸੱਚ ਦੀ ਬਲੀ—ਚੜ੍ਹ ਗਏ

□

[ਪੰਜਾਬੀ ਰੂਪ : ਮੇਜਰ ਪਿਆਰਾ ਸਿੰਘ]

## ਦੋ ਗ਼ਜ਼ਲਾਂ/ਕੇਸਰ ਸਿੰਘ 'ਨੀਰ'

ਥਾਂ, ਥਾਂ ਛਿੜੀ ਏ ਮੇਰੇ ਪੰਜਾਬ ਦੀ ਗੱਲ ।
ਪੱਤੀ, ਪੱਤੀ ਹੈ ਖਿੰਡੀ, ਗੁਲਾਬ ਦੀ ਗੱਲ ।

ਨਾ ਕੋਈ ਹੁਸਨ ਦੀ, ਨਾ ਹੀ ਪਿਆਰ ਦੀ ਗੱਲ
ਹੁੰਦੀ ਸਤਿਲੁਜ ਦੇ ਬਲ ਰਹੇ ਆਬ ਦੀ ਗੱਲ ।

ਚਲਦੀ ਗੋਲੀ, ਤਲਵਾਰ ਹੈ ਰੋਜ਼ ਥਾਂ, ਥਾਂ,
ਸੰਗੀ ਕੀਰਨੇ, ਕਤਲ, ਅਜ਼ਾਬ ਦੀ ਗੱਲ ।

ਪਿਆਰ ਵੰਡਦਾ ਸੀ ਨਾਨਕ ਨਾਲ ਜਿਸ ਦੇ,
ਕਿੱਥੇ ਗਈ ਏ ਉਹਦੀ ਰਬਾਬ ਦੀ ਗੱਲ ?

ਗੱਲ ਮੁੱਕੀ, ਨਾ ਦਿਲੋਂ ਮੁਕਾਈ ਉਸ ਨੇ,
ਸੁਹਣੀ ਲਗਦੀ ਸੀ ਉੱਜ ਜਨਾਬ ਦੀ ਗੱਲ ।

ਕਿਉਂ ਨਾ ਹੋਏ ਇਹ ਹੱਲ ਸਵਾਲ ਸਾਡਾ
ਯਾਰੋ ! ਕਰੇ ਜੇ ਕੋਈ ਹਿਸਾਬ ਦੀ ਗੱਲ ।

□

ਉਜੜੇ, ਉਜੜੇ ਪਿੰਡ ਅਸਾਡੇ ਸਹਿਮੇ ਸਹਿਮੇ ਸ਼ਹਿਰ ।
ਫਿੱਕੇ, ਫਿੱਕੇ ਹੋਏ ਹਾਸੇ, ਹੋਇਆ ਕੈਸਾ ਕਹਿਰ
ਪਹਿਲਾਂ ਵਰਗਾ ਨਿੱਘ ਨਾ ਕਿਧਰੇ ਨਾ ਰੂਹਾਂ ਨੂੰ ਚੈਨ ।
ਉੱਤੋਂ, ਉੱਤੋਂ ਪਿਆਰ ਜਤਾਈਏ, ਦਿਲ ਵਿਚ ਘੁਲਿਆ ਜ਼ਹਿਰ ।

ਛਾਵਾਂ ਹੀ ਹੁਣ ਧੁੱਪਾਂ ਹੋਈਆਂ, ਪੱਤਝੜ ਬਣੀ ਬਹਾਰ,
ਜਾਪੇ ਹੁਣ ਤਾਂ ਲਟ, ਲਟ ਬਲਦੀ, ਸਤਿਲੁਜ ਦੀ ਹਰ ਲਹਿਰ ।

ਏਨੀ ਵੀ ਕੀ ਕਾਹਲੀ ਹੋਈ, ਕਿਹਾ ਰੁਝੇਵਾਂ ਦੱਸ
ਤੂੰ ਆਇਆ ਚਿਰ ਪਿੱਛੋਂ ਯਾਰਾ ! ਰਾਤ, ਦਿਹਾੜੀ ਠਹਿਰ ।

ਸਦਾ ਨ ਐਸਾ ਮੌਸਮ ਰਹਿਣਾ ਸਦਾ ਨ ਤੱਤੀ ਪੌਣ,
ਆਖਰ ਇਕ ਦਿਨ ਛਟ ਜਾਵੇਗੀ, ਮੌਸਮ ਦੀ ਇਹ ਗਹਿਰ ।

□

[ਆਤਮ ਨਗਰ, ਜਗਰਾਉਂ]



## ਛਲੇਡਾ

ਰਸ਼ਿਮ

ਉਹ ਛਲੇਡਾ, ਗਰਾਂ ਦੇ ਬਾਹਰ, ਗੁਲਾਬਾਂ ਦੇ ਬਗੀਚੇ ਵਿਚ, ਸਭ ਤੋਂ ਪਹਿਲਾਂ ਕਿਸ ਨੂੰ ਅਤੇ ਕਦੋਂ ਦਿਖਾਈ ਦਿੱਤਾ, ਇਸ ਬਾਰੇ ਹੁਣ ਕਿਸੇ ਨੂੰ, ਕੁਝ ਵੀ ਯਾਦ ਨਹੀਂ । ਹੁਣ ਤਕ ਉਹ ਗਰਾਂ ਵਿਚ ਤਕਰੀਬਨ ਹਰ ਕਿਸੇ ਨੂੰ ਵੱਖ ਵੱਖ ਸ਼ਕਲ ਵਿਚ ਦਿਖਾਈ ਦੇ ਚੁੱਕਾ ਹੈ । ਜਿਸ ਦਿਨ ਉਹ ਕਿਸੇ ਨੂੰ ਦਿਖਾਈ ਦਿੰਦਾ ਹੈ, ਉਸ ਦਿਨ ਉਹ ਜਣਾ ਘਬਰਾਇਆ ਹੋਇਆ ਬਾਗ ਵੱਲੋਂ ਮੁੜਦਾ ਹੈ—ਸੁੰਨ ਜਿਹਾ ਅਤੇ ਭਾਵਹੀਣ ਜਿਹਾ—ਪਰ ਕੁਝ ਦੇਰ ਬਾਅਦ ਉਹ ਬਹੁਤ ਖੁਸ਼ ਹੋ ਜਾਂਦਾ ਹੈ—ਇਕਦਮ ਚਹਿਕ-ਚਹਿਕ ਕੇ ਉਹ ਸਭ ਨੂੰ ਦੱਸਦਾ ਫਿਰਦਾ ਹੈ ਕਿ ਉਸ ਨੂੰ ਅੱਜ ਛਲੇਡਾ ਦਿਖਾਈ ਦਿੱਤਾ ਸੀ । ਪਹਿਲਾਂ ਉਹ ਸਿਰਫ ਬੁੱਢਿਆਂ ਨੂੰ ਦਿਖਾਈ ਦਿੰਦਾ ਸੀ—ਫਿਰ ਜਵਾਨਾਂ ਨੂੰ ਵੀ ਦਿਖਾਈ ਦੇਣ ਲੱਗਾ—ਅਤੇ ਹੁਣ ਤਾਂ ਅਤਿ ਹੈ, ਕਿ ਉਹ ਕੁਝ ਬੱਚਿਆਂ ਨੂੰ ਵੀ ਦਿਖਾਈ ਦਿੱਤਾ ਹੈ ।

ਬਾਂਝ ਔਰਤ ਨੂੰ ਉਹ ਛੋਟੇ ਬੱਚੇ ਦੀ ਸ਼ਕਲ ਵਿਚ ਦਿਖਾਈ ਦਿੱਤਾ ਸੀ । ਜਿਸ ਦਿਨ ਉਹ ਉਸ ਨੂੰ ਵੇਖਕੇ ਆਈ, ਉਸ ਦਿਨ ਪਹਿਲਾਂ-ਪਹਿਲ ਉਹ ਏਨੀ ਘਬਰਾਈ ਹੋਈ ਸੀ ਕਿ ਘਰ ਪਹੁੰਚ ਕੇ ਬੇਹੋਸ਼ ਹੀ ਹੋ ਗਈ ਸੀ—ਪਰ ਸ਼ਾਮ ਹੁੰਦਿਆਂ-ਹੁੰਦਿਆਂ ਤਕ ਉਸਦੀਆਂ ਗੱਲ੍ਹਾਂ ਭਖਣ ਲੱਗੀਆਂ ਸਨ, ਅੱਖਾਂ ਚਮਕਣ ਲੱਗੀਆਂ ਸਨ ਅਤੇ ਰਾਤ ਹੁੰਦਿਆਂ-ਹੁੰਦਿਆਂ ਤਕ ਉਹ ਸਭ ਨੂੰ ਦੱਸਦੀ ਫਿਰ ਰਹੀ ਸੀ ਕਿ ਅੱਜ ਬਗੀਚੇ ਵਿਚ ਉਸ ਨੂੰ ਛਲੇਡਾ ਇਕ ਚਾਰ ਸਾਲ ਦੇ ਬੱਚੇ ਦੀ ਸ਼ਕਲ ਵਿਚ ਦਿਖਾਈ ਦਿੱਤਾ ਸੀ—ਉਸ ਦਾ ਰੰਗ ਗੋਰਾ ਅਤੇ ਗੁਲਾਬੀ ਸੀ, ਵਾਲ ਸੁਨਹਿਰੀ ਅਤੇ ਘੁੰਗਰਾਲੇ, ਅੱਖਾਂ ਮੋਟੀਆਂ-ਮੋਟੀਆਂ ਅਤੇ ਨੀਲੀਆਂ—ਅਤੇ ਉਹ ਇਕ ਛੋਟੀ ਟੋਕਰੀ ਵਿਚ ਗੁਲਾਬ ਦੇ ਫੁੱਲ ਚੁਣ-ਚੁਣ ਕੇ ਭਰ ਰਿਹਾ ਸੀ ।

ਉਸ ਲੰਗੜੇ ਬੁੱਢੇ ਨੂੰ, ਜਿਹੜਾ ਚੜ੍ਹਦੀ ਜਵਾਨੀ ਵਿਚ ਕੁਸ਼ਤੀਆਂ ਲੜਿਆ ਕਰਦਾ ਸੀ ਪਰ ਚੋਰੀ ਦੇ ਇਲਜ਼ਾਮ ਵਿਚ ਧਰਿਆ ਗਿਆ ਸੀ ਅਤੇ ਪੁਲਿਸ ਨੇ ਕੁੱਟ-ਕੁੱਟ ਕੇ ਜਿਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਸਨ, ਉਸ ਨੂੰ ਛਲੇਡਾ ਇਕ ਛੇ ਫੁੱਟ ਲੰਮੇ, ਚੌੜੇ ਮੋਢਿਆਂ ਵਾਲੇ ਤਗੜੇ ਜਵਾਨ ਦੀ ਸ਼ਕਲ ਵਿਚ ਦਿਖਾਈ ਦਿੱਤਾ ਸੀ ਜਿਸ ਦਾ ਮਾਲਿਸ਼ ਕੀਤਾ ਹੋਇਆ ਜਿਸਮ ਡਲ੍ਹਕਾਂ ਮਾਰ ਰਿਹਾ ਸੀ ਅਤੇ ਜਿਹੜਾ ਬਗੀਚੇ ਵਿਚ ਹੀ ਡੰਡ-ਬੈਠਕਾਂ ਕੱਢ ਰਿਹਾ ਸੀ ।

ਕੱਖਾਂ-ਕਾਨਿਆਂ ਦੇ ਘਰਾਂ ਵਿਚ ਰਹਿਣ ਵਾਲਿਆਂ ਨੂੰ, ਜਿਹੜੇ ਵਿਆਹ-ਸ਼ਾਦੀਆਂ ਉਤੇ ਵੀ ਆਪਣੇ ਮਾਲਕਾਂ ਕੋਲੋਂ ਮੰਗ-ਮੰਗ ਕੇ ਲਏ ਹੋਏ ਕਪੜੇ ਪਹਿਨਿਆ ਕਰਦੇ ਸਨ,

ਉਨ੍ਹਾਂ ਨੂੰ ਛਲੇਡਾ ਸਜੀਲੇ ਰਾਜਕੁਮਾਰ ਦੀ ਸ਼ਕਲ ਵਿਚ ਦਿਖਾਈ ਦਿੱਤਾ ਸੀ ਜਿਹਨੇ ਝੂਲਦਾ ਹੋਇਆ ਰੇਸ਼ਮੀ ਚੋਗਾ ਪਹਿਨਿਆ ਹੋਇਆ ਸੀ—ਗਲੇ ਵਿਚ ਮੋਤੀਆਂ ਦੀ ਮਾਲਾ, ਅਤੇ ਸਿਰ ਉਤੇ ਸੁਨਹਿਰੀ ਮੁਕਟ......।

ਜਿਸ ਮੁੰਡੇ ਨੂੰ ਮਾਂ-ਬਾਪ ਨੇ ਪੜ੍ਹਨੋਂ ਹਟਾ ਕੇ ਕੰਮ ਉਤੇ ਲਗਵਾ ਦਿੱਤਾ ਸੀ, ਉਸ ਨੂੰ ਛਲੇਡਾ ਪਿੱਠ ਵੱਲੋਂ ਦਿਖਾਈ ਦਿੱਤਾ ਸੀ—ਦੁਨੀਆਂ ਵੱਲੋਂ ਮੂੰਹ ਫੇਰਕੇ, ਕਿਤਾਬ ਵਿਚ ਲੀਨ ਹੋਇਆ ਬੈਠਾ—ਗੁਲਾਬ ਦੀ ਇਕ ਟਹਿਣੀ ਉਸਦੇ ਸਿਰ ਉਤੇ ਝੁਕੀ ਹੋਈ ਸੀ।

ਘਰ ਵਾਲਿਆਂ ਵੱਲੋਂ ਛੱਡੀਆਂ ਹੋਈਆਂ ਔਰਤਾਂ ਨੂੰ ਛਲੇਡਾ ਇਕ ਝਾਉਲਾ ਜਿਹਾ ਬਣਕੇ ਦਿੱਸਦਾ ਸੀ, ਜਿਸਦੀ ਨੁਹਾਰ ਉਨ੍ਹਾਂ ਨੂੰ ਛੱਡਣ ਵਾਲਿਆਂ ਨਾਲ ਮਿਲਦੀ-ਜੁਲਦੀ ਜਾਪਿਆ ਕਰਦੀ ਸੀ।

ਤਕਰੀਬਨ ਸਭ ਨੂੰ ਹੀ ਛਲੇਡਾ ਕਿਸੇ ਨਾ ਕਿਸੇ ਰੂਪ ਵਿਚ ਦਿਸਿਆ, ਇਥੋਂ ਤਕ ਕਿ ਇਕ ਵਾਰ ਬੱਗੇ ਵਾਲਾਂ ਵਾਲੇ ਸਮਾਜ-ਸੇਵੀ ਨੂੰ ਵੀ ਉਹ ਨਜ਼ਰ ਆਇਆ। ਬੱਗੇ ਵਾਲਾਂ ਵਾਲੇ ਸਮਾਜ-ਸੇਵੀ ਦੀ ਸਾਰੀ ਜ਼ਿੰਦਗੀ ਲੋਕਾਂ ਦੇ ਕੰਮ ਆਉਂਦਿਆਂ, ਉਨ੍ਹਾਂ ਲਈ ਕੁਰਬਾਨੀਆਂ ਕਰਦਿਆਂ ਅਤੇ ਜੇਲ੍ਹਾਂ ਕੱਟਦਿਆਂ ਬੀਤੀ ਸੀ। ਪਰ ਕਿਉਂਕਿ ਉਸਨੇ ਆਪਣੀ ਘਾਲਣਾ ਨੂੰ ਵਿਕਾਊ ਸ਼ੈਅ ਨਹੀਂ ਸੀ ਬਣਾਇਆ ਇਸ ਕਾਰਣ ਉਹ ਕਿਸੇ ਵੱਡੇ ਭਵਨ ਵਿਚ ਨਹੀਂ ਸੀ ਜਾ ਸਕਿਆ—ਉਸੇ ਗਰਾਂ ਵਿਚ ਹੀ ਰਹਿ ਗਿਆ ਸੀ, ਜਿਥੇ ਪਹਿਲਾਂ ਤਾਂ ਉਹ ਬਹੁਤ ਇੱਜ਼ਤ ਦਾ ਪਾਤਰ ਸੀ ਪਰ ਪਿਛੋਂ ਥੋੜ੍ਹੇ ਥੋੜ੍ਹੇ ਮਜ਼ਾਕ ਦਾ ਪਾਤਰ ਵੀ ਬਣਨ ਲੱਗ ਗਿਆ ਸੀ। ਉਸਨੂੰ ਛਲੇਡਾ ਇਕ ਉਚੇ ਪਲੇਟਫਾਰਮ ਉਤੇ, ਗਲ ਵਿਚ ਫੁੱਲਾਂ ਦੇ ਹਾਰਾਂ ਨਾਲ ਲੱਦਿਆ ਹੋਇਆ ਖੜ੍ਹਾ ਦਿਖਾਈ ਦਿੱਤਾ ਸੀ।

ਮੁੱਕਦੀ ਗੱਲ ਇਹ ਕਿ ਛਲੇਡੇ ਦੀ ਹੋਂਦ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਸੀ। ਉਹ ਕਿਸ ਨੂੰ ਕਿਸ ਰੂਪ ਵਿਚ ਦਿਖਾਈ ਦਿੱਤਾ ਹੈ ਜਾਂ ਦੇਣਾ ਚਾਹੀਦਾ ਹੈ, ਇਸ ਬਾਰੇ ਵੀ ਜਿਵੇਂ ਸਭ ਦੀ ਆਪਸ ਵਿਚ ਇਕ ਚੁੱਪ ਜਿਹੀ ਸੰਧੀ ਸੀ। ਛਲੇਡੇ ਬਾਰੇ ਕੋਈ ਕਿਸੇ ਦੇ ਦਾਅਵੇ ਉਤੇ ਸ਼ੱਕ ਨਹੀਂ ਸੀ ਕਰਦਾ।

ਪਰ ਛਲੇਡੇ ਦੀ ਹੋਂਦ ਨੂੰ ਲੈ ਕੇ ਜਦ ਇਕ ਵਾਰੀ ਵਿਵਾਦ ਉਠ ਖੜ੍ਹਾ ਹੋਇਆ ਤਾਂ ਸਾਰੇ ਚੌਂਕ ਉਠੇ ਅਤੇ ਘਬਰਾ ਗਏ।

ਗੱਲ ਇਉਂ ਹੋਈ ਕਿ ਉਸ ਗਰਾਂ ਵਿਚ ਇਕ ਇਕੱਲੀ ਔਰਤ ਰਹਿੰਦੀ ਸੀ। ਉਹ ਸ਼ੁਰੂ ਤੋਂ ਇਕੱਲੀ ਨਹੀਂ ਸੀ ਪਰ ਫਿਰ ਵਕਤ ਹੌਲੀ-ਹੌਲੀ ਉਸਦੇ ਨਾਲ ਦੀਆਂ ਨੂੰ ਭਰਿਆਂ ਘਰਾਂ ਵਿਚ ਛੱਡ-ਛੱਡ ਕੇ ਅਗਾਂਹ ਲੰਘ ਗਿਆ ਤਾਂ ਉਹ ਪਿੱਛੇ ਉਸ ਗਰਾਂ ਵਿਚ ਇਕੱਲੀ ਰਹਿ ਗਈ ਸੀ।

ਉਹ ਇਕੱਲੀ ਔਰਤ ਜਦੋਂ ਛੋਟੀ ਜਿਹੀ ਸੀ ਤਾਂ ਬੜੀਆਂ ਜਿਊਂਦੀਆਂ ਅੱਖਾਂ ਵਾਲੀ ਸੀ—ਚਮਕਦਾ-ਦਮਕਦਾ ਚਿਹਰਾ ਅਤੇ ਮੁਸਕਰਾਉਂਦੇ ਹੋਏ ਹੋਂਠ। ਉਸ ਵੱਲ ਵੇਖਕੇ ਸਭ ਕਿਹਾ ਕਰਦੇ ਸਨ ਕਿ ਜਵਾਨ ਹੋਣ ਉਤੇ ਉਹ ਇਹੋ ਜਿਹੀ ਚੜ੍ਹਤ ਵਾਲੀ ਨਿਕਲੇਗੀ ਕਿ ਆਸੇ ਪਾਸੇ ਦੇ ਸਾਰੇ ਇਲਾਕੇ ਵਿਚ ਇਸਦੇ ਵਰਗੀ ਕੋਈ ਹੋਰ ਨਹੀਂ ਹੋਏਗੀ।

ਪਰ ਉਹ ਆਪਣੀ ਉਮਰ ਦੀਆਂ ਸਾਰੀਆਂ ਨਾਲੋਂ ਬੇਹੱਦ ਵੱਖਰੀ ਕਿਸਮ ਦੀ ਸੀ। ਜਦੋਂ ਉਸਦੀ ਉਮਰ ਦੀਆਂ ਕੁੜੀਆਂ ਗੇਂਦ-ਗੀਟੇ ਖੇਡ ਰਹੀਆਂ ਹੁੰਦੀਆਂ, ਕਿੱਕਲੀ ਪਾ-ਪਾ ਹੱਸ ਰਹੀਆਂ ਹੁੰਦੀਆਂ, ਤਦ ਉਹ ਮਿੱਟੀ-ਘੱਟੇ ਵਿਚ ਖੇਡ ਰਹੇ ਗਰਾਂ ਦੇ ਉਨ੍ਹਾਂ ਬੱਚਿਆਂ ਨੂੰ ਚੁੱਕ-ਚੁੱਕ ਕੇ ਨਹਾਉਣ-ਧਵਾਉਣ ਵਿਚ ਰੁੱਝੀ ਹੁੰਦੀ, ਜਿਨ੍ਹਾਂ ਦੀਆਂ ਮਾਵਾਂ ਉਨ੍ਹਾਂ ਨੂੰ ਰੂੜੀਆਂ ਉਤੇ ਖੇਡਦਿਆਂ ਛੱਡਕੇ ਲੋਕਾਂ ਦੇ ਘਰਾਂ ਵਿਚ ਜਾਂ ਖੇਤਾਂ ਵਿਚ ਕੰਮ ਕਰਨ ਗਈਆਂ ਹੁੰਦੀਆਂ। ਕਦੀ ਉਹ ਲਾਵਾਰਿਸ ਫਿਰ ਰਹੇ ਛੋਟੇ ਛੋਟੇ ਕਤੂਰਿਆਂ, ਜਿਨ੍ਹਾਂ ਨੂੰ ਮੁੰਡਿਆਂ ਨੇ ਰੋੜੇ ਮਾਰ ਮਾਰ ਕੇ ਅਧਮੋਏ ਕੀਤਾ ਹੁੰਦਾ, ਉਨ੍ਹਾਂ ਨੂੰ ਪਲੋਸ ਰਹੀ ਹੁੰਦੀ ਜਾਂ ਉਨ੍ਹਾਂ ਦੀਆਂ ਲੰਗੜਾਉਂਦੀਆਂ ਟੰਗਾਂ ਨੂੰ ਸਹਿਲਾ ਰਹੀ ਹੁੰਦੀ। ਸਵੇਰੇ ਸ਼ਾਮ ਖੂਹ ਉਤੇ ਜਾ ਖੜ੍ਹੀ ਹੁੰਦੀ ਅਤੇ ਖੂਹ ਉਤੇ ਪਾਣੀ ਭਰਨ ਆਈਆਂ, ਬਿਮਾਰ ਜਾਂ ਬੁੱਢੜੀਆਂ ਜਾਂ ਕਮਜ਼ੋਰ ਔਰਤਾਂ ਨੂੰ ਪਾਣੀ ਕੱਢ-ਕੱਢ ਕੇ ਦੇ ਰਹੀ ਹੁੰਦੀ—ਕਦੀ ਉਨ੍ਹਾਂ ਦੇ ਘਰਾਂ ਵਾਸਤੇ ਪਾਣੀ ਢੋਅ ਵੀ ਰਹੀ ਹੁੰਦੀ।

ਫਿਰ ਜਦ ਉਹ ਉਮਰ ਆਈ ਕਿ ਉਸਦੀਆਂ ਹਮਉਮਰ ਮੂੰਹ ਅੱਗੇ ਹੱਥ ਰੱਖ ਰੱਖ ਕੇ ਬਾਂਕਿਆਂ ਦੀਆਂ ਗੱਲਾਂ ਕਰ ਰਹੀਆਂ ਹੁੰਦੀਆਂ, ਉਹ ਉਨ੍ਹਾਂ ਘਰਾਂ ਵਿਚ ਪਹੁੰਚ ਰਹੀ ਹੁੰਦੀ ਜਿਥੇ ਕੋਈ ਬਿਮਾਰ ਪਿਆ ਹੁੰਦਾ। ਉਹ ਬਿਮਾਰ ਦੇ ਸਿਰਹਾਣੇ ਬੈਠੀ ਠੰਡੇ ਪਾਣੀ ਦੀਆਂ ਪੱਟੀਆਂ ਰੱਖ ਰਹੀ ਹੁੰਦੀ, ਉਹਦੇ ਹੱਥ ਪੈਰ ਘੁੱਟ ਰਹੀ ਹੁੰਦੀ ਜਾਂ ਦੌੜ ਦੌੜ ਕੇ ਹਕੀਮ ਨੂੰ ਬੁਲਾਉਣ ਜਾ ਰਹੀ ਹੁੰਦੀ।

ਉਸ ਦੀਆਂ ਹਮਉਮਰ ਇਕ ਇਕ ਕਰਕੇ ਗਰਾਂ ਤੋਂ ਰੁਖਸਤ ਹੋਣ ਲੱਗੀਆਂ-ਉਸਦਾ ਬੁੱਢਾ ਬਾਪ, ਜਿਹੜਾ ਜਵਾਨੀ ਵਿਚ ਪਤਨੀ ਦੀ ਮੌਤ ਬਾਅਦ ਵੈਰਾਗੀ ਜਿਹਾ ਹੋ ਕੇ, ਉਪਰ ਵਾਲੇ ਨਾਲ ਲਿਵ ਜੋੜੀ, ਬਹੁਤਾ ਸਮਾਂ ਧਾਰਮਿਕ ਸਥਾਨ ਦੇ ਇਕ ਕੋਣੇ ਵਿਚ ਬੈਠਾ ਰਹਿੰਦਾ ਸੀ, ਲੋਕਾਂ ਦੇ ਕਹਿਣ-ਕਹਾਉਣ ਉਤੇ ਜਦੋਂ ਹੀ ਉਸ ਨੂੰ ਰੁਖਸਤ ਕਰਨ ਦਾ ਜ਼ਿਕਰ ਕਰਦਾ ਤਾਂ ਉਹ ਇਕੋ ਹੀ ਜ਼ਿੱਦ ਫੜਕੇ ਬੈਠ ਜਾਂਦੀ ਕਿ ਉਹ ਕਿਧਰੇ ਨਹੀਂ ਜਾਏਗੀ। ਗਰਾਂ ਦੇ ਕੁਝ ਦੂਸਰੇ ਬਜ਼ੁਰਗਾਂ ਨੇ ਵੀ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਐਸੀ ਜ਼ਿੱਦ ਫੜੀ ਕਿ ਕੋਈ ਕੁਝ ਵੀ ਨਾ ਕਰ ਸਕਿਆ। ਫਿਰ ਉਸ ਨੇ ਲੋਕਾਂ ਦੇ ਕੰਮ ਕਰਵਾਉਣ ਦੇ ਨਾਲ ਨਾਲ, ਉਨ੍ਹਾਂ ਨੂੰ ਪੁਰਾਤਨ ਗ੍ਰੰਥਾਂ ਵਿਚੋਂ ਪੜ੍ਹ ਪੜ੍ਹਕੇ ਵੀ ਸੁਣਾਉਣਾ ਸ਼ੁਰੂ ਕਰ ਦਿੱਤਾ—ਹੌਲੀ ਹੌਲੀ ਉਸਦੀ ਹੋਂਦ ਗਰਾਂ ਦੀ ਜ਼ਿੰਦਗੀ ਵਿਚ ਇਸ ਤਰ੍ਹਾਂ ਰਚ-ਮਿਚ ਗਈ ਕਿ ਉਸ ਨੂੰ ਉਥੋਂ ਰੁਖਸਤ ਕਰਨ ਦਾ ਖਿਆਲ ਹੀ ਸਭ ਨੂੰ ਵਿਸਰ ਗਿਆ। ਆਪਣੇ ਆਪ ਨੂੰ ਉਸਨੇ ਸਾਦ-ਮੁਰਾਦੇ ਕਪੜਿਆਂ ਵਿਚ ਇਸ ਤਰ੍ਹਾਂ ਲੁਕਾ ਲਿਆ ਕਿ ਜਦ ਉਹ ਉਮਰ ਆਈ ਜਿਸ ਬਾਰੇ ਕਦੀ ਅੰਦਾਜ਼ੇ ਸਨ ਕਿ ਉਸ ਉਮਰ ਵਿਚ ਉਸਦੀ ਚੜ੍ਹਤ ਆਸੇ ਪਾਸੇ ਦੇ ਇਲਾਕੇ ਵਿਚ ਧੁੰਮਾਂ ਪਾਏਗੀ, ਤਾਂ ਸਾਦ-ਮੁਰਾਦੇ ਕਪੜਿਆਂ ਦੇ ਪਹਿਰੇ ਵਿਚ ਕਿਸੇ ਨੇ ਉਸ ਉਮਰ ਦੇ ਆਉਣ ਨੂੰ ਗੌਲਿਆ ਹੀ ਨਾ—ਉਸ ਨੇ ਖੁਦ ਵੀ ਨਹੀਂ।

ਇਹ ਛਲੇਡੇ ਵਾਲਾ ਵਿਵਾਦ ਜਦ ਖੜ੍ਹਾ ਹੋਇਆ, ਉਦੋਂ ਉਹ ਆਪਣੀ ਜਵਾਨੀ ਦੇ ਆਖਰੀ ਵਰ੍ਹਿਆਂ ਵਿਚ ਸੀ। ਆਖਰੀ ਵਰ੍ਹੇ ਤਾਂ ਸਨ, ਪਰ ਜਵਾਨੀ ਜਾਂਦੇ ਹੋਏ, ਸਾਦ-ਮੁਰਾਦੇ ਕਪੜਿਆਂ ਦੇ ਪਹਿਰੇ ਦੇ ਬਾਵਜੂਦ ਵੇਖਣ ਵਾਲਿਆਂ ਉਤੇ ਜ਼ਾਹਿਰ ਹੋਣਾ ਚਾਹ ਰਹੀ ਸੀ।

ਹੋਇਆ ਇੰਜ ਕਿ ਇਕ ਸ਼ਾਮ ਉਹ ਲੱਕੜੀਆਂ ਇਕੱਠੀਆਂ ਕਰਕੇ ਤੁਰੀ ਆ ਰਹੀ ਸੀ ਤਾਂ ਬੋਹੜ ਹੇਠਾਂ ਬੈਠੀ ਪੰਦਰਾਂ-ਵੀਹ ਜਣਿਆਂ ਦੀ ਟੋਲੀ ਕੋਲੋਂ ਲੰਘੀ—ਉਹ ਟੋਲੀ ਛਲੇਡੇ ਬਾਰੇ ਗੱਲਾਂ ਕਰ ਰਹੀ ਸੀ। ਉਸੇ ਦੁਪਹਿਰ ਇਕ ਜਣੇ ਨੂੰ ਛਲੇਡਾ ਨਜ਼ਰ ਆਇਆ ਸੀ ਅਤੇ ਉਹ ਉਸ ਵੇਲੇ ਉਸ ਟੋਲੀ ਨੂੰ ਇਸ ਬਾਰੇ ਦੱਸਕੇ ਹਟਿਆ ਹੀ ਸੀ। ਟੋਲੀ ਦੇ ਸਾਰੇ ਜਣੇ ਉਸਦੀ ਗੱਲ ਸੁਣਨ ਤੋਂ ਬਾਅਦ, ਉਸ ਬਾਰੇ ਚਰਚਾ ਕਰਨ ਦੇ ਨਾਲ ਨਾਲ, ਆਪਣੇ ਆਪਣੇ ਅਨੁਭਵ ਵੀ ਫਿਰ ਤੋਂ ਦੁਹਰਾ ਰਹੇ ਸਨ।

ਉਨ੍ਹਾਂ ਨੇ ਆਪਣੇ ਕੋਲੋਂ ਇਕੱਲੀ ਨੂੰ ਚੁੱਪ-ਚਾਪ ਲੰਘਦੇ ਤੱਕਿਆ ਅਤੇ ਉਨ੍ਹਾਂ ਦੀ ਗੱਲਬਾਤ ਕੁਝ ਲੜਖੜਾ ਜਿਹਾ ਗਈ—ਉਹ ਰੁਕੀ ਹੀ ਨਹੀਂ ਸੀ—ਉਸ ਨੂੰ ਛਲੇਡੇ ਬਾਰੇ ਸੁਣਨ ਦੀ ਉਤਸੁਕਤਾ ਹੀ ਨਹੀਂ ਸੀ ਹੋਈ—ਉਹ ਸਾਰੇ ਜਣੇ ਆਪਣੀ ਆਪਣੀ ਥਾਂ ਕੁਝ ਕੁਝ ਬੇਚੈਨ ਵੀ ਹੋਏ—ਤਦੇ ਇਕ ਕਰੜ-ਬਰੜੀ ਦਾੜ੍ਹੀ ਵਾਲਾ ਬੋਲਿਆ :

"ਇਹ ਇਕੱਲੀ ਨੂੰ ਭਲਾ ਕਦੀ ਵੀ ਦੇਵਤਾ ਦਿਖਾਈ ਨਹੀਂ ਦਿੱਤਾ—ਏਨੇ ਵਰ੍ਹੇ ਹੋ ਗਏ ਇਸ ਨੂੰ ਗਰਾਂ ਵਿਚ ਰਹਿੰਦਿਆਂ ਅਤੇ ਗੁਲਾਬ ਦੇ ਬਗੀਚੇ ਕੋਲੋਂ ਵੀ ਅਕਸਰ ਲੰਘਦੀ ਹੈ—ਫਿਰ ?"

ਇਸ ਉਤੇ ਸਾਰੇ ਜਣੇ ਇਕਦਮ ਚੁੱਪ ਹੋ ਗਏ—ਥੋੜ੍ਹਾ ਜਿਹਾ ਘਬਰਾ ਵੀ ਗਏ। ਕੁਝ ਪਲ ਚੁੱਪ ਛਾਈ ਰਹੀ—ਫਿਰ ਇਕ ਜਣਾ ਇੰਜ ਬੋਲਿਆ, ਜਿਵੇਂ ਉਸ ਨੂੰ ਇਸ ਅਚਾਨਕ ਆ ਬਣੀ ਸਮੱਸਿਆ ਦਾ ਹੱਲ ਲੱਭ ਗਿਆ ਹੋਏ।

"ਕੀ ਪਤਾ ਇਕੱਲੀ ਨੂੰ ਵੀ ਕਦੀ ਉਹ ਨਜ਼ਰ ਆਇਆ ਹੀ ਹੋਏ ਪਰ ਉਸਨੇ ਇਸਦਾ ਜ਼ਿਕਰ ਹੀ ਨਾ ਕੀਤਾ ਹੋਏ।"

"ਹਾਂ ਹੋ ਸਕਦਾ ਏ—ਹਾਂ ਹੋ ਸਕਦਾ ਏ—" ਕਹਿਕੇ ਜਿਵੇਂ ਸਾਰਿਆਂ ਨੇ ਇਸ ਲੱਭ ਪਏ ਹੱਲ ਦੀ ਪੁਸ਼ਟੀ ਕੀਤੀ।

ਤਦੇ ਇਕ ਸਵਾਲ ਸਭ ਦੇ ਮਨਾਂ ਵਿਚ ਉਠ ਖੜਾ ਹੋਇਆ ਕਿ ਜੇਕਰ ਇਕੱਲੀ ਨੂੰ ਛਲੇਡਾ ਦਿਸਿਆ ਹੋਏਗਾ ਤਾਂ ਕਿਸ ਸ਼ਕਲ ਵਿਚ ਦਿਸਿਆ ਹੋਏਗਾ। ਪਰ ਇਸ ਬਾਰੇ ਬੋਲਕੇ ਕੋਈ ਵੀ ਇਸ ਸਮੱਸਿਆ ਨੂੰ ਤੂਲ ਦੇਣਾ ਨਹੀਂ ਸੀ ਚਾਹੁੰਦਾ—ਤਦ ਵੀ ਇਕ ਜਣਾ ਬੋਲ ਹੀ ਪਿਆ, ਜਿਵੇਂ ਸਾਰਿਆਂ ਵੱਲੋਂ ਬੋਲਿਆ ਹੋਏ :

"ਪਰ ਉਹ ਉਸਨੂੰ ਦਿਸਿਆ ਕਿਸ ਸ਼ਕਲ ਵਿਚ ਹੋਏਗਾ ?"

ਇਹ ਸਵਾਲ ਸਾਰੀ ਟੋਲੀ ਦਾ ਸੀ—ਪਰ ਇਸਦੇ ਪੁੱਛ ਲਏ ਜਾਣ ਉੱਤੇ ਸਾਰੀ ਟੋਲੀ ਸਕਪਕਾਈ—ਤਦੇ ਇਕ ਜਣੇ ਨੇ ਝੱਟ-ਪੱਟ ਇਹ ਕਹਿ ਕੇ ਗੱਲ ਮੁਕਾਈ ਕਿ ਇਸ ਬਾਰੇ ਕੋਈ ਦੂਸਰਾ ਕੀ ਕਹਿ ਸਕਦਾ ਹੈ—ਇਕੱਲੀ ਨੇ ਕਦੀ ਕਿਸੇ ਨਾਲ ਇਸ ਬਾਰੇ



ਜ਼ਿਕਰ ਕੀਤਾ ਹੋਏ ਤਾਂ ਉਹੀ ਕੁਝ ਦੱਸ ਸਕਦਾ ਹੈ। ਸਭ ਨੇ ਇਸ ਗੱਲ ਦੀ ਹਾਮੀ ਭਰੀ ਅਤੇ ਉਹ ਇਕੱਲੀ ਬਾਰੇ ਭੁੱਲਕੇ ਫਿਰ ਤੋਂ ਛਲੇਡੇ ਬਾਰੇ ਹੋਰ ਚਰਚਾ ਕਰਨ ਲੱਗੇ। ਉਨ੍ਹਾਂ ਨੇ ਖ਼ੁਦ ਵੀ ਗੌਰ ਨਾ ਕੀਤਾ, ਪਰ ਛੇਤੀ ਹੀ ਉਨ੍ਹਾਂ ਦੀ ਚਰਚਾ ਛਲੇਡੇ ਤੋਂ ਹੋਰਨਾਂ ਗੱਲਾਂ ਵੱਲ ਮੁੜ ਗਈ।

ਇਸ ਤੋਂ ਕੁਝ ਹੀ ਦਿਨਾਂ ਬਾਅਦ, ਇਕ ਸ਼ਾਮ, ਇਕ ਜਣਾ, ਪੰਸਾਰੀ ਦੀ ਹੱਟੀ ਉਤੇ ਖਲੋਕੇ, ਜਦ ਕਿ ਉਥੇ ਸੌਦਾ ਲੈਣ ਵਾਸਤੇ ਆਏ ਲੋਕ ਜਮ੍ਹਾਂ ਸਨ, ਕਹਿਣ ਲੱਗਾ, "ਸੁਣਿਆ ਕਿਸੇ ਨੇ—ਇਕੱਲੀ ਨੂੰ ਵੀ ਦੇਵਤਾ ਦਿਖਾਈ ਦਿੱਤਾ ਸੀ।"

ਪੰਸਾਰੀ ਦੀ ਹੱਟੀ ਉਤੇ ਖੜ੍ਹੇ ਸਾਰਿਆਂ ਦੇ ਚਿਹਰੇ ਉਸ ਹੱਟੇ-ਕੱਟੇ, ਤਿੱਖੀਆਂ ਮੁੱਛਾਂ ਵਾਲੇ ਵੱਲ ਮੁੜ ਗਏ।

ਇਹ ਤਿੱਖੀਆਂ ਮੁੱਛਾਂ ਵਾਲਾ ਉਸ ਦਿਨ ਬੋਹੜ ਹੇਠਾਂ ਬੈਠੀ ਟੋਲੀ ਵਿਚ ਸ਼ਾਮਿਲ ਸੀ, ਅਤੇ ਇਕੱਲੀ ਬਾਰੇ ਹੋਈ ਸਾਰੀ ਗੱਲਬਾਤ ਦੇ ਦੌਰਾਨ ਬਿਲਕੁਲ ਚੁੱਪ ਰਿਹਾ ਸੀ, ਪਰ ਉਹ ਹਰ ਗੱਲ ਨੂੰ ਗੌਰ ਨਾਲ ਸੁਣਦਾ ਰਿਹਾ ਸੀ ਅਤੇ ਸਾਰੀ ਟੋਲੀ ਦੇ ਹਾਵ-ਭਾਵ ਬੜੇ ਗੌਰ ਨਾਲ ਵੇਖਦਾ ਰਿਹਾ ਸੀ। ਇਕੱਲੀ ਤਾਂ ਉਂਜ ਵੀ ਕੁਝ ਚਿਰ ਤੋਂ ਉਸ ਵਾਸਤੇ ਇਕ ਉਤਸੁਕਤਾ ਭਰੀ ਦਿਲਚਸਪੀ ਦਾ ਕਾਰਣ ਬਣੀ ਹੋਈ ਸੀ। ਟੋਲੀ ਦੀ ਗੱਲਬਾਤ ਉਸ ਵਾਸਤੇ ਕੁਝ ਵਧੇਰੇ ਹੀ ਦਿਲਚਸਪੀ ਦਾ ਵਿਸ਼ਾ ਸੀ।

ਅਜੇ ਕੁਝ ਮਹੀਨੇ ਪਹਿਲਾਂ ਹੀ ਉਹ ਇਸ ਗਰਾਂ ਵਿਚ ਵਾਪਸ ਮੁੜਿਆ ਸੀ। ਮੱਸ ਫੁੱਟਣ ਤੋਂ ਪਹਿਲਾਂ ਹੀ ਗਰਾਂ ਵਿਚ ਆਏ ਸੌਦਾਗਰਾਂ ਨਾਲ, ਮਾਲਾ-ਮਾਲ ਹੋ ਕੇ ਮੁੜਣ ਦੀ ਇੱਛਾ ਅਤੇ ਆਸ ਵਿਚ ਨਿਕਲ ਤੁਰਿਆ ਸੀ। ਦੇਸ਼ ਵਿਦੇਸ਼ ਗਾਹ ਕੇ, ਰੰਗ ਰੰਗ ਦੀ ਦੁਨੀਆਂ ਵੇਖ ਕੇ, ਭਾਂਤ ਭਾਂਤ ਦੀਆਂ ਔਰਤਾਂ ਭੋਗਕੇ, ਤਰ੍ਹਾਂ ਤਰ੍ਹਾਂ ਦੇ ਪੇਸ਼ੇ ਅਪਨਾ ਕੇ ਅਤੇ ਬਹੁਤ ਤਾਂ ਨਹੀਂ ਪਰ ਕਾਫੀ ਮਾਲਾ-ਮਾਲ ਹੋ ਕੇ ਉਹ ਵਾਪਸ ਪਰਤ ਆਇਆ ਸੀ। ਹੁਣ ਉਹ ਭਰ ਜੁਆਨ ਸੀ—ਹੱਟਾ ਕੱਟਾ—ਤਿੱਖੀਆਂ ਮੁੱਛਾਂ—ਮਾਲਦਾਰ ਅਤੇ ਭਾਂਤ-ਸੁਭਾਂਤ ਦੇ ਤਜਰਬਿਆਂ ਨਾਲ ਭਰਪੂਰ...। ਗਰਾਂ ਵਾਲਿਆਂ ਉਤੇ ਉਸਦਾ ਅਜੀਬ ਰੁਹਬ ਸੀ। ਉਹ ਉਸ ਕੋਲੋਂ ਦੇਸ਼ ਵਿਦੇਸ਼ ਦੇ ਕਿੱਸੇ ਬੜੀ ਦਿਲਚਸਪੀ ਨਾਲ ਸੁਣਦੇ। ਉਸਦੀਆਂ ਗੱਲਾਂ ਉਨ੍ਹਾਂ ਨੂੰ ਇਕ ਅਜਿਹੀ ਦੁਨੀਆਂ ਨਾਲ ਜੋੜ ਦਿੰਦੀਆਂ ਸਨ ਜਿਥੇ ਨਾ ਉਹ ਕਦੀ ਗਏ ਸਨ—ਨਾ ਉਨ੍ਹਾਂ ਨੇ ਜਾਣਾ ਸੀ। ਉਸਦੇ ਰੁਹਬ ਹੇਠਾਂ ਉਹ ਉਸ ਵੱਲੋਂ ਆਪਣੀਆਂ ਗੱਲਾਂ ਵਿਚ ਰਲਾਏ ਗਏ ਮਿਰਚ-ਮਸਾਲੇ ਅਤੇ ਮਨੋ ਕਲਪਿਤ ਵਿਸਥਾਰ ਦਾ ਵੀ ਪੂਰਾ-ਪੂਰਾ ਯਕੀਨ ਕਰਦੇ।

ਗਰਾਂ ਵਾਪਸ ਮੁੜਨ ਤੋਂ ਛੇਤੀ ਹੀ ਬਾਅਦ ਉਸਦਾ ਸਰੀਰਕ ਸੰਬੰਧ ਗਰਾਂ ਦੀ 'ਭਾਬੀ' ਨਾਂ ਨਾਲ ਸੱਦੀ ਜਾਣ ਵਾਲੀ ਇਕ ਔਰਤ ਨਾਲ ਜੁੜ ਗਿਆ ਸੀ। ਕਿਉਂਕਿ ਉਹੀ ਉਸਨੂੰ ਸਭ ਤੋਂ ਛੇਤੀ ਹਾਸਲ ਕੀਤੀ ਜਾ ਸਕਣ ਵਾਲੀ ਅਤੇ ਆਸਾਨ ਲੱਗੀ ਸੀ।

ਤਦ ਇਕ ਦਿਨ ਉਸ ਨੇ ਲੱਕੜਾਂ ਚੁੱਕ ਕੇ ਤੁਰੀ ਆਉਂਦੀ ਇਕੱਲੀ ਨੂੰ ਵੇਖਿਆ ਸੀ ਤਾਂ ਉਸ ਦੀਆਂ ਤਜਰਬਾਕਾਰ ਅਤੇ ਪਾਰਦਰਸ਼ੀ ਅੱਖਾਂ ਉਸਦੇ ਸਾਦ-ਮੁਰਾਦੇ

ਕੱਪੜਿਆਂ ਦੇ ਆਰ-ਪਾਰ ਲੰਘ ਕੇ, ਉਸਦੇ ਜਿਸਮ ਉਤੇ ਜਾ ਟਿਕੀਆਂ ਸਨ। ਉਸਨੇ ਬਹੁਤ ਸਾਰੇ ਨੰਗੇ ਮਾਦਾ ਜਿਸਮ ਵੇਖੇ ਹੋਏ ਸਨ ਅਤੇ ਉਸ ਨੂੰ ਜਿਸਮਾਂ ਵਿਚ ਮੋਟੇ, ਪਤਲੇ, ਲੰਮੇ ਜਾਂ ਛੋਟੇ ਹੋਣ ਦੇ ਇਲਾਵਾ ਹੋਰ ਕੋਈ ਵੀ ਫਰਕ ਨਜ਼ਰ ਨਹੀਂ ਆਇਆ ਕਰਦਾ ਸੀ। ਇਕੱਲੀ ਦਾ ਜਿਸਮ ਦੂਸਰੇ ਕਿਸੇ ਵੀ ਮਾਦਾ ਜਿਸਮ ਵਰਗਾ ਹੀ ਤਾਂ ਹੈ, ਉਸ ਸੋਚਿਆ। ਜਦ ਉਸ ਦਾ ਜਿਸਮ ਦੂਸਰਿਆਂ ਵਰਗਾ ਹੀ ਹੈ ਤਾਂ ਫਿਰ ਉਹ ਅਲੱਗ ਕਿਵੇਂ ਹੈ ? ਇਕੱਲੀ ਕਿਉਂ ਹੈ ?

ਇਸ ਤੋਂ ਬਾਅਦ ਉਸ ਦੇ ਮਨ ਵਿਚ ਇਕੱਲੀ ਬਾਰੇ ਇਕ ਉਤਸੁਕਤਾ ਭਰੀ ਦਿਲਚਸਪੀ ਜਾਗ ਉੱਠੀ— ਫਿਰ ਅਚੇਤ ਮਨ ਵਿਚ ਉਸ ਵਾਸਤੇ ਖਾਹਿਸ਼ ਵੀ—ਪਰ ਉਸਦੇ ਅਚੇਤ ਅਤੇ ਸੁਚੇਤ ਮਨ ਦੋਹਾਂ ਨੂੰ ਪਤਾ ਸੀ ਕਿ ਇਕੱਲੀ ਨੂੰ ਹਾਸਲ ਕਰਨਾ ਆਸਾਨ ਨਹੀਂ ਸੀ। ਉਸ ਦੇ ਅਤੇ ਇਕੱਲੀ ਦੇ ਦਰਮਿਆਨ ਇਕ ਕਦੀ ਨਾ ਪਾਰ ਕੀਤਾ ਜਾ ਸਕਣ ਵਾਲਾ ਫਾਸਲਾ ਸੀ। ਇਹ ਫਾਸਲਾ ਕੀ ਹੈ ਅਤੇ ਕਿਉਂ ਹੈ, ਇਸ ਸੋਚ ਤੋਂ ਉਹ ਖਿਝ ਉੱਠਦਾ, ਝੁੰਜਲਾ ਜਾਂਦਾ। ਝੁੰਜਲਾਹਟ ਵਿਚ ਹੀ ਉਹ ਸੋਚਦਾ ਕਿ ਇਹ ਫ਼ਾਸਲਾ ਸ਼ਾਇਦ ਇਕੱਲੀ ਦੁਆਲੇ ਬੁਣੇ ਹੋਏ ਗਰਾਂ ਵਾਲਿਆਂ ਦੇ ਮਨੋ-ਕਲਪਿਤ ਤਾਣੇ-ਬਾਣੇ ਕਾਰਣ ਹੈ--ਅਤੇ ਖਿਝ ਵਿਚ ਹੀ ਉਹ ਸੋਚਦਾ ਕਿ ਇਕੱਲੀ ਨੂੰ ਤਾਂ ਭਾਵੇਂ ਉਹ ਨਾ ਹੀ ਹਾਸਲ ਕਰ ਸਕੇ ਪਰ ਉਸ ਦੁਆਲੇ ਬੁਣੇ ਹੋਏ ਗਰਾਂ ਵਾਲਿਆਂ ਦੇ ਮਨੋ-ਕਲਪਿਤ ਤਾਣੇ-ਬਾਣੇ ਨੂੰ ਤਾਂ ਉਹ ਜ਼ਰੂਰ ਤੋੜੇਗਾ ਹੀ—ਪਰ ਕਿਵੇਂ—ਉਸ ਨੂੰ ਸਮਝ ਨਾ ਲਗਦੀ।

ਕੁਝ ਦਿਨ ਪਹਿਲਾਂ ਬੋਹੜ ਹੇਠਾਂ ਹੋਈ ਟੋਲੀ ਦੀ ਗੱਲਬਾਤ ਦੌਰਾਨ ਉਹ ਬੇਸ਼ੱਕ ਬਿਲਕੁਲ ਚੁੱਪ ਰਿਹਾ ਸੀ ਪਰ ਉਹ ਗੱਲਬਾਤ ਅਤੇ ਉਸ ਗੱਲਬਾਤ ਦੌਰਾਨ ਟੋਲੀ ਦੇ ਹਾਵ-ਭਾਵ ਨੇ ਉਸ ਦੇ ਅੰਦਰ ਉਸਲਵੱਟੇ ਲੈ ਰਹੇ ਇਕ ਬੇਸ਼ਕਲ ਫੈਸਲੇ ਨੂੰ ਸ਼ਕਲ ਦੇਣੀ ਸ਼ੁਰੂ ਕਰ ਦਿੱਤੀ ਸੀ।

ਹੁਣ ਜਦ ਉਜਨੇ ਪੰਸਾਰੀ ਦੀ ਹੱਟੀ ਉਤੇ ਖੜ੍ਹੇ ਹੋ ਕੇ ਇਹ ਕਿਹਾ ਕਿ ਇਕੱਲੀ ਨੂੰ ਵੀ ਛਲੇਡਾ ਦਿਸਿਆ ਅਤੇ ਹੱਟੀ ਉਤੇ ਜਮ੍ਹਾਂ ਸਾਰਿਆਂ ਦੀਆਂ ਅੱਖਾਂ ਉਤਸੁਕਤਾ ਨਾਲ ਉਸ ਵੱਲ ਮੁੜ ਗਈਆਂ ਤਾਂ ਉਹ ਨਿਮ੍ਹਾਂ ਜਿਹਾ ਮੁਸਕਰਾਇਆ ਅਤੇ ਚੁੱਪ ਹੋ ਗਿਆ। ਕੁਝ ਚਿਰ ਸਾਰੇ ਉਡੀਕਦੇ ਰਹੇ ਕਿ ਉਹ ਆਪੇ ਹੀ ਸ਼ਾਇਦ ਅੱਗੋਂ ਦੱਸੇਗਾ ਕਿ ਇਕੱਲੀ ਨੂੰ ਛਲੇਡਾ ਕਿਸ ਰੂਪ ਵਿਚ ਦਿਸਿਆ ਸੀ ਪਰ ਉਹ ਚੁੱਪ ਹੀ ਰਿਹਾ। ਫਿਰ ਕਈਆਂ ਦੇ ਮੂੰਹੋਂ ਇਕੱਠਾ ਹੀ ਨਿਕਲਿਆ, "ਕਿਸ ਸ਼ਕਲ ਵਿਚ ਦਿਸਿਆ ਸੀ—ਕਿਸ ਸ਼ਕਲ ਵਿਚ ਦਿਸਿਆ ਸੀ ?" ਪਰ ਉਨ੍ਹਾਂ ਦੇ ਇਸ ਸਵਾਲ ਉਤੇ ਵੀ ਉਹ ਮੁਸਕਰਾਉਂਦਾ ਹੀ ਰਿਹਾ। ਲੋਕੀਂ ਹੋਰ ਵੀ ਉਤਸੁਕ ਹੋ ਉੱਠੇ ਅਤੇ ਮੁੜ-ਮੁੜ ਉਸਦੇ ਕੋਲੋਂ ਪੁੱਛਣ ਲੱਗੇ—ਅਖੀਰ ਉਹ ਬੋਲਿਆ, "ਮੈਂ ਕੀ ਦੱਸਾਂ—ਜੇ ਮੈਂ ਦੱਸਿਆ ਵੀ ਤਾਂ ਤੁਸੀਂ ਕਿਹੜਾ ਮੰਨਣਾ ?" ਏਨਾ ਕਹਿ ਕੇ ਉਹ ਉਥੋਂ ਤੁਰ ਹੀ ਪਿਆ। ਪਰ ਕੁਝ ਜਣੇ ਉਸਦੇ ਮਗਰ ਨੱਠੇ ਅਤੇ ਉਸ ਨੂੰ ਆਸਤੀਨ ਤੋਂ ਫੜ ਫੜ ਕੇ ਪੁੱਛਣ ਲੱਗੇ। ਅਖੀਰ ਉਹ ਕਹਿਣ ਲੱਗਾ ਕਿ ਸਾਰਿਆਂ ਨੂੰ ਨਹੀਂ ਦੱਸੇਗਾ ਸਿਰਫ 'ਭਾਬੀ' ਨੂੰ ਦੱਸੇਗਾ,



ਅੱਗੋਂ ਭਾਬੀ ਨੇ ਜੇਕਰ ਕਿਸੇ ਨੂੰ ਦੱਸਣਾ ਹੋਏ ਤਾਂ ਆਪੇ ਦੱਸ ਦੇਵੇ—ਨਾ ਦੱਸੇ ਤਾਂ ਉਸ ਦੀ ਜ਼ਿੰਮੇਵਾਰੀ ਨਹੀਂ ਹੋਏਗੀ। ਇਹ ਕਹਿ ਕੇ ਉਹ ਭਾਬੀ ਦੇ ਘਰ ਵੱਲ ਜਾਂਦੀ ਗਲੀ ਦਾ ਮੋੜ ਮੁੜ ਗਿਆ।

ਭਾਬੀ ਦੀਆਂ ਨਿੱਤ ਨਵੀਆਂ ਮੁਹੱਬਤਾਂ ਦੇ ਕਿੱਸੇ ਸਾਰੇ ਗਰਾਂ ਵਿਚ ਮਸ਼ਹੂਰ ਸਨ ਅਤੇ ਸਾਰਿਆਂ ਨੇ ਉਨ੍ਹਾਂ ਕਿੱਸਿਆਂ ਨੂੰ ਇਕ ਆਦਤ ਵਾਂਗ ਕਬੂਲ ਕੀਤਾ ਹੋਇਆ ਸੀ। ਉਸਦਾ ਪਤੀ ਉਦੋਂ ਜਿਉਂਦਾ ਹੀ ਸੀ ਜਦੋਂ ਕੁਝ ਕਿੱਸਿਆਂ ਦੀ ਨਿੰਮ੍ਹੀ-ਨਿੰਮ੍ਹੀ ਸੋਅ ਲੋਕਾਂ ਸੁਣੀ ਸੀ—ਉਸਦੀ ਮੌਤ ਤੋਂ ਬਾਅਦ ਤਾਂ ਉਹ ਸੋਅ ਨਿੰਮ੍ਹੀ ਨਾ ਰਹਿਕੇ, ਖੁਲ੍ਹੇ-ਆਮ ਹੁੰਦੀ ਚਰਚਾ ਬਣ ਗਈ ਸੀ। ਪਤੀ ਦੀ ਮੌਤ ਬਾਅਦ ਵੀ ਨਾ ਤਾਂ ਉਸ ਦੇ ਕੱਪੜਿਆਂ ਦੀ ਚਮਕ-ਦਮਕ ਘੱਟ ਹੋਈ ਸੀ, ਨਾ ਅੱਖਾਂ ਦੇ ਸੁਰਮੇ ਦੀਆਂ ਧਾਰੀਆਂ ਵਿਚ ਫਰਕ ਆਇਆ ਸੀ, ਨਾ ਹੀ ਹੋਠਾਂ ਦੀ ਸੁਰਖੀ ਅਤੇ ਗੱਲ੍ਹਾਂ ਦੀ ਗੁਲਾਲੀ ਗਾਇਬ ਹੋਈ ਸੀ। ਉਸਦੀ ਕੋਠੜੀ ਹਮੇਸ਼ਾਂ ਦਾਣਿਆਂ ਨਾਲ ਭਰੀ ਰਹਿੰਦੀ ਸੀ ਅਤੇ ਟਰੰਕ ਵਿਚ ਨੋਟਾਂ ਦੀਆਂ ਦੱਥੀਆਂ ਰੁਮਾਲਾਂ ਵਿਚ ਲਪੇਟੀਆਂ ਰੱਖੀਆਂ ਰਹਿੰਦੀਆਂ ਸਨ। ਗਰਾਂ ਵਿਚ ਜਦੋਂ ਹੀ ਕੋਈ ਮੁਹਤਬਰ ਬੰਦਾ ਜਾਂ ਸਰਕਾਰੀ ਅਫਸਰ ਆਉਂਦਾ ਤਾਂ ਉਸਦੇ ਘਰ ਵੀ ਜ਼ਰੂਰ ਠਹਿਰਦਾ ਸੀ। ਇਸ ਸਦਕਾ ਉਹ ਖੁਦ ਵੀ ਗਰਾਂ ਦੀ ਇਕ ਮੁਹਤਬਰ ਹਸਤੀ ਸਮਝੀ ਜਾਣ ਲੱਗੀ ਸੀ।

ਜਦ ਤਿੱਖੀਆਂ ਮੁੱਛਾਂ ਵਾਲਾ, ਭਾਬੀ ਦੇ ਘਰ ਵੱਲ ਜਾਂਦੀ ਗਲੀ ਦਾ ਮੋੜ ਮੁੜ ਗਿਆ ਤਾਂ ਉਸਦੇ ਮਗਰ ਆ ਰਹੇ ਬੰਦੇ ਮੋੜ ਤੋਂ ਉਰਾਂਹ ਹੀ ਠਹਿਰ ਗਏ। ਉਹ ਬੇਸ਼ੱਕ ਇਹ ਕਹਿ ਕੇ ਗਿਆ ਸੀ ਕਿ ਆਪਣੀ ਗੱਲ ਉਹ ਸਿਰਫ ਭਾਬੀ ਨੂੰ ਹੀ ਦੱਸੇਗਾ ਪਰ ਮੋੜ ਤੋਂ ਉਰਾਂਹ ਠਹਿਰੇ ਬੰਦਿਆਂ ਨੂੰ ਪਤਾ ਸੀ ਭਾਬੀ ਨੂੰ ਕੋਈ ਵੀ ਗੱਲ ਦੱਸਣ ਦਾ ਮਤਲਬ ਹੀ ਸੀ, ਸਾਰੇ ਗਰਾਂ ਨੂੰ ਸੁਣਾਉਣਾ।

ਇੰਜ ਹੀ ਹੋਇਆ। ਉਸ ਸ਼ਾਮ ਦੀ ਰਾਤ ਹੁੰਦਿਆਂ-ਹੁੰਦਿਆਂ ਤਕ ਸਾਰੇ ਗਰਾਂ ਵਿਚ ਇਹ ਗੱਲ ਧੁੰਮ ਗਈ ਕਿ ਇਕੱਲੀ ਨੂੰ ਛਲੇਡਾ, ਇਕ ਨੰਗੇ ਬੰਦੇ ਦੀ ਸ਼ਕਲ ਵਿਚ ਦਿਖਾਈ ਦਿੱਤਾ ਸੀ। ਜਿਸ ਕਿਸੇ ਨੇ ਵੀ ਸੁਣਿਆ ਹੈਰਾਨ ਹੋ ਗਿਆ।

ਕੁਝ ਦਿਨ ਤਾਂ ਲੋਕੀਂ ਖੁਸਰ-ਮੁਸਰ ਵਿਚ ਇਸ ਬਾਰੇ ਚਰਚਾ ਕਰਦੇ ਰਹੇ ਅਤੇ ਇਕੱਲੀ ਦੇ ਮੂੰਹ ਵੱਲ ਵੇਖਦੇ ਰਹੇ ਕਿ ਉਹ ਕੀ ਕਹਿੰਦੀ ਹੈ। ਪਰ ਉਸ ਨੇ ਤਾਂ ਕੁਝ ਸੁਣਿਆ ਹੀ ਨਹੀਂ ਸੀ, ਉਹ ਕੀ ਕਹਿੰਦੀ। ਤਦ ਲੋਕਾਂ ਨੇ ਉਸ ਦੀ ਚੁੱਪ ਦਾ ਮਤਲਬ, ਉਸ ਵੱਲੋਂ ਇਸ ਗੱਲ ਦੀ ਤਸਦੀਕ ਸਮਝ ਲਿਆ। ਇਕ ਦਿਨ ਦੋ ਚਾਰ ਜਵਾਨ ਔਰਤਾਂ ਇਕੱਠੀਆਂ ਹੋ ਕੇ ਉਸ ਨੂੰ ਇਹ ਪੁੱਛਣ ਆਈਆਂ ਕਿ ਉਹ ਨੰਗਾ ਆਦਮੀ ਦਿੱਸਦਾ ਕਿਸ ਵਰਗਾ ਸੀ, ਤਦ ਇਕੱਲੀ ਨੂੰ ਇਸ ਚਰਚਾ ਦਾ ਪਤਾ ਲੱਗਾ। ਉਹ ਔਰਤਾਂ ਜਿਹੜੀਆਂ ਇਹ ਕਨਸੋਅ ਲੈਣ ਗਈਆਂ ਸਨ ਕਿ ਨੰਗਾ ਆਦਮੀ ਕਿਸ ਵਰਗਾ ਦਿੱਸਦਾ ਸੀ, ਇਕੱਲੀ ਦਾ ਇਸ ਦਿਖਾਈ ਦੇਣ ਦੀ ਘਟਨਾ ਤੋਂ ਉੱਕਾ ਹੀ ਇਨਕਾਰ ਲੈ ਕੇ ਵਾਪਸ ਮੁੜੀਆਂ।

ਤਦ ਗਰਾਂ ਵਿਚ ਇਸ ਹੋਈ ਜਾਂ ਅਣਹੋਈ ਘਟਨਾ ਨੂੰ ਲੈ ਕੇ ਜ਼ੋਰਦਾਰ ਚਰਚਾ ਛਿੜ ਗਈ। ਇਸ ਰਾਏ ਨੂੰ ਲੈ ਕੇ ਲੋਕੀਂ ਦੋ ਧੜਿਆਂ ਵਿਚ ਵੰਡੇ ਗਏ ਕਿ ਇਕੱਲੀ ਨੂੰ ਛਲੇਡਾ ਦਿਸਿਆ ਸੀ ਕਿ ਨਹੀਂ। ਜਿਹੜੇ ਇਹ ਰਾਏ ਰੱਖਦੇ ਸਨ ਕਿ ਉਸ ਨੂੰ ਨਹੀਂ ਦਿਸਿਆ ਹੋਏਗਾ, ਉਹ ਆਪਣੀ ਰਾਏ ਦਾ ਆਧਾਰ ਸ਼ੁਰੂ ਤੋਂ ਇਕੱਲੀ ਦੀ ਵੇਖੀ ਸੁਣੀ ਸ਼ਖਸੀਅਤ ਉਤੇ ਬਣਾਉਂਦੇ ਸਨ। ਉਨ੍ਹਾਂ ਦੀ ਜਾਣਕਾਰੀ ਅਨੁਸਾਰ ਇਕੱਲੀ ਨੇ ਅੱਜ ਤਕ ਕਦੀ ਝੂਠ ਨਹੀਂ ਸੀ ਬੋਲਿਆ—ਫਿਰ ਜੇਕਰ ਉਹ ਕਹਿ ਰਹੀ ਸੀ ਕਿ ਉਸ ਨੂੰ ਨਹੀਂ ਦਿਸਿਆ ਤਾਂ ਸੱਚਮੁੱਚ ਹੀ ਉਸ ਨੂੰ ਨਹੀਂ ਦਿਸਿਆ ਹੋਏਗਾ। ਪਰ ਜਿਹੜੇ ਇਹ ਰਾਏ ਰੱਖਦੇ ਸਨ ਕਿ ਉਸ ਨੂੰ ਛਲੇਡਾ ਦਿਸਿਆ ਹੋਏਗਾ ਅਤੇ ਉਹ ਵੀ ਇਕ ਨੰਗੇ ਬੰਦੇ ਦੀ ਸ਼ਕਲ ਵਿਚ, ਉਨ੍ਹਾਂ ਦੀ ਰਾਏ ਦੇ ਪਿੱਛੇ ਇਹ ਵਿਸ਼ਵਾਸ ਕੰਮ ਕਰ ਰਿਹਾ ਸੀ ਕਿ ਕਿਸੇ ਵੀ ਇਕੱਲੀ ਔਰਤ ਨੂੰ ਇਸ ਸ਼ਕਲ ਵਿਚ ਛਲੇਡੇ ਦਾ ਦਿਸਣਾ ਬਹੁਤ ਸੁਭਾਵਕ ਅਤੇ ਕੁਦਰਤੀ ਗੱਲ ਹੈ—ਇਸ ਵਾਸਤੇ ਇਕੱਲੀ ਨੂੰ ਵੀ ਉਹ ਜ਼ਰੂਰ ਦਿਸਿਆ ਹੀ ਹੋਏਗਾ—ਉਹ ਇਕੱਲੀ ਜੁ ਸੀ ਅਤੇ ਫਿਰ ਵੇਲੇ ਸਿਰ ਉਹ ਗਰਾਂ ਵਿਚੋਂ ਰੁਖਸਤ ਵੀ ਤਾਂ ਨਹੀਂ ਸੀ ਹੋਈ।

ਪਰ ਇਕੱਲੀ ਆਪਣੇ ਇਨਕਾਰ ਉਤੇ ਅੜੀ ਹੋਈ ਸੀ। ਇਸ ਕਦਰ ਕਿ ਇਕ ਦਿਨ ਉਹ ਇਕੱਠ ਵਿਚ, ਆਮ ਵਾਂਗ ਪੁਰਾਤਨ ਗ੍ਰੰਥ ਵਿਚੋਂ ਪੜ੍ਹਨ ਵਾਸਤੇ ਖੜ੍ਹੀ ਹੋਈ ਤਾਂ ਉਸਨੇ ਪੜ੍ਹਨ ਤੋਂ ਬਾਅਦ ਆਪੇ ਹੀ ਇਸ ਗੱਲ ਦਾ ਜ਼ਿਕਰ ਛੋਹ ਦਿੱਤਾ ਅਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਗੱਲ ਦਾ ਖੰਡਨ ਵੀ ਕੀਤਾ।

ਇਸ ਖੰਡਨ ਤੋਂ ਬਾਅਦ ਇਸ ਹੋਈ ਜਾਂ ਅਣਹੋਈ ਘਟਨਾ ਦੀ ਚਰਚਾ ਗਰਾਂ ਵਿਚ ਹੋਰ ਵੀ ਜ਼ੋਰਾਂ ਨਾਲ ਹੋਣ ਲੱਗੀ। ਉਹ ਲੋਕੀਂ ਜਿਹੜੇ ਇਹ ਮੰਨਦੇ ਸਨ ਕਿ ਛਲੇਡਾ ਦਿਸਿਆ ਹੋਏਗਾ, ਇਕੱਲੀ ਦੀ ਥਾਂ ਤਿੱਖੀਆਂ ਮੁੱਛਾਂ ਵਾਲੇ ਕੋਲ ਅਤੇ ਭਾਬੀ ਕੋਲ ਇਹ ਵੇਰਵਾ ਲੈਣ ਜਾਣ ਲੱਗੇ ਕਿ ਛਲੇਡਾ ਜਿਸ ਨੰਗੇ ਬੰਦੇ ਦੀ ਸ਼ਕਲ ਵਿਚ ਦਿਸਿਆ ਸੀ ਉਸਦਾ ਡੀਲ-ਡੌਲ ਅਤੇ ਅੰਗ-ਲਿੰਗ ਕਿਹੋ ਜਿਹੇ ਸਨ —ਉਸਦਾ ਰੰਗ-ਰੂਪ ਕਿਹੋ ਜਿਹਾ ਸੀ। ਤਿੱਖੀਆਂ ਮੁੱਛਾਂ ਵਾਲਾ ਅਤੇ ਭਾਬੀ ਇਸ ਬਾਰੇ ਬਹੁਤ ਬਾਰੀਕ ਵਿਸਥਾਰ ਵਿਚ ਚਲੇ ਜਾਂਦੇ। ਤਿੱਖੀਆਂ ਮੁੱਛਾਂ ਵਾਲਾ ਨੰਗੇ ਬੰਦੇ ਦਾ ਰੰਗ-ਰੂਪ ਅਤੇ ਡੀਲ-ਡੌਲ ਬਿਆਨ ਕਰਨ ਦੇ ਨਾਲ ਇਹ ਵੀ ਦੱਸਦਾ ਕਿ ਉਹ ਬਾਗ ਵਿਚ ਗੁਲਾਬ ਦੇ ਕਿਹੜੇ ਬੂਟੇ ਕੋਲ ਖੜ੍ਹਾ ਸੀ। ਭਾਬੀ ਲੋਕਾਂ ਨੂੰ ਇਹ ਦੱਸਦੀ ਕਿ ਨੰਗਾ ਬੰਦਾ ਨਾ ਸਿਰਫ ਨੰਗਾ ਹੀ ਸੀ ਬਲਕਿ ਉਸ ਵੇਲੇ ਉਸਦਾ ਲਿੰਗ-ਅੰਗ ਉਤੇਜਨਾ ਨਾਲ ਆਕੜਿਆ ਹੋਇਆ ਵੀ ਸੀ। ਇਸ ਤੋਂ ਬਾਅਦ ਉਨ੍ਹਾਂ ਲੋਕਾਂ ਵਾਸਤੇ ਨਾ ਯਕੀਨ ਕਰਨ ਦੀ ਕੋਈ ਗੁੰਜਾਇਸ਼ ਹੀ ਨਾ ਰਹਿ ਜਾਂਦੀ ਜਿਹੜੇ ਪਹਿਲਾਂ ਹੀ ਛਲੇਡੇ ਦੇ ਦਿਖਾਈ ਦਿੱਤੇ ਇਸ ਰੂਪ ਵਿਚ ਯਕੀਨ ਕਰਦੇ ਸਨ।

ਪਰ ਜਿਹੜੇ ਇਕੱਲੀ ਦੇ ਇਨਕਾਰ ਉਤੇ ਯਕੀਨ ਕਰਦੇ ਸਨ ਉਹ ਇਸ ਤਰ੍ਹਾਂ ਦੀ ਬਿਆਨ ਬਾਜ਼ੀ ਤੋਂ ਉਦਾਸ ਹੋਣ ਲੱਗੇ। ਇਨ੍ਹਾਂ ਉਦਾਸ ਹੋਣ ਵਾਲਿਆਂ ਵਿਚ ਸਭ ਤੋਂ ਵੱਧ ਉਦਾਸ ਹੋਇਆ ਬੱਗੇ ਵਾਲਾਂ ਵਾਲਾ। ਗਰਾਂ ਵਿਚੋਂ ਇਕੱਲੀ ਦੇ ਰੁਖਸਤ



ਨਾ ਹੋਣ ਦੀ ਜ਼ਿਦ ਕਾਰਣ ਕੁਝ ਵੀ ਰਿਹਾ ਹੋਏ, ਪਰ ਬੱਗੇ ਵਾਲਾਂ ਵਾਲਾ ਅਤੇ ਉਸਦੇ ਨਾਲ ਉਦਾਸ ਹੋਣ ਵਾਲੇ ਦੂਸਰੇ ਇਹ ਸਮਝਦੇ ਸਨ ਕਿ ਗਰਾਂ ਨੂੰ ਇਕੱਲੀ ਦੀ ਇਸ ਜ਼ਿਦ ਬਦਲੇ ਉਸਦਾ ਦੇਣਦਾਰ ਸਮਝਿਆ ਜਾਣਾ ਚਾਹੀਦਾ ਹੈ। ਪਰ ਇਹ ਦੇਣਦਾਰ ਉਸ ਨੂੰ ਦੇ ਕੀ ਰਿਹਾ ਸੀ—! ਇਕ ਅਜਿਹੀ ਗੱਲ ਜ਼ਬਰਦਸਤੀ ਉਸ ਨਾਲ ਜੋੜ ਰਿਹਾ ਸੀ ਜਿਸ ਬਾਰੇ ਉਹ ਚੁੱਪ ਵੀ ਨਹੀਂ ਸੀ ਸਗੋਂ ਬਾਕਾਇਦਾ ਇਨਕਾਰ ਕਰ ਰਹੀ ਸੀ।

ਫਿਰ ਜਦ ਇਸ ਗੱਲ ਨੂੰ ਲੈ ਕੇ ਵਿਵਾਦ ਬਹੁਤ ਹੀ ਵਧ ਗਿਆ ਤਾਂ ਗਰਾਂ ਦੇ ਮੁਹਤਬਰਾਂ ਨੇ ਇਕ ਵੱਡਾ ਇਕੱਠ ਬੁਲਾਉਣ ਦਾ ਫੈਸਲਾ ਕੀਤਾ। ਜਿਸ ਦਿਨ ਇਕੱਠ ਬੁਲਾਇਆ ਜਾਣਾ ਸੀ, ਉਸ ਤੋਂ ਪਹਿਲੀ ਰਾਤ ਇਕੱਲੀ ਇਕ ਪਲ ਵੀ ਸੌਂ ਨਾ ਸਕੀ। ਉਹ ਸੋਚਦੀ ਸੀ ਕਿ ਕੱਲ ਇਕੱਠ ਵਿਚ ਛਲੇਡੇ ਦੇ ਦਿਖਾਈ ਦੇਣ ਬਾਰੇ ਉਸ ਵੱਲੋਂ ਤਸਦੀਕ ਜਾਂ ਇਨਕਾਰ ਦੀ ਮੰਗ ਕੀਤੀ ਜਾਏਗੀ। ਪਰ ਇਨਕਾਰ ਤਾਂ ਉਹ ਪਹਿਲਾਂ ਵੀ ਕਰ ਚੁੱਕੀ ਸੀ—ਹੁਣ ਵੀ ਉਸ ਨੂੰ ਅੰਦੇਸ਼ਾ ਸੀ ਕਿ ਜਿਹੜੇ ਇਸ ਗੱਲ ਵਿਚ ਯਕੀਨ ਕਰਨਾ ਚਾਹੁੰਦੇ ਹਨ ਉਹ ਉਸ ਦੇ ਇਨਕਾਰ ਦੇ ਬਾਵਜੂਦ ਵੀ ਉਸ ਦੇ ਇਨਕਾਰ ਉੱਤੇ ਵਿਸ਼ਵਾਸ ਨਹੀਂ ਕਰਨਗੇ। ਫਿਰ ਵੀ ਉਹ ਕੁਝ ਤਾਂ ਕਹੇਗੀ। ਕੀ ਕਹੇਗੀ, ਕਿਵੇਂ ਕਹੇਗੀ, ਉਹ ਰਾਤ ਉਸਦੀ ਉਨ੍ਹਾਂ ਕਹੇ ਜਾਣ ਵਾਲੇ ਸ਼ਬਦਾਂ ਦੀ ਤਿਆਰੀ ਵਿਚ ਹੀ ਬੀਤ ਗਈ।

ਅਗਲੇ ਦਿਨ ਇਕੱਠ ਵਿਚ ਗਰਾਂ ਦੇ ਲਗਪਗ ਸਾਰੇ ਹੀ ਵਾਸੀ ਸ਼ਾਮਿਲ ਹੋਏ। ਬਹੁਤ ਬਹਿਸ ਹੋਈ, ਬਹੁਤ ਰੌਲਾ ਪਿਆ। ਰੌਲੇ ਦੇ ਦੌਰਾਨ, ਬੱਗੇ ਵਾਲਾਂ ਵਾਲਾ ਕਈ ਵਾਰ ਉਠ ਕੇ ਖੜ੍ਹਾ ਹੋਇਆ—ਉਹ ਕਹਿਣਾ ਚਾਹੁੰਦਾ ਸੀ ਕਿ ਗਰਾਂ ਵਿਚ ਜਦ ਵੀ ਕਿਸੇ ਨੂੰ ਵੀ ਛਲੇਡਾ ਨਜ਼ਰ ਆਇਆ ਹੈ ਤਾਂ ਉਸਦਾ ਬਿਆਨ ਗਰਾਂ ਵਾਲਿਆਂ ਨੇ ਵੇਖਣ ਵਾਲੇ ਦੀ ਜ਼ਬਾਨੀ ਹੀ ਸੁਣਿਆ ਹੈ। ਫਿਰ ਇਕੱਲੀ ਨਾਲ ਹੀ ਛਲੇਡੇ ਦਾ ਉਹ ਰੂਪ ਕਿਉਂ ਸੰਬੰਧਿਤ ਕੀਤਾ ਜਾ ਰਿਹਾ ਹੈ ਜਿਸਦਾ ਬਿਆਨ ਉਸ ਨੇ ਖੁਦ ਨਹੀਂ ਕੀਤਾ, ਦੂਸਰਿਆਂ ਨੇ ਕੀਤਾ ਹੈ—? ਉਹ ਇਹ ਵੀ ਕਹਿਣਾ ਚਾਹੁੰਦਾ ਸੀ ਕਿ ਗਰਾਂ ਵਾਲੇ ਤਾਂ ਸ਼ੁਰੂ ਤੋਂ ਇਕੱਲੀ ਨੂੰ ਜਾਣਦੇ ਹਨ—ਫਿਰ ਉਹ ਕਿਵੇਂ ਯਕੀਨ ਕਰ ਸਕਦੇ ਹਨ ਕਿ ਇਕੱਲੀ ਨੂੰ ਛਲੇਡਾ ਇਕ ਅਜਿਹੇ ਰੂਪ ਵਿਚ ਨਜ਼ਰ ਆਇਆ ਹੋਏਗਾ ਜਿਸਦਾ ਬਿਆਨ ਭਾਬੀ ਵੀ ਕਰ ਸਕਦੀ ਹੈ!! ਜੇਕਰ ਉਹ ਨਜ਼ਰ ਆਇਆ ਹੁੰਦਾ ਤਾਂ ਯਕੀਨਨ ਕਿਸੇ ਅਜਿਹੇ ਰੂਪ ਵਿਚ ਨਜ਼ਰ ਆਉਂਦਾ ਜਿਸਦਾ ਬਿਆਨ ਸਿਰਫ ਇਕੱਲੀ ਹੀ ਕਰ ਸਕਦੀ—ਹੋਰ ਕੋਈ ਵੀ ਨਹੀਂ—ਅਤੇ ਭਾਬੀ ਜਾਂ ਤਿੱਖੀਆਂ ਮੁੱਛਾਂ ਵਾਲੇ ਦਾ ਤੱਸਵਰ ਤਾਂ ਉਸ ਦੇ ਨਜ਼ਦੀਕ ਵੀ ਪਹੁੰਚ ਨਾ ਸਕਦਾ—। ਪਰ ਬੱਗੇ ਵਾਲਾਂ ਵਾਲੇ ਨੂੰ ਕਿਸੇ ਨੇ ਵੀ ਇਹ ਸਭ ਕਹਿਣ ਨਾ ਦਿੱਤਾ—ਉਹ ਕਈ ਵਾਰ ਉੱਠ ਕੇ ਖੜ੍ਹਾ ਤਾਂ ਹੋਇਆ ਪਰ ਕਿਸੇ ਨੇ ਉਸ ਨੂੰ ਇਕ ਲਫਜ਼ ਵੀ ਬੋਲਣ ਨਾ ਦਿੱਤਾ—।

ਉਸ ਰੌਲੇ ਭਰੀ ਬਹਿਸ ਦੌਰਾਨ ਇਕੱਲੀ ਚੁੱਪ-ਚਾਪ ਬੈਠੀ ਸਭ ਦੇ ਮੂੰਹਾਂ ਵੱਲ ਵੇਖਦੀ ਰਹੀ। ਉਸ ਨੂੰ ਹੈਰਾਨੀ ਹੋਈ ਕਿ ਉਸ ਕੋਲੋਂ ਕਿਸੇ ਨੇ ਕੁਝ ਵੀ ਨਾ ਮੰਗਿਆ, ਨਾ ਤਸਦੀਕ ਨਾ ਇਨਕਾਰ—।

ਉਸ ਰੌਲੇ ਭਰੀ ਬਹਿਸ ਤੋਂ ਜਿਹੜੀ ਗੱਲ ਸਭ ਤੋਂ ਵੱਧ ਸਪਸ਼ਟ ਹੋ ਰਹੀ ਸੀ ਉਹ ਇਹ ਸੀ ਕਿ ਲੋਕੀਂ ਇਸ ਗੱਲ ਤੋਂ ਡਰੇ ਹੋਏ ਹਨ ਕਿ ਇਕੱਲੀ ਦਾ ਛਲੇਡੇ ਦੇ ਦਿਖਾਈ ਦੇਣ ਤੋਂ ਇਨਕਾਰ ਦਾ ਮਤਲਬ ਸ਼ਾਇਦ ਉਸਦੀ ਹੋਂਦ ਤੋਂ ਹੀ ਇਨਕਾਰ ਹੈ ਅਤੇ ਬੱਸ ਇਸੇ ਗੱਲ ਤੋਂ ਉਹ ਖੌਫਜ਼ਦਾ ਹੋ ਉੱਠੇ ਸਨ। ਛਲੇਡੇ ਦੀ ਹੋਂਦ ਨੂੰ ਅਜੇ ਤੱਕ ਕਿਸੇ ਨੇ ਚਣੌਤੀ ਨਹੀਂ ਸੀ ਦਿੱਤੀ—ਉਹ ਅੰਦਰ ਕਿਧਰੇ ਡਾਵਾਂਡੋਲ ਹੋ ਉੱਠੇ ਸਨ। ਇਸ ਵਾਸਤੇ ਬਹੁਗਿਣਤੀ ਇਹ ਮੰਨਣ ਲਈ ਤਿਆਰ ਹੀ ਨਾ ਹੋਈ ਕਿ ਉਸ ਇਕੱਲੀ ਨੂੰ ਉਹ ਨਹੀਂ ਦਿਸਿਆ ਹੋਏਗਾ। ਜੇਕਰ ਉਹ ਹੈ, ਅਤੇ ਦਿਸਦਾ ਹੈ ਤਾਂ ਫ਼ਿਰ ਕਿਸੇ ਇਕ ਨੂੰ ਨਾ ਦਿਸਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਅਤੇ ਜੇਕਰ ਉਹ ਦਿਸਿਆ ਹੀ ਹੈ ਤਾਂ ਯਕੀਨਨ ਉਸੇ ਸ਼ਕਲ ਵਿਚ ਦਿਸਿਆ ਹੋਏਗਾ ਜਿਸ ਤਰ੍ਹਾਂ ਭਾਬੀ ਬਿਆਨ ਕਰਦੀ ਹੈ।

ਉਸ ਇਕੱਠ ਦਾ ਨਤੀਜਾ ਇਹ ਨਿਕਲਿਆ ਕਿ ਖੌਫਜ਼ਦਾ ਬਹੁਗਿਣਤੀ ਨੇ ਏਨੀ ਉਚੀ ਆਵਾਜ਼ ਵਿਚ ਰੌਲਾ ਪਾਇਆ ਕਿ ਘੱਟ ਗਿਣਤੀ ਵੀ ਕੁਝ ਦੇਰ ਬਾਅਦ ਖੌਫਜ਼ਦਾ ਹੋ ਉੱਠੀ ਅਤੇ ਚੁੱਪ ਹੋ ਗਈ। ਹਨੇਰਾ ਹੁੰਦਿਆਂ ਹੁੰਦਿਆਂ ਸਾਰੇ ਲੋਕੀਂ ਆਪੋ ਆਪਣੇ ਘਰਾਂ ਨੂੰ ਚਲੇ ਗਏ। ਤਿੱਖੀਆਂ ਮੁੱਛਾਂ ਵਾਲਾ ਖੁਸ਼ ਸੀ—ਉਸ ਨੂੰ ਲੱਗ ਰਿਹਾ ਸੀ ਜਿਵੇਂ ਉਸ ਨੇ ਇਕੱਲੀ ਦੁਆਰਾ ਉਸ ਨੂੰ ਕੀਤੇ ਮਨੋ-ਕਲਪਿਤ ਇਨਕਾਰ ਦਾ ਬਦਲਾ ਲੈ ਲਿਆ ਹੋਏ।

ਇਸ ਵਿਵਾਦ ਤੋਂ ਬਾਅਦ ਕੁਝ ਚਿਰ ਤਕ ਤਾਂ ਉਹ ਛਲੇਡਾ ਕਿਸੇ ਨੂੰ ਵੀ ਨਾ ਦਿਸਿਆ ਪਰ ਫਿਰ ਕੁਝ ਚਿਰ ਪਿੱਛੋਂ ਉਹ ਦੁਬਾਰਾ ਗਰਾਂ ਦੇ ਲੋਕਾਂ ਨੂੰ ਗੁਲਾਬਾਂ ਦੇ ਉਸ ਬਾਗ ਵਿਚ ਨਜ਼ਰ ਆਉਣ ਲੱਗਾ। ਅਜੇ ਵੀ ਗਰਾਂ ਦੇ ਲੋਕਾਂ ਨੂੰ ਅਕਸਰ ਉਹ ਨਜ਼ਰ ਆਉਂਦਾ ਹੈ, ਵੱਖ ਵੱਖ ਸ਼ਕਲਾਂ ਵਿਚ—ਅਤੇ ਹੁਣ ਉਸ ਦੀ ਹੋਂਦ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ।

ਪਰ ਕੀ ਉਹ ਸੱਚਮੁੱਚ ਹੀ ਇਕੱਲੀ ਨੂੰ ਨਜ਼ਰ ਆਇਆ ਸੀ ਜਾਂ ਨਹੀਂ, ਇਸ ਬਾਰੇ ਕੋਈ ਵੀ ਨਹੀਂ ਜਾਣਦਾ। ਪਰ ਹੁਣ ਲੋਕੀਂ ਇਸ ਸ਼ੰਕੇ ਬਾਰੇ ਬਹੁਤਾ ਸੋਚਣਾ ਵੀ ਨਹੀਂ ਚਾਹੁੰਦੇ। ਇਸ ਸ਼ੰਕੇ ਨੂੰ ਆਪਣੇ ਮਨਾਂ ਵਿਚੋਂ ਮਨਫ਼ੀ ਕਰਨ ਵਾਸਤੇ ਉਨ੍ਹਾਂ ਨੇ ਇਕੱਲੀ ਨੂੰ ਹੀ ਆਪਣੀਆਂ ਜ਼ਿੰਦਗੀਆਂ ਵਿਚੋਂ ਮਨਫੀ ਕਰ ਦਿੱਤਾ ਹੋਇਆ ਹੈ। ਬਹੁਗਿਣਤੀ ਦੀ ਜਿੱਤ ਨੇ ਘੱਟ ਗਿਣਤੀ ਨੂੰ ਪਹਿਲਾਂ ਚੁੱਪ ਕਰਾਇਆ ਫਿਰ ਚੁੱਪਚਾਪ ਹੀ ਘੱਟ ਗਿਣਤੀ, ਬਹੁਗਿਣਤੀ ਦੀ ਰਾਇ ਵਿਚ ਸ਼ਾਮਿਲ ਹੋ ਗਈ। ਬੱਗੇ ਵਾਲਾਂ ਵਾਲੇ ਨੇ ਮੱਧਮ ਮੱਧਮ ਆਵਾਜ਼ ਵਿਚ ਉਹ ਸਭ ਕਹਿਣ ਦੀ ਦੋ ਚਾਰ ਵਾਰ ਕੋਸ਼ਿਸ਼ ਕੀਤੀ ਜੋ ਕੁਝ ਉਹ ਉਸ ਦਿਨ ਇਕੱਠ ਵਿਚ ਨਹੀਂ ਕਹਿ ਸਕਿਆ ਸੀ ਪਰ ਉਸ ਨੇ ਸੁਣਨ ਵਾਲਿਆਂ ਦੀਆਂ ਨਜ਼ਰਾਂ ਆਪਣੇ ਵੱਲ ਇੰਜ ਉੱਠਦੀਆਂ ਵੇਖੀਆਂ ਕਿ ਉਸ ਨੂੰ ਪਤਾ ਲੱਗ ਗਿਆ ਕਿ ਜੇਕਰ ਉਸ ਨੇ ਉਹ ਸਭ ਕਹਿਣਾ ਜਾਰੀ ਰੱਖਿਆ ਤਾਂ ਜਲਦੀ ਹੀ ਉਸ ਨੂੰ ਪਾਗਲ ਕਰਾਰ ਦੇ ਦਿੱਤਾ ਜਾਏਗਾ, ਤਾਂ ਉਹ ਵੀ ਚੁੱਪ ਕਰ ਗਿਆ—ਉਹ ਬਹੁ-ਗਿਣਤੀ ਦੀ ਰਾਏ ਵਿਚ ਸ਼ਾਮਲ ਤਾਂ ਨਾ ਹੋਇਆ, ਪਰ ਉਹ ਚੁੱਪ ਕਰ ਗਿਆ।

ਇਕੱਲੀ ਪਹਿਲਾਂ ਹੀ ਇਕੱਲੀ ਸੀ—ਇਸ ਤੋਂ ਬਾਅਦ ਹੋਰ ਵੀ ਇਕੱਲੀ ਹੋ ਗਈ।



ਪਹਿਲਾਂ ਉਸ ਨੂੰ ਇਕੱਲੀ ਹੋਣ ਦਾ ਅਹਿਸਾਸ ਨਹੀਂ ਸੀ—ਪਰ ਇਕੱਲੀ ਹੋਣ ਦਾ ਅਹਿਸਾਸ ਉਸ ਨੂੰ ਹੋਰ ਵੀ ਇਕੱਲਿਆਂ ਕਰ ਗਿਆ।

ਉਹ ਵੇਲੇ ਸਿਰ ਗਰਾਂ ਵਿਚੋਂ ਰੁਖਸਤ ਨਹੀਂ ਸੀ ਹੋਈ ਕਿਉਂਕਿ ਉਸ ਨੂੰ ਜਾਪਦਾ ਸੀ ਕਿ ਉਸ ਦੇ ਚਲੇ ਜਾਣ ਬਾਅਦ ਗਰਾਂ ਵਿਚ ਇਕ ਜਗ੍ਹਾ ਖਾਲੀ ਹੋ ਜਾਏਗੀ—ਜਿਵੇਂ ਉਸਦੀ ਗੈਰਹਾਜ਼ਰੀ ਨਾਲ ਗਰਾਂ ਦੇ ਲੋਕਾਂ ਦੀ ਜ਼ਿੰਦਗੀ ਵਿਚੋਂ ਕੁਝ ਮਨਫੀ ਹੋ ਜਾਏਗਾ। ਇਹ ਨਹੀਂ ਕਿ ਭਖਦੀ ਜਵਾਨੀ ਵੇਲੇ ਠੰਡੀਆਂ ਰਾਤਾਂ ਦੀ ਠੰਡਕ ਨੇ ਉਸ ਨੂੰ ਜਗਾਇਆ ਨਹੀਂ ਸੀ, ਪਰ ਜਾਗ ਕੇ ਉਹ ਦੂਸਰੇ ਠਿਠਰ ਰਹਿਆਂ ਵਾਸਤੇ ਕੁਝ ਕੱਤਣ ਲਗਦੀ ਸੀ, ਬੁਣਨ ਲਗਦੀ ਸੀ—ਬੁਖਾਰ ਨਾਲ ਤਪ ਰਹੇ ਮੱਥਿਆਂ ਉਤੇ ਠੰਡੇ ਪਾਣੀ ਦੀਆਂ ਪੱਟੀਆਂ ਰੱਖ ਰੱਖ ਕੇ ਉਹ ਆਪਣੇ ਅੰਗਾਂ ਵਿਚ ਜਾਗ ਉੱਠਦੀ ਤਪਸ਼ ਨੂੰ ਬੁਝਾਇਆ ਕਰਦੀ ਸੀ—ਕਮਜ਼ੋਰਾਂ ਵਾਸਤੇ ਪਾਣੀ ਢੋਅ ਢੋਅ ਕੇ ਉਸ ਨੇ ਆਪਣੀ ਪਿਆਸ ਨੂੰ ਵਰਚਾਈ ਰੱਖਿਆ ਸੀ...

ਹੁਣ ਉਸ ਨੂੰ ਜਾਪਿਆ ਉਹ ਗਰਾਂ ਵਿਚ ਰਹਿ ਕੇ ਵੀ ਗਰਾਂ ਤੋਂ ਰੁਖਸਤ ਹੋ ਗਈ ਸੀ—ਪਰ ਕਿਧਰੇ ਕੋਈ ਜਗ੍ਹਾ ਖਾਲੀ ਨਹੀਂ ਸੀ ਹੋਈ—ਉਹ ਸਭ ਵਿਚ ਰਹਿੰਦੀ ਹੋਈ ਵੀ ਸਭ ਵਿਚੋਂ ਗੈਰਹਾਜ਼ਰ ਹੋ ਗਈ ਸੀ, ਪਰ ਕਿਧਰੇ ਕੁਝ ਵੀ ਮਨਫੀ ਨਹੀਂ ਸੀ ਹੋਇਆ...

ਹੁਣ ਗਰਾਂ ਵਾਲੇ ਉਂਜ ਹੀ ਜਿਉਂ ਰਹੇ ਹਨ—ਉਸ ਤੋਂ ਬਿਨਾਂ ਵੀ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕੁਝ ਨਹੀਂ ਬਦਲਿਆ—ਬੋਹੜਾਂ ਹੇਠ ਟੋਲੀਆਂ ਅਜੇ ਵੀ ਬੈਠਦੀਆਂ ਹਨ—ਜਦ ਕਿਸੇ ਨੂੰ ਛਲੇਡਾ ਦਿਖਾਈ ਦਿੰਦਾ ਹੈ ਤਾਂ ਉਸ ਬਾਰੇ ਉਸੇ ਗਰਮਜੋਸ਼ੀ ਨਾਲ ਚਰਚਾ ਹੁੰਦੀ ਹੈ ਜਿਵੇਂ ਪਹਿਲਾਂ ਹੋਇਆ ਕਰਦੀ ਸੀ। ਉਨ੍ਹਾਂ ਦੇ ਵਿਚਕਾਰ ਹੀ ਕਿਧਰੇ ਇਕੱਲੀ ਵੀ ਜਿਊਈ ਜਾ ਰਹੀ ਹੈ—ਸਭ ਵਿਚ ਰਹਿਕੇ ਵੀ, ਸਭ ਵਿਚੋਂ ਗੈਰਹਾਜ਼ਰ—ਇਕੱਲੇ ਹੋਣ ਦੇ ਗੁਨਾਹ ਦੀ ਸਜ਼ਾ, ਇਕੱਲੇ ਰਹਿ ਕੇ ਭੁਗਤਦੀ ਹੋਈ...।

0

[7-ਸੀ, ਅਮਰੁਤ ਤਾਰਾ ਹਾਉਸਿੰਗ ਸੋਸਾਇਟੀ,
ਯਾਰੀ ਰੋਡ, ਬਰਸੋਵਾ-ਬੰਬਈ-400061]

ਅਸੀਂ ਵੀ ਤੇਰੀ ਭਗਤੀ 'ਚ ਸ਼ਾਮਲ ਹਾਂ ਐ ਦੇਸ਼ !
ਪਤਵੰਤੇ ਪ੍ਰਾਹੁਣੇ ਦੀ ਪ੍ਰਾਹੁਣਚਾਰੀ ਵਿਚ ਜਿਵੇਂ
ਸ਼ਾਮਲ ਹੋ ਜਾਂਦਾ ਹੈ ਪਰੋਸਿਆ ਹੋਇਆ ਮੁਰਗਾ
ਅਸੀਂ ਵੀ ਤੇਰੀ ਬੰਦਗੀ ਵਿਚ ਸ਼ਾਮਲ ਹਾਂ ਐ ਦੇਸ਼ !

ਮਹਾਨ ਦੇਸ਼ ! ਤੇਰੇ ਮਹਾਨ ਜਸ਼ਨਾਂ ਸਮੇਂ
ਫਿਰਕੂ ਫਸਾਦਾਂ ਵਿਚੋਂ ਹਾਸਲ ਕੀਤੇ
ਅਦਿਸਦੇ ਤਗਮਿਆਂ ਨਾਲ ਸੁਸ਼ੋਭਿਤ
ਅਗਲੀਆਂ ਕਤਾਰਾਂ ਵਿਚ ਬੈਠੇ ਹਨ ਅਸਲੀ 'ਦੇਸ਼ ਭਗਤ'
ਪਰ ਕੀ ਕਰੀਏ ?
ਸਾਡਾ ਤਾਂ ਗੋਤ ਨਹੀਂ ਹੈ 'ਭਗਤ'

ਮਹਾਨ ਦੇਸ਼ ! ਦੇਸ਼ ਭਗਤੀ ਤਾਂ ਨੰਬਰਦਾਰੀ ਵਾਂਗ
ਇਕ ਜੱਦੀ ਜਜ਼ਬਾ ਹੁੰਦੀ ਹੈ
ਜਿਹੜੀ ਪੁਲਸ ਹਿਰਾਸਤ ਵਿਚ
ਪੁਸ਼ਤ-ਦਰ-ਪੁਸ਼ਤ ਸੁਰੱਖਿਅਤ ਰਹਿੰਦੀ ਹੈ
ਪਰ ਕੀ ਕਰੀਏ ?
ਸਾਡਾ ਤਾਂ ਗੋਤ ਨਹੀਂ ਹੈ 'ਗਾਂਧੀ'

ਮਹਾਨ ਦੇਸ਼ ! ਟਰੈਕਟਰ ਤਾਂ ਜੱਟ ਦਾ ਹੀ ਹੁੰਦਾ ਹੈ
ਬੱਸ ਹੁਲਾਸ ਦੀ ਰੌਂ ਹੀ ਬੇਕਾਬੂ ਹੋ ਜਾਂਦੀ ਹੈ
ਕਿ ਇਸਨੂੰ ਚਲਾਉਂਦੇ ਸੀਰੀ ਦੀ
ਹਰ ਹਰਕਤ ਆਪ ਮੁਹਾਰੇ ਮੁਸਕਰਾਉਂਦੀ ਹੈ

ਮਹਾਨ ਦੇਸ਼ ! ਕੁਰਬਾਨੀ ਤਾਂ ਉਹੀ ਕਰੇ ਨਾ
ਜਿਸ ਕੋਲ ਕੁਰਬਾਨੀ ਲਈ ਕੁਝ ਹੋਵੇ
ਸਾਡੇ ਕੋਲ ਹੈ ਹੀ ਕੀ ?
ਪਰ ਫਿਰ ਵੀ ਬੰਦਗੀ ਤੇਰੀ ਦਾ ਵੇਗ ਹੀ ਐਸਾ ਹੈ ਕਿ—
ਸ਼ਰਾਬ ਦੇ ਠੇਕੇ ਦਾ ਕਰਿੰਦਾ ਵੀ ਤਾਂ ਮਰ ਮਿਟਦਾ ਹੈ
ਅਸੀਂ ਵੀ ਤੇਰੇ ਤੋਂ ਮਰ ਮਿਟ ਸਕਦੇ ਹਾਂ ਐ ਦੇਸ਼ !
ਅਸੀਂ ਵੀ ਤੇਰੀ ਬੰਦਗੀ ਵਿਚ ਸ਼ਾਮਲ ਹਾਂ ਐ ਦੇਸ਼ ! 0

'[ਪਿੰਡ ਤੇ ਡਾਕ: ਪੁੜੈਣ, ਜ਼ਿਲਾ ਲੁਧਿਆਣਾ]



# ਇਕ ਸ਼ਾਮ ਦਾ ਗੀਤ

ਮੁਸ਼ਤਾਕ ਸਿੰਘ

ਜਦੋਂ ਮੈਂ ਦਰਵਾਜ਼ਾ ਖੋਹਲਕੇ ਅੰਦਰ ਝਾਕਿਆ ਤਾਂ ਅਜੀਬ ਤਰ੍ਹਾਂ ਦੇ ਪੰਜ ਸੱਤ ਚਿਹਰਿਆਂ ਨੇ ਮੇਰੇ ਵੱਲ ਧੌਣਾਂ ਘੁਮਾ ਕੇ ਵੇਖਿਆ । ਕਾਲਿਜ ਦੇ ਕਲਰਕ ਨੇ ਮੈਨੂੰ ਕਮਰੇ ਦਾ ਨੰਬਰ ਤਾਂ ਠੀਕ ਹੀ ਦੱਸਿਆ ਸੀ, ਪਰ ਮੈਨੂੰ ਆਪ ਹੀ ਇਕ ਅਣਕਿਆਸਿਆ ਤੌਖਲਾ ਜਿਹਾ ਸੀ । ਮੈਨੂੰ ਯਾਦ ਆ ਰਿਹਾ ਸੀ ਕਿ ਪਹਿਲੇ ਦਿਨ ਕਾਲਿਜ ਦੇ ਮੁੰਡੇ ਕੁੜੀਆਂ ਨਾਲ ਕਿਸ ਕਿਸਮ ਦੇ ਮਜ਼ਾਕ ਕੀਤੇ ਜਾਂਦੇ ਹਨ । ਜਦੋਂ ਕਦੇ ਮੈਂ ਪਹਿਲੇ ਦਿਨ ਕਾਲਿਜ ਗਿਆ ਸਾਂ, ਉਹ ਤਾਂ ਪਤਾ ਨਹੀਂ ਕਿਨ੍ਹਾਂ ਜਨਮਾਂ ਦੀ ਗੱਲ ਲਗਦੀ ਹੈ । ਹੁਣ ਤਾਂ ਨਾ ਉਹ ਯਾਰ ਰਹੇ, ਨਾ ਉਹ ਮਜ਼ਾਕ ਰਹੇ ।

ਸਾਹਮਣੇ ਕੰਧ 'ਤੇ ਲਟਕ ਰਹੇ ਕਾਲੇ ਬੋਰਡ 'ਤੇ ਦੋ-ਚਾਰ ਰੂਸੀ ਭਾਸ਼ਾ ਦੇ ਸ਼ਬਦ ਲਿਖੇ ਵੇਖਕੇ ਮੈਨੂੰ ਹੌਸਲਾ ਹੋ ਗਿਆ, ਮੈਂ ਕਮਰਾ ਤਾਂ ਠੀਕ ਹੀ ਲੱਭ ਲਿਆ ਹੈ । ਮੈਂ ਹੈਲੋ, ਹੈਲੋ ਕਹਿਕੇ ਇਕ ਸਰਦਾਰ ਜੀ ਦੇ ਨਾਲ ਦੀ ਖਾਲੀ ਕੁਰਸੀ 'ਤੇ ਬਹਿ ਗਿਆ ।

ਨਾਂ ਥਾਂ ਪੁੱਛਣ ਤੋਂ ਬਾਅਦ ਉਸ ਸਰਦਾਰ ਨੇ ਮੇਰੇ ਸਿਰ 'ਤੇ ਪੱਗ ਬੰਨ੍ਹੀ ਵੇਖਕੇ ਕਿਹਾ; "ਵੇਖ ਸਰਦਾਰ ਜੀ ! ਇਹ ਰੂਸ ਵਾਲੇ ਬੜੇ ਖਤਰਨਾਕ ਨੇ । ਇਹਨਾਂ ਤੋਂ ਹੋਰ ਕੁਝ ਨਹੀਂ ਹੋਇਆ ਤਾਂ ਸਾਡਾ ਸ੍ਰੀ ਹਰਿਮੰਦਰ ਸਾਹਿਬ ਹੀ ਢੁਹਾ ਦਿੱਤਾ ਜੇ ! ਨਹੀਂ ਤਾਂ ਇੰਦਰਾ ਕੋਈ ਕਮਲੀ ਥੋੜ੍ਹੀ ਸੀ ਜੋ ਫੌਜੀ ਕਾਰਵਾਈ ਕਰਦੀ । ਇਹ ਤਾਂ ਸਾਰੀ ਸ਼ਰਾਰਤ ਰੂਸ ਨੇ ਕੀਤੀ ਹੈ ।"

ਮੈਂ ਹੱਕਾ-ਬੱਕਾ ਹੋਇਆ ਸਰਦਾਰ ਦੇ ਮੂੰਹ ਵੱਲ ਦੇਖੀ ਜਾਵਾਂ । ਜੀਭ ਮੇਰੇ ਤਾਲੂਏ ਨਾਲ ਜਾ ਲੱਗੀ । ਏਨੇ ਨੂੰ ਹੀ ਸਾਹਮਣੇ ਕੁਰਸੀ 'ਤੇ ਬੈਠੇ ਇਕ ਏਸ਼ੀਅਨ ਭਰਾ ਨੇ ਧੌਣ ਘੁਮਾ ਕੇ ਕਿਹਾ, "ਕਾਹਤੋਂ ਕੁਫਰ ਤੋਲਦੇ ਹੋ ਸਰਦਾਰ ਜੀ ? ਰੂਸ ਨੇ ਇਹ ਫਸਾਦ ਕਾਹਤੋਂ ਖੜ੍ਹਾ ਕਰਨਾ ਸੀ ? ਭਲਾ ਉਸਨੂੰ ਕੀ ਫਾਇਦਾ ਇਸ ਨਾਲ ?"

"ਤੁਸੀਂ ਨਹੀਂ ਜਾਣਦੇ ਜੀ ਲਾਹੌਰ ਵਾਲੇ । ਰੂਸੀ ਤਾਂ ਹਿੰਦੁਸਤਾਨ 'ਤੇ ਕਬਜ਼ਾ ਕਰਨਾ ਚਾਹੁੰਦੇ ਨੇ ।" ਸਰਦਾਰ ਜੀ ਨੇ ਤੜੱਕ ਦੇਣੀ ਗੱਲ ਕੱਢ ਮਾਰੀ ।

"ਓਏ ਸਰਦਾਰਾ ! ਕਾਹਤੋਂ ਭੋਲੀਆਂ ਗੱਲਾਂ ਕਰਦੈਂ ? ਅੱਲਾ ਦੀ ਸਹੁੰ, ਜੇ ਰੂਸ ਨੇ ਕਬਜ਼ਾ ਕਰਨਾ ਹੁੰਦਾ ਤਾਂ ਕਦੋਂ ਦਾ ਪਾਕਿਸਤਾਨ 'ਤੇ ਕਬਜ਼ਾ ਕਰ ਲੈਂਦਾ । ਅਸੀਂ ਤਾਂ ਚਾਲੀ ਸਾਲਾਂ ਤੋਂ ਉਹਨੂੰ ਹਾਕਾਂ ਮਾਰ ਰਹੇ ਹਾਂ ਕਿ ਸਾਡੀ ਜਾਨ ਛੁਡਾਵੇ ਇਹਨਾਂ ਫੌਜੀਆਂ ਦੇ ਹੱਥੋਂ । ਪਰ ਉਹ ਸੁਣਦਾ ਈ ਨਹੀਂ ।"

ਰੂਸੀ ਭਾਸ਼ਾ ਪੜ੍ਹਦੇ ਨੂੰ ਤਾਂ ਮੈਨੂੰ ਕਈ ਸਾਲ ਹੋ ਗਏ ਸਨ, ਪਰ ਅਜੇ ਤਾਈਂ ਮੈਂ ਪਹਿਲੀ ਜਮਾਤ ਵਿਚ ਹੀ ਬੈਠਾ ਸਾਂ, ਹੁਣ ਨੇੜੇ ਦੇ ਟੈਕਨੀਕਲ ਕਾਲਿਜ ਵਿਚ ਸ਼ਾਮ

ਦੀਆਂ ਜਮਾਤਾਂ ਸ਼ੁਰੂ ਹੋਈਆਂ ਤਾਂ ਮੈਂ ਵੀ ਆਪਣਾ ਨਾਮ ਲਿਖਵਾ ਦਿੱਤਾ। ਪਰ ਮੈਨੂੰ ਤਾਂ ਅੰਦਰ ਵੜਦੇ ਨੂੰ ਹੀ ਖਾਲਿਸਤਾਨ ਅਤੇ ਪਾਕਿਸਤਾਨ ਨੇ ਘੇਰ ਲਿਆ। ਚੰਗੇ ਭਾਗਾਂ ਨੂੰ ਸਾਹਮਣੇ ਬੈਠੇ ਇਕ ਮਾੜੂਏ ਜਿਹੇ ਗੋਰੇ ਨੇ, ਜਿਹੜਾ ਹੁਣ ਤਾਈਂ ਸਾਡੀਆਂ ਗੱਲਾਂ ਸੁਣ ਰਿਹਾ ਸੀ, ਮੂੰਹ 'ਚੋਂ ਸਿਗਰਟ ਦਾ ਧੂੰ ਉਡਾਉਂਦੇ ਨੇ ਕਿਹਾ, "ਬਈ ਤੁਸੀਂ ਏਸ਼ੀਅਨ ਲੋਕ ਅੰਗਰੇਜ਼ੀ 'ਚ ਕਿਉਂ ਨਹੀਂ ਗੱਲਾਂ ਕਰਦੇ? ਜਦੋਂ ਦੋ ਚਾਰ ਏਸ਼ੀਅਨ ਇਕੱਠੇ ਹੁੰਦੇ ਓ, ਆਪਣੀ ਜ਼ਬਾਨ 'ਚ ਹੀ ਰੌਲਾ ਪਾਉਣ ਲੱਗ ਜਾਂਦੇ ਓ। ਇਹ ਬੜੀ ਮਾੜੀ ਆਦਤ ਹੈ ਤੁਹਾਡੀ।"

ਮੋਟੇ ਸ਼ੀਸ਼ੇ ਦੀਆਂ ਐਨਕਾਂ ਹੇਠਾਂ ਇਸ ਗੋਰੇ ਦੀਆਂ ਅੱਖਾਂ ਵਿਚ ਇਕ ਉਦਾਸੀ ਦੀ ਝਲਕ ਵਿਖਾਈ ਦਿੰਦੀ ਸੀ। ਉਹਦੇ ਬੋਲਣ ਤੋਂ ਜਾਪਦਾ ਸੀ, ਬੰਦਾ ਸਾਡੀਆਂ ਗੱਲਾਂ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ।

"ਓ ਭਾਈ! ਅਜੇ ਅਸੀਂ ਆਪਣੇ ਸਿਰਾਂ ਵਿਚ ਹੀ ਸੁਆਹ ਪਾ ਰਹੇ ਹਾਂ। ਜਦੋਂ ਕੋਈ ਅਕਲ ਦੀ ਗੱਲ ਹੋਈ ਤਾਂ ਅੰਗਰੇਜ਼ੀ ਹੀ ਘੋਟਾਂਗੇ। ਤੂੰ ਫਿਕਰ ਨਾ ਕਰ, ਅਸੀਂ ਚਿੱਟਿਆਂ ਖਿਲਾਫ ਕੋਈ ਸਕੀਮ ਨਹੀਂ ਬਣਾ ਰਹੇ।" ਮੈਂ ਹੱਸਦੇ ਨੇ ਉਹਨੂੰ ਨਰਮ ਕਰਨ ਲਈ ਕਿਹਾ, ਤੇ ਅੱਗੋਂ ਗੱਲ ਮੋੜਦਿਆਂ ਕਿਹਾ,' 'ਬਈ ਤੂੰ ਜੇ ਬੁਰਾ ਨਾ ਮਨਾਵੇਂ ਤਾਂ ਇਕ ਗੱਲ ਪੁੱਛਾਂ? ਇਹ ਰੂਸੀ ਭਾਸ਼ਾ ਪੜ੍ਹਨ ਦਾ ਸ਼ੌਕ ਤੈਨੂੰ ਕਿਵੇਂ ਜਾਗਿਆ?"

ਉਹਨੇ ਮੇਰੇ ਨਾਲ ਹੱਥ ਮਿਲਾਉਂਦੇ ਨੇ ਕਿਹਾ, "ਮੈਂ ਚਾਰਲੀ ਹਾਂ। ਮੈਂ ਸੋਸ਼ਲ ਵਰਕਰ ਹਾਂ ਅਤੇ ਬਹੁਤ ਸਾਰੇ ਪੋਲਿਸ਼ ਅਤੇ ਦੂਜੇ ਆਵਾਸੀਆਂ ਵਿਚ ਕੰਮ ਕਰਦਾ ਹਾਂ। ਪਰ ਜਦੋਂ ਦੇ ਮੈਂ ਟੈਲੀ 'ਤੇ ਰੂਸ ਬਾਰੇ ਪ੍ਰੋਗਰਾਮ ਵੇਖੇ ਹਨ, ਮੈਨੂੰ ਰੂਸੀ ਭਾਸ਼ਾ ਪੜ੍ਹਨ ਦਾ ਸ਼ੌਕ ਜਾਗ ਪਿਆ ਹੈ। ਤੂੰ ਵੇਖੀ ਸੀ ਉਹ ਕੁੜੀ ਟੈਲੀ 'ਤੇ ਰੂਸੀ ਬੋਲਦੀ? ਜੇ ਉਹਦੇ ਜਿਹੀਆਂ ਕੁੜੀਆਂ ਹਿਟਲਰ ਦੇ ਸਾਹਮਣੇ ਖੜ੍ਹੀਆਂ ਕਰ ਦਿੰਦੇ ਤਾਂ ਨਾਜ਼ੀਆਂ ਨੇ ਓਦਾਂ ਹੀ ਬੰਦੂਕਾਂ ਸੁੱਟ ਕੇ ਭੱਜ ਜਾਣਾ ਸੀ।"

"ਚਾਰਲੀ! ਤੂੰ ਜਦ ਤਕ ਰੂਸੀ ਪੜ੍ਹਕੇ ਮਾਸਕੋ ਜਾਣੈ, ਉਦੋਂ ਤਕ ਉਸ ਕੁੜੀ ਨੇ ਨਾਨੀ ਬਣ ਗਈ ਹੋਣੈ। ਤੂੰ ਉਹਦੀ ਝਾਕ ਛੱਡਕੇ ਪਿਛਲੇ ਹਫਤੇ ਵਾਲਾ ਸਬਕ ਮਿਲਾ ਮੇਰੇ ਨਾਲ ਆਕੇ।"

"ਆਹੋ ਚਾਰਲੀ, ਸਿੰਗ ਸਾਂਗ ਨਾਲ ਕਾਂਟਾ ਜੋੜ। ਨਾਲੇ ਰੂਸੀ ਸਿਖ ਲਏਂਗਾ ਨਾਲੇ ਚੀਨੀ, ਕਿਉਂ ਸਿੰਗ?"

"ਨਹੀਂ ਫਾਦਰ ਮੈਥੀਊਜ਼, ਜੇ ਏਦਾਂ ਹੋ ਗਿਆ ਫੇਰ ਤਾਂ ਇਹਨੂੰ ਤੇਰੇ ਚਰਚ ਵਿਚ ਗੁਨਾਹ ਮੁਆਫ ਕਰਾਉਣੇ ਪੈਣਗੇ!"

ਫ਼ਾਦਰ ਮੈਥੀਊਜ਼? ਮੈਂ ਹੈਰਾਨ ਰਹਿ ਗਿਆ। ਬੜਾ ਰੋਹਬਦਾਰ ਚਿਹਰਾ। ਬੜੀ ਸ਼ਾਨਦਾਰ ਭਰਵੀਂ ਬਾਦਾਮ ਰੰਗੀ ਦਾੜ੍ਹੀ ਤੇ ਮੱਥੇ 'ਤੇ ਲਾਲੀ ਦਮਕ ਰਹੀ ਸੀ। ਉਹਦੀਆਂ ਮੁੱਛਾਂ ਹੇਠ ਲੁਕੀ ਮਿੰਨ੍ਹੀ ਮਿੰਨ੍ਹੀ ਮੁਸਕਾਣ ਵਿਚ ਬੜੀ ਕਸ਼ਿਸ਼ ਸੀ। ਮੈਂ ਉਤਸੁਕਤਾ ਵਿਚ ਪਿਆ ਸੋਚ ਰਿਹਾ ਸੀ; ਇਕ ਚਰਚ ਦਾ ਪਾਦਰੀ ਭਲਾ ਇਸ ਕਲਾਸ ਵਿਚ ਕੀ ਕਰ ਰਿਹਾ



ਸੀ? ਮੇਰੇ ਲਈ ਜ਼ਬਤ ਕਰਨਾ ਅਕੇਵਾਂ ਬਣਦਾ ਜਾ ਰਿਹਾ ਸੀ। "ਕਿਉਂ ਫਾਦਰ! ਤੂੰ ਰੂਸੀ ਕਾਹਦੇ ਲਈ ਪੜ੍ਹਨ ਲੱਗਾ ਹੈਂ? ਜੇ ਸਵਾਲ ਜ਼ਾਤੀ ਨਾ ਹੋਵੇ ਤਾਂ ਪੁੱਛ ਲਾਂ।"

"ਨਹੀਂ ਮਿਸਟਰ, ਇਹਦੇ ਵਿਚ ਜ਼ਾਤੀ ਕੀ ਸਵਾਲ ਹੋਣਾ ਹੈ? ਆਖਰ ਅਸੀਂ ਸਾਰੇ ਕਿਸੇ ਨਾ ਕਿਸੇ ਮਕਸਦ ਕਾਰਨ ਹੀ ਇਹ ਭਾਸ਼ਾ ਪੜ੍ਹਨ ਆਏ ਹਾਂ। ਮੈਂ ਤੇ ਹਰ ਥਾਂ ਮੁੜ ਮੁੜਕੇ ਏਹੀ ਪੜ੍ਹਦਾ ਆਇਆ ਹਾ ਕਿ ਇਕ ਚੰਗੇ ਕਮਿਊਨਿਸਟ ਅਤੇ ਇਕ ਚੰਗੇ ਧਾਰਮਿਕ ਬੰਦੇ ਵਿਚ ਕੋਈ ਫਰਕ ਨਹੀਂ ਹੁੰਦਾ। ਪਰ ਹਰ ਪਾਸੇ ਰੋਲ-ਘਚੋਲ ਪਿਆ ਹੋਇਆ ਹੈ ਕਿ ਕਮਿਊਨਿਜ਼ਮ ਧਰਮ ਨੂੰ ਮਲੀਆ-ਮੇਟ ਕਰ ਦਿੰਦਾ ਹੈ, ਬੰਦੇ, ਬੰਦੇ ਨਹੀਂ ਰਹਿੰਦੇ। ਛੋਟੀ ਜਿਹੀ ਗੱਲ ਹੈ। ਮੈਂ ਤੇ ਲੈਨਿਨ ਜਾਂ ਉਸ ਸਮੇਂ ਦੇ ਰਚੇ ਅਸਲੀ ਸਾਹਿਤ ਵਿਚੋਂ ਇਹ ਤਲਾਸ਼ ਕਰਨਾ ਚਾਹੁੰਦਾ ਹਾਂ ਕਿ ਸੱਚਾਈ ਕੀ ਹੈ? ਏਨਾ ਹੀ ਨਹੀਂ, ਮੈਂ ਆਪਣੀਆਂ ਅੱਖਾਂ ਨਾਲ ਰੂਸ ਦੇ ਲੋਕਾਂ ਨੂੰ ਵੇਖਣਾ ਅਤੇ ਮਿਲਣਾ ਚਾਹੁੰਦਾ ਹਾਂ। ਮੈਂ ਅੰਗਰੇਜ਼ੀ ਅਖਬਾਰਾਂ ਅਤੇ ਕਿਤਾਬਾਂ ਦੇ ਗਿਆਨ ਤੋਂ ਤੰਗ ਪੈ ਗਿਆ ਹਾਂ। ਮੇਰੀ ਆਤਮਾ ਵਿਚ ਸੌ ਕਿਸਮ ਦੇ ਸ਼ੰਕੇ ਪੈਦਾ ਹੋ ਗਏ ਹਨ। ਜੇ ਰੂਸ ਵਿਚ ਕਮਿਊਨਿਜ਼ਮ ਆਉਣ ਨਾਲ ਲੋਕੀ ਰੋਟੀ ਕਪੜਾ ਅਤੇ ਘਰਾਂ ਜੋਗੇ ਹੋ ਗਏ ਹਨ ਤੇ ਪਹਿਲਿਆਂ ਵਾਂਗ ਬੇਕਾਰ ਨਹੀਂ, ਭੁੱਖੇ ਨਹੀਂ ਮਰਦੇ, ਸਿਰ ਢਕਣ ਨੂੰ ਥਾਂ ਹੈ: ਹੋਰ ਤਾਂ ਹੋਰ, ਨਾਜ਼ੀਆਂ ਖਿਲਾਫ ਲੜਦੇ ਹੋਏ ਲੱਖਾਂ ਦੀ ਗਿਣਤੀ ਵਿਚ ਜਾਨਾਂ ਕੁਰਬਾਨ ਕਰ ਦਿੰਦੇ ਹਨ, ਤਾਂ ਜ਼ਰੂਰ ਕੋਈ ਨਾ ਕੋਈ ਭੇਦ ਵਾਲੀ ਗੱਲ ਹੈ ਜੋ ਸਾਡੀਆਂ ਅਖਬਾਰਾਂ ਅਤੇ ਕਿਤਾਬਾਂ ਵਾਲੇ ਸਾਨੂੰ ਨਹੀਂ ਦੱਸ ਰਹੇ। ਸਾਡੇ ਮੁਲਕ ਅਮੀਰ ਹਨ। ਪਰ ਲੋਕੀਂ ਭੁੱਖ, ਬੇਕਾਰੀ ਅਤੇ ਕੰਗਾਲੀ ਨਾਲ ਮਰੀ ਜਾਂਦੇ ਹਨ। ਏਨਾ ਹੀ ਨਹੀਂ ਗਰੀਬ ਮੁਲਕਾਂ ਨੂੰ ਧਰਮ ਦੇ ਨਾਂ 'ਤੇ ਜਾਂ ਆਜ਼ਾਦੀ ਦੇ ਬਹਾਨੇ ਮਾਰੂ ਹਥਿਆਰ ਵੇਚੀ ਜਾਂਦੇ ਹਨ ਅਤੇ ਲੱਖਾਂ ਕਰੋੜਾਂ ਲੋਕਾਂ ਨੂੰ ਭੁੱਖੇ ਮਾਰੀ ਜਾਂਦੇ ਹਨ। ਇਹ ਸਾਰਾ ਦਵੰਧ ਕੀ ਹੈ? ਕੁਝ ਸਮਝ ਨਹੀਂ ਆ ਰਿਹਾ। ਮੈਂ ਸੋਚਿਆ, ਚਲੋ ਇਸ ਪਾਸੇ ਹੀ ਚੱਲ ਕੇ ਵੇਖ ਲਾਂ।"

ਫ਼ਾਦਰ ਮੈਥੀਊਜ਼ ਦੇ ਬੋਲ ਸਾਰੇ ਕਮਰੇ ਵਿਚ ਘੰਟੀਆਂ ਵਾਂਗ ਖੜਕਾਟ ਕਰ ਗਏ। ਮੈਂ ਤਾਂ ਸਿਰਫ ਸ਼ੋਲੋਖੋਫ ਅਤੇ ਲੈਨਿਨ ਹੀ ਪੜ੍ਹਨ ਲਈ ਕਿਸੇ ਜ਼ਮਾਨੇ 'ਚ ਰੂਸੀ ਭਾਸ਼ਾ ਪੜ੍ਹਨੀ ਸ਼ੁਰੂ ਕੀਤੀ ਸੀ, ਪਰ ਅੱਜ ਪਤਾ ਲੱਗਾ ਦੁਨੀਆਂ ਤਾਂ ਪਰ੍ਹੇ ਤੋਂ ਪਰ੍ਹੇ ਪਈ ਹੈ। ਮੇਰੇ ਨਾਲ ਹੀ ਬੈਠੇ ਸਰਦਾਰ ਜੀ ਨੇ ਮੁੱਛਾਂ 'ਤੇ ਹੱਥ ਫੇਰਦਿਆਂ ਕਿਹਾ, "ਆਹੋ ਜੀ, ਤੁਸੀਂ ਸਾਡੇ ਰਣਜੀਤ ਸਿੰਘ ਦਾ ਰਾਜ ਨਹੀਂ ਵੇਖਿਆ। ਉਹਦੇ ਰਾਜ 'ਚ ਸ਼ੇਰ ਤੇ ਬੱਕਰੀ ਇਕੱਠੇ ਪਾਣੀ ਪੀਂਦੇ ਸੀ।"

ਪਰਲੇ ਸਿਰੇ 'ਤੇ ਇਕ ਏਸ਼ੀਅਨ ਇਸਤਰੀ ਬੈਠੀ ਸੀ ਜੋ ਹੁਣ ਤਾਈਂ ਸਿਰ ਸੁੱਟਕੇ ਆਪਣੇ ਸਾਹਮਣੇ ਰੱਖੇ ਪੈਡ 'ਤੇ ਰੂਸੀ ਭਾਸ਼ਾ ਦਾ ਸਬਕ ਲਿਖੀ ਜਾ ਰਹੀ ਸੀ। ਉਹਨੇ ਸਿਰ ਚੁੱਕ ਕੇ ਬੜੇ ਖਰ੍ਹਵੇ ਸੁਰ ਵਿਚ ਕਿਹਾ, "ਆਹੋ ਸਰਦਾਰ ਜੀ, ਤਦੇ ਤਾਂ ਉਹਦੇ ਦਰਬਾਰ ਵਿਚ ਕੰਜਰੀਆਂ ਦੇ ਨਾਚ ਕਰਵਾਏ ਜਾਂਦੇ ਸੀ ਤੇ ਦਰਜਨਾਂ ਵਿਆਹ ਕਰ ਲਏ ਜਾਂਦੇ ਸੀ। ਕੀ ਸੀ ਉਹਦਾ ਰਾਜ ਜਿਸਦੀਆਂ ਸਿਫਤਾਂ ਕਰਦੇ ਨਹੀਂ ਤੁਸੀਂ ਥੱਕਦੇ! ਉਹਨੇ ਲੋਕਾਂ ਲਈ ਕੀ ਕੀਤਾ? ਜੇ ਕੀਤਾ ਤਾਂ ਕੁਝ ਮਹੰਤਾਂ ਲਈ ਜ਼ਮੀਨਾਂ ਦਾਨ ਕਰ ਦਿੱਤੀਆਂ। ਬਹੁਤ ਕਬੂਤਰ ਮਾਰਿਆ ਤਾਂ ਕਿਸੇ ਧਾਰਮਿਕ ਸਥਾਨ 'ਤੇ ਸੋਨੇ ਦੇ ਪੱਤਰ ਚੜ੍ਹਾ

ਦਿੱਤੇ । ਕੁਝ ਉਹਨੇ ਗਰੀਬ ਗੁਰਬੇ ਲਈ ਵੀ ਕੰਮ ਕੀਤਾ ? ਕੋਈ ਸਰਾਂ ਬਣਵਾਈ, ਹਸਪਤਾਲ ਬਣਾਇਆ, ਕੋਈ ਸੜਕ ਬਣਵਾਈ, ਕੋਈ ਸਕੂਲ ਬਣਵਾਏ ? ਕੋਈ ਹੈ ਸ਼ੈਅ ਗੱਲ ਕਰਨ ਵਾਲੀ ? ਏਥੋਂ ਤੱਕ ਕਿ ਉਹਨੇ ਤਾਂ ਆਪਣੀ ਮਾਂ ਬੋਲੀ ਪੰਜਾਬੀ ਲਈ ਵੀ ਕੱਖ ਨਾ ਕੀਤਾ । ਸਰਕਾਰੀ ਜ਼ਬਾਨ ਫਾਰਸੀ ਰੱਖੀ, ਪੰਜਾਬੀ ਨਹੀਂ । ਤੇ ਕਿੱਸਿਆਂ ਵਾਲੇ ਉਹਦੀ ਸ਼ਾਨ 'ਚ ਬਹਿਜਾ, ਬਹਿਜਾ ਪੰਜਾਬੀ ਜ਼ਬਾਨ 'ਚ ਕਰਦੇ ਰਹੇ । ਜੇ ਉਹ ਉਦੋਂ ਰਾਜ ਦੀ ਜ਼ਬਾਨ ਪੰਜਾਬੀ ਕਰ ਦਿੰਦਾ ਤਾਂ ਸਾਰੇ ਕਜੀਏ ਮੁੱਕ ਜਾਣੇ ਸੀ । ਦੱਸੋ ਨਾ ਉਹਨੇ ਕੀਤਾ ਈ ਕੀ ਏ ? ਦੱਸੋ ਉਹਦੇ ਰਾਜ ਵਿਚ ਇਸਤਰੀਆਂ ਲਈ ਕੀ ਕੀਤਾ ਗਿਆ ?''

"ਸ਼ਾਬਾਸ਼ ਭੈਣਾਂ । ਨਹੀਂ ਰੀਸਾਂ ਤੇਰੀਆਂ ।'' ਮੇਰੇ ਸਾਹਮਣੇ ਬੈਠੇ ਪਾਕਿਸਤਾਨੀ ਭਾਈ ਨੇ ਜ਼ੋਰ ਦੀ ਨਾਹਰਾ ਲਾਇਆ । ਮੈਂ ਤਾਂ ਬੁਜ਼ਦਿਲੀ ਦਿਖਾਈ । ਦਿਲ 'ਚ ਹੀ ਕਹਿ ਕੇ ਬਹਿ ਗਿਆ : 'ਜੇ ਤੂੰ ਮੇਰੀ ਸਭਾ ਦੀ ਮੈਂਬਰ ਬਣ ਜਾਏਂ ਬੀਬੀ ਤਾਂ ਸਹੁੰ ਰੱਬ ਦੀ, ਸਾਰੇ ਸ਼ਹਿਰ ਵਿਚ ਬਹਿਜਾ ਬਹਿਜਾ ਹੋ ਜਾਵੇ ।' ਪਰ ਮੇਰੇ ਨਾਲ ਬੈਠਾ ਸਰਦਾਰ ਜ਼ਰੂਰ ਭਿੱਜੇ ਬਲੂੰਗੜੇ ਵਰਗਾ ਹੋ ਗਿਆ ।

"ਓ ਭੈਣੇ ਚਰਨਜੀਤ, ਮੈਂ ਤੈਨੂੰ ਪਿਛਲੇ ਹਫਤੇ ਵੀ ਕਿਹਾ ਸੀ, ਤੂੰ ਖੁਸ਼ ਰਿਹਾ ਕਰ । ਐਵੇਂ ਲੜਦੀ ਨਾ ਰਿਹਾ ਕਰ । ਚੰਗਾ !''

"ਮੈਂ ਲੜਦੀ ਨਹੀਂ ਭਰਾਵਾ । ਮੈਂ ਤਾਂ ਏਥੇ ਆਉਂਦੀ ਹਾਂ ਹਫਤੇ 'ਚ ਦੋ ਸ਼ਾਮਾਂ ਸ਼ਾਂਤੀ ਲਈ ਕਿ ਘਰ ਵਾਲੇ ਦੇ ਕਲੇਸ਼ ਤੋਂ ਜਾਨ ਛੁੱਟੇ । ਉਹ ਬੈਠਾ ਹੋਣੈ ਘਰ ਬੋਤਲ ਖੋਹਲੀ । ਹੋਰ ਪੜ੍ਹਨਾ ਪੜ੍ਹਾਉਣਾ ਕੀ ਹੈ ? ਉਹ ਤਾਂ ਐਵੇਂ ਬਹਾਨਾ ਈ ਹੈ । ਐਮ.ਏ. ਤਾਂ ਮਾਪਿਆਂ ਨੇ ਹੀ ਕਰਾ ਦਿੱਤੀ ਸੀ । ਤਾਹੀਂ ਤਾਂ ਉਹਨਾਂ ਜੱਦੀ ਹੱਕ ਸਮਝਕੇ ਪੱਲੇ ਪਾ ਦਿੱਤੀ ਇਕ ਮੈਟਰਿਕ ਫਿਹਲ ਵਲੈਤੀਏ ਦੇ । ਦੋ ਜੁਆਕ ਕਦੋਂ ਜੰਮ ਪਏ, ਪਤਾ ਈ ਨਾ ਲੱਗਾ । ਹੁਣ ਹੱਡ ਨਹੀਂ ਹੋਰ ਕੁਟਾ ਹੁੰਦੇ ਤਾਂ ਰੂਸੀ ਪੜ੍ਹਨ ਦੇ ਬਹਾਨੇ ਏਥੇ ਆ ਜਾਂਦੀ ਹਾਂ । ਏਥੇ ਤੇਰੇ ਜਿਹੇ ਸਰਦਾਰ ਨਹੀਂ ਦਿਮਾਗ ਟਿਕਾਣੇ ਰਹਿਣ ਦਿੰਦੇ । ਭਲਾ ਦੱਸ, ਤੂੰ ਪਹਿਲਾਂ ਕਹਿੰਦਾ ਸੀ ਬਈ ਰੂਸ ਨੇ ਹਰਿਮੰਦਰ ਸਾਹਿਬ ਢੇਰੀ ਕਰਾਤਾ । ਬਈ ਭਲੇ ਮਾਣਸਾ, ਕੋਈ ਤਾਂ ਅਕਲ ਤੋਂ ਕੰਮ ਲੈ । ਤੂੰ ਪੜ੍ਹਿਆ ਲਿਖਿਆ ਹੈਂ । ਤੂੰ ਕਿਸੇ ਦੇ ਚਪੇੜ ਮਾਰੀ, ਉਹਨੇ ਤੇਰੇ ਮੁੱਕਾ ਕੱਢ ਮਾਰਿਆ ਤੇ ਤੇਰਾ ਭੱਜ ਗਿਆ ਬੂਥਾ । ਦੱਸ ਇਸ ਵਿਚ ਰੂਸ ਕਿਥੋਂ ਆ ਗਿਆ ? ਤੂੰ ਇਲਜ਼ਾਮ ਦੇਈ ਜਾਂਦਾ ਹੈਂ ਰੂਸ ਨੂੰ । ਮੈਂ ਚੁੱਪ ਬੈਠੀ ਤੇਰੀਆਂ ਸੁਣੀ ਜਾਂਦੀ ਸਾਂ । ਨਹੀਂ ਰਹਿ ਹੋਇਆ ਤਾਂ ਬੋਲ ਪਈ ।''

"ਸ਼ਾਬਾਸ਼ ! ਕਾਮਰੇਡ ਚਰਨਜੀਤ ! ਸ਼ਾਬਾਸ਼ ! ਮੈਂ ਦੋ ਤਿੰਨ ਲੇਖ 'ਮਾਰਨਿੰਗ ਸਟਾਰ' ਵਿਚ ਪੜ੍ਹੇ ਹਨ । ਇਹ ਅਖੌਤੀ ਖਾਲਿਸਤਾਨੀ ਤਾਂ ਸਿਰਫ ਅਮਰੀਕੀ ਸਾਮਰਾਜੀਆਂ ਦੇ ਚਮਚੇ ਹਨ । ਇਹਨਾਂ ਨੇ ਪਾਕਿਸਤਾਨੀ ਫੌਜੀਆਂ ਨਾਲ ਮਿਲਕੇ ਪੰਜਾਬ ਦਾ ਸਤਿਆਨਾਸ ਕਰ ਦਿੱਤਾ ਹੈ । ਕਦੇ ਸਮਾਂ ਸੀ ਦੁਨੀਆਂ ਵਿਚ ਕਿਸੇ ਸਿੱਖ ਨੂੰ ਵੇਖਕੇ ਲੋਕੀਂ ਈਮਾਨਦਾਰੀ ਬਹਾਦਰੀ ਅਤੇ ਸੱਚ ਦੀ ਹਿਫਾਜ਼ਤ ਕਰਨ ਵਾਲਾ ਇਨਸਾਨ ਸਮਝਦੇ ਸਨ । ਹੁਣ ਇਹਨਾਂ ਮੁੱਠੀ ਭਰ ਸਿਰ ਫਿਰਿਆਂ ਕਰਕੇ ਸਾਰੀ ਦੁਨੀਆਂ ਵਿਚ ਬਦਨਾਮੀ ਹੋ ਗਈ ਹੈ । ਹਿੰਦੁਸਤਾਨ ਵਿਚ ਆ ਰਹੇ ਲੋਕਾਂ ਦੇ ਇਨਕਲਾਬ ਵਿਚ ਸਿਖਾਂ ਨੇ ਤਾਂ ਸਭ ਤੋਂ ਅਗਲੀ ਕਤਾਰ 'ਚ



ਹੋਣਾ ਹੈ । ਦੂਜੇ ਪਾਸੇ ਪਾਕਿਸਤਾਨ ਦੀ ਫੌਜੀ ਜੁੰਡਲੀ ਹੈ । ਉਹਨਾਂ ਨੂੰ ਡੁਗ-ਡੁਗੀ 'ਤੇ ਨੱਚਣ ਵਾਲੇ ਇਹ ਲੋਕ ਮਿਲ ਗਏ ਹਨ, ਜਿਨ੍ਹਾਂ ਨੇ ਹਿੰਦੁਸਤਾਨ ਦਾ ਨੁਕਸਾਨ ਤਾਂ ਕੀਤਾ ਈ ਹੈ, ਪਾਕਿਸਤਾਨ ਦੇ ਲੋਕਾਂ ਦੀਆਂ ਧੌਣਾਂ ਵਿਚ ਵੀ ਫੌਜੀ ਛੁਰਿਆਂ ਦੇ ਹਾਰ ਪਾ ਦਿੱਤੇ ਹਨ । ਨਹੀਂ ਤਾਂ ਹੁਣ ਤੱਕ ਪਾਕਿਸਤਾਨੀ ਲੋਕਾਂ ਨੇ ਫ਼ੌਜੀ ਜੁੰਡਲੀ ਦਾ ਸਫਾਇਆ ਕਰ ਦੇਣਾ ਸੀ । ਇਹਨਾਂ ਸਿਰ ਫਿਰਿਆਂ ਨੇ ਲੋਕਾਂ ਦੀ ਲਹਿਰ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ, ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ।''

ਸ਼ਾਇਦ ਇਹ ਗੋਰਾ ਪੁਰਾਣਾ ਕਮਿਊਨਿਸਟ ਸੀ ਜਿਸ ਨੂੰ ਹਿੰਦੁਸਤਾਨ ਵਿਚ ਚੱਲ ਰਹੀਆਂ ਲਹਿਰਾਂ ਦੇ ਪਿਛੋਕੜ ਬਾਰੇ ਗਿਆਨ ਸੀ । ਪਰ ਵੇਖਣ ਵਾਲੀ ਗੱਲ ਇਹ ਸੀ ਕਿ ਨੁਕਰ 'ਚ ਬੈਠੇ ਦੋ ਚਾਰ ਮੁੰਡੇ ਕੁੜੀਆਂ ਇਸ ਸਾਰੀ ਗੱਲ ਬਾਤ ਤੋਂ ਅਭਿੱਜ ਬੈਠੇ ਸਨ । ਸ਼ਾਇਦ ਉਹਨਾਂ ਨੇ ਕਾਲਿਜ ਦੇ ਜ਼ਮਾਨੇ ਰੂਸੀ ਭਾਸ਼ਾ ਦਾ ਚਰਚਾ ਸੁਣਿਆ ਹੋਵੇ ਜਾਂ ਹੋ ਸਕਦੈ ਸਕੂਲ 'ਚ ਪੜ੍ਹੀ ਹੋਵੇ ਤੇ ਹੁਣ ਨੌਕਰੀ ਵਿਚ ਤਰੱਕੀ ਮਿਲਣ ਦੀ ਆਸ 'ਤੇ ਦੁਬਾਰਾ ਪੜ੍ਹਨ ਆ ਗਏ ਹੋਣ । ਉਹਨਾਂ ਨੂੰ ਇਸ ਤੋਂ ਵੱਧ ਹੋਰ ਕੋਈ ਦਿਲਚਸਪੀ ਨਹੀਂ ਸੀ ।

ਏਸੇ ਵੇਲੇ ਪਿਛਲੇ ਦਰਵਾਜ਼ੇ ਰਾਹੀਂ ਕਾਲਿਜ ਦੇ ਇਕ ਕਲਰਕ ਨੇ ਆ ਕੇ ਕਿਹਾ : "ਮੁਆਫ ਕਰਨਾ ਅੱਜ ਤੁਹਾਡੀ ਕਲਾਸ ਨਹੀਂ ਲੱਗੇਗੀ, ਤੁਸੀਂ ਸਾਰੇ ਹੁਣ ਜਾਓ । ਕਿਉਂ ਕਿ ਪ੍ਰੋਫੈਸਰ ਸਮਿੱਥ ਨੂੰ ਹਸਪਤਾਲ ਲੈ ਜਾਣਾ ਪੈ ਗਿਆ ਹੈ । ਉਹਨਾਂ ਦਾ ਮੋਟਰ ਸਾਈਕਲ 'ਤੇ ਹਾਦਸਾ ਹੋ ਗਿਆ ਸੀ । ਦੋ ਚਾਰ ਸਕਿੱਨ ਹੈਡ ਮੁੰਡਿਆਂ ਨੇ ਉਹਨਾਂ 'ਤੇ ਹਮਲਾ ਕਰ ਦਿੱਤਾ ਸੀ ਤੇ ਕੋਮੀ (ਕਮਿਊਨਿਸਟ) ਕੋਮੀ ਕਹਿ ਕੇ ਉਹਨਾਂ ਨੂੰ ਬਹੁਤ ਸੱਟਾਂ ਮਾਰੀਆਂ ਹਨ, ਤੁਸੀਂ ਹੁਣ ਘਰ ਜਾਓ । ਅਗਲੇ ਹਫਤੇ ਦੀ ਕਲਾਸ, ਉਮੀਦ ਹੈ, ਲੱਗੇਗੀ ।''

ਫਾਦਰ ਮੈਥੀਊਜ਼ 'ਜੀਸਸ ਕਰਾਈਸਟ', 'ਜੀਸਸ ਕਰਾਈਸਟ' ਕਹਿੰਦਾ ਉੱਠ ਕੇ ਖੜ੍ਹਾ ਹੋ ਗਿਆ । ਬਾਕੀ ਸਾਰੇ ਖਾਮੋਸ਼ ਸਨ ਤੇ ਮੈਂ ਸੋਚ ਰਿਹਾ ਸਾਂ : ਮੈਂ ਅੱਜ ਦੀ ਸ਼ਾਮ ਕੀ ਪੜ੍ਹਾਈ ਕੀਤੀ ਹੈ ?

0

[25, Findhorn Avenue, Hayes, Middex, U.K.]

## ਦੋ ਨਜ਼ਮਾਂ/ਬਲਬੀਰ ਪਰਵਾਨਾ

### ਦਿਸਹੱਦਿਆਂ ਤੋਂ ਪਾਰ

ਜ਼ਖਮ ਭਰਨ ਲਈ
ਕੁਝ ਤਾਂ ਸਮਾਂ ਚਾਹੀਦਾ ਹੈ

ਸਾਉਣ ਦੀ ਰੁੱਤ 'ਚ,
ਬਰਸਾਤੀ ਖੱਡਾਂ ਵੀ ਸੁੱਕਦੀਆਂ ਹਨ

ਕੰਢੇ ਤੋੜਦਾ ਪਾਣੀ, ਲਹਿਰਾਂ, ਘੁੰਮਣਘੇਰੀਆਂ
ਪਰ ਹੜ ਲੰਘ ਜਾਣ ਤੋਂ ਬਾਅਦ
ਪਿੱਛੇ ਬਚ ਜਾਂਦੇ ਹਨ ਸਿਰਫ ਪੱਥਰ, ਰੇਤ
ਜਾਂ ਕੁਝ ਉਜੜੇ ਅਹਿਸਾਸ

ਰਾਹਾਂ 'ਤੇ ਕੁਝ ਤਾਂ ਵਾਪਰਦਾ ਹੀ ਹੈ
ਹੁਸੀਨ, ਧੜਕਦਾ , ਤੇ ਜਾਂ ਫਿਰ ਉਦਾਸ
ਔਝੜਾਂ 'ਚ ਪੈੜਾਂ ਉਲੀਕਣੀਆਂ, ਅਜਨਬੀ ਜਹੇ ਤੁਰਨਾ,
ਜਾ ਇਕੱਲਤਾ ਦਾ ਸੰਤਾਪ
ਇਹ ਕੋਈ ਸੌਖਾ ਨਹੀਂ ਹੁੰਦਾ
ਪਰ ਮਨ ਜਦੋਂ ਪ੍ਰੇਤ-ਸ਼ਕਤੀ ਦੇ ਵੱਸ ਪਿਆ ਹੋਵੇ
—ਕੁਝ ਨਾ ਕੁਝ ਕਰਨ ਦਾ ਜਨੂੰਨ—
ਪੈਰਾਂ ਦੇ ਛਾਲੇ, ਥਕਾਵਟ ਦੀਆਂ ਚੀਸਾਂ
ਜਾਂ ਉਨੀਂਦਰਾ ਰੋਕ ਨਹੀਂ ਬਣ ਸਕਦੇ
ਅਗੇਰੇ ਹੋਰ ਅਗੇਰੇ
ਦਿਸਹੱਦਿਆਂ ਤੋਂ ਪਰੇ ਵੀ ਕੁਝ ਧੜਕਦਾ ਹੁੰਦਾ ਹੈ।

## ਸਪਨੇ

ਸੁਪਨੇ ਵੀ ਕੇਡੇ ਢੀਠ ਹੁੰਦੇ ਨੇ
ਕਿ ਵਰਜਿਤ ਦਾਇਰਿਆਂ ਤੋਂ ਬੇਪਰਵਾਹ ਹੋ, ਜੀਊਣਾ ਲੋਚਦੇ
ਵਹਿੰਦੇ ਹੋਏ ਪਾਣੀ ਦੀ ਰਵਾਨੀ ਵਾਂਗ
ਜਾਂ ਜੀਕੂੰ ਸਰੂਵਾਂ ਤੋਂ ਲੰਘ ਕੇ ਆਈ ਹਵਾ
ਮਹਿਕੀ ਮਹਿਕੀ ਹੁੰਦੀ ਹੈ ਫੱਗਣ ਦੀ ਰੁੱਤੇ
ਪਲਕਾਂ 'ਚ ਤੈਰਦੇ ਪਲ ਖੁਦ ਇਕ ਇਤਿਹਾਸ ਵੀ ਹੁੰਦੇ ਹਨ
ਤੇ ਇਤਿਹਾਸ ਦੇ ਸਿਰਜਕ ਵੀ

ਘਰ, ਪਿੰਡ, ਗਲੀਆਂ, ਰਾਹ
ਪਰ ਧੜਕਦੇ ਹਨ, ਸਿਰਫ ਚਿਹਰਿਆਂ ਨਾਲ
ਮਨੁੱਖ ਦੀ ਹੋਂਦ, ਮੂਲ ਹੈ ਇਸ ਧਰਤੀ 'ਤੇ ਹਰ ਖੂਬਸੂਰਤੀ ਦੀ
ਤੇ ਸੁਪਨੇ, ਸਾਰੀ ਦੀ ਸਾਰੀ ਸਿਰਜਣਾ ਦੇ

0

[ਪਿੰਡ ਤੇ ਡਾਕਘਰ ਚਨੌਰ, ਜ਼ਿਲ੍ਹਾ : ਹੁਸ਼ਿਆਰਪੁਰ-144305]



# ਆਤੰਕ

ਸੁਖਵਿੰਦਰ ਸਿੰਘ ਸੇਖੋਂ

ਪਿਛਲੇ ਤਿੰਨ ਦਿਨਾਂ ਤੋਂ ਉਹਦਾ ਹਰ ਪਲ ਮੌਤ ਦੇ ਪਰਛਾਵੇਂ ਹੇਠ ਗੁਜ਼ਰ ਰਿਹਾ ਸੀ। ਹਰ ਘੜੀ ਉਹ ਸੋਚ ਰਿਹਾ ਸੀ ਕਿ ਉਸ ਅਜਿਹਾ ਕਿਉਂ ਕੀਤਾ ? ਉਹਦੇ ਬਾਕੀ ਦੇ ਸਾਥੀ ਵੀ ਤਾਂ ਖਾਮੋਸ਼ ਹੀ ਰਹੇ ਸਨ ? ਫੇਰ ਉਹਨੂੰ ਜ਼ੁਬਾਨ ਖੋਹਲਣ ਦੀ ਭਲਾ ਕੀ ਲੋੜ ਪੈ ਗਈ ਸੀ ? ਸ਼ਬਦਾਂ ਦੀ ਜ਼ੁਬਾਨ ਹੀ ਨਹੀਂ, ਉਹਨੇ ਤਾਂ ਘਸੁੰਨ ਮੁੱਕੀ ਤੇ ਥਪੇੜਿਆ ਦੀ ਜ਼ੁਬਾਨ ਤੋਂ ਵੀ ਕੰਮ ਲਿਆ ਸੀ। ਜਦੋਂ ਕਿ ਉਹਦੇ ਨਾਲ ਆ ਰਹੇ ਪੰਜ-ਛੇ ਹੋਰ ਸਾਥੀ ਕੁਝ ਵੀ ਨਹੀਂ ਸਨ ਬੋਲੇ। ਬਲਕਿ ਉਹਨਾਂ ਨੇ ਓਸ ਗੁੰਡੇ ਨੂੰ ਪ੍ਰਕਾਸ਼ ਚੰਦ ਤੋਂ ਛੁਡਾਉਣ ਲਈ ਹੀ ਯਤਨ ਕੀਤੇ ਸਨ।

ਫੇਰ ਉਸਨੂੰ ਕੀ ਲੋੜ ਪਈ ਸੀ, ਜੋ ਉਸ ਨੇ ਬਿੱਲਾ ਨਾਉਂ ਦੇ ਗੁੰਡੇ ਤੇ ਉਹਦੇ ਨਾਲ ਦੇ ਸਾਥੀ ਨੂੰ ਗਾਹਲਾਂ ਕੱਢੀਆਂ ਤੇ ਕੁੱਟਿਆ ਮਾਰਿਆ ?

ਇਹੋ ਸੋਚ ਸੋਚ ਕੇ ਉਹ ਰਕਤਹੀਣ ਹੁੰਦਾ ਜਾ ਰਿਹਾ ਸੀ। ਅਧ ਮੋਇਆ। ਕਿ ਉਹਨੇ ਅਜਿਹਾ ਕਿਉਂ ਕੀਤਾ ? ਕੀ ਉਹਦੀ ਕੁਲੀਗ ਲੜਕੀ ਉਹਦੀ ਆਪਣੀ ਬੇਟੀ ਸੀ ? ਉਹਦੀ ਭੈਣ ਸੀ ਜਾਂ ਉਹਦੀ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ? ਨਾ ਬੇਟੀ, ਨਾ ਭੈਣ, ਨਾ ਮਾਂ, ਨਾ ਬੀਵੀ...ਫੇਰ ? ਫੇਰ ਭਲਾ ਉਸ ਅਜਿਹਾ ਕਿਉਂ ਕੀਤਾ ? ਜਦੋਂ ਕਿ ਦੂਜੇ ਸਾਥੀ ਵੀ ਤਾਂ ਉਹਦੇ ਕੁਲੀਗ ਸਨ ?

ਗੱਲ ਇਉਂ ਹੋਈ, ਜਦੋਂ ਚੌਥੇ ਸ਼ਾਮ ਨੂੰ ਪੰਜ ਵਜੇ ਦਫਤਰੋਂ ਛੁੱਟੀ ਹੋਣ ਤੋਂ ਬਾਅਦ ਪ੍ਰਕਾਸ਼ ਚੰਦ, ਉਹਦੇ ਪੰਜ ਛੇ ਸਾਥੀ ਤੇ ਉਹਨਾਂ ਦੀ ਕੁਲੀਗ ਉਹ ਲੜਕੀ ਮਾਲ ਰੋਡ 'ਤੇ ਪੈਦਲ ਹੀ ਸਾਈਕਲਾਂ ਨੂੰ ਰੁੜ੍ਹਾਕੇ ਲਿਆਉਂਦੇ ਹੋਏ, ਗੱਪ-ਸ਼ੱਪ ਮਾਰਦੇ ਘਰਾਂ ਨੂੰ ਵਾਪਿਸ ਪਰਤ ਰਹੇ ਸਨ, ਤਾਂ ਦੋ ਸਕੂਟਰ ਸਵਾਰਾਂ ਨੇ ਉਹਨਾਂ ਦੀ ਮੌਜੂਦਗੀ ਵਿਚ ਉਹਨਾਂ ਦੇ ਦਫਤਰ ਦੀ ਕੁੜੀ ਗੁਰਜੀਤ ਕੌਰ ਨੂੰ ਗੰਦੇ ਰੀਮਾਰਕਸ ਦਿੱਤੇ। ਕੋਈ ਵੀ ਕੁਝ ਨਹੀਂ ਸੀ ਬੋਲਿਆ। ਥੋੜ੍ਹੀ ਦੂਰੀ 'ਤੇ ਜਾ ਕੇ ਉਹਨਾਂ ਫੇਰ ਸਕੂਟਰ ਰੋਕ ਲਿਆ ਸੀ ਤੇ ਫੇਰ ਕਮੈਂਟਸ ਦਿੱਤੇ ਸਨ। ਫੇਰ ਵੀ ਕੋਈ ਕੁਝ ਨਹੀਂ ਸੀ ਬੋਲਿਆ। ਬਾਬੂ ਪ੍ਰਕਾਸ਼ ਚੰਦ ਨੇ ਗੁਰਜੀਤ ਕੌਰ ਨੂੰ ਪੁੱਛਿਆ ਸੀ ਕਿ ਕੀ ਉਹ ਸਕੂਟਰ ਸਵਾਰਾਂ ਨੂੰ ਜਾਣਦੀ ਹੈ, ਤਾਂ ਕੁੜੀ ਦਾ ਜਵਾਬ ਸਿੱਧਾ 'ਨਾਂਹ' ਵਿਚ ਸੀ। ਸਾਰੇ ਜਣਿਆਂ 'ਚ ਇਕ ਸਹਿਮ ਛਾ ਗਿਆ ਕਿ ਇਹਨਾਂ ਗੁੰਡੇ ਨੁਮਾ ਲੋਕਾਂ ਦਾ ਕੀ ਪਤਾ, ਕੀ ਕਰ ਗੁਜ਼ਰਣ ? ਕਿਉਂਕਿ ਗੁਰਚਰਨ ਸਿੰਘ ਤੇ ਰਾਮ ਪ੍ਰਤਾਪ ਨੇ ਕਿਹਾ ਵੀ ਸੀ ਕਿ ਉਹ ਇਹਨਾਂ ਗੁੰਡਿਆਂ ਨੂੰ ਜਾਣਦੇ ਹਨ। ਖਾਸ ਕਰ ਬਿੱਲੇ ਨੂੰ, ਜੋ ਕਾਲਿਜ 'ਚੋਂ ਗੁੰਡਾਗਰਦੀ ਕਾਰਨ ਕੱਢਿਆ ਗਿਆ ਵਿਦਿਆਰਥੀ ਹੈ ਤੇ ਉਹਦਾ ਬਾਪ ਸ਼ਹਿਰ ਦਾ ਨਾਮੀ ਵਕੀਲ ਹੈ ਤੇ ਉਹਦੇ ਕਈ ਸਮੱਗਲਰਾਂ ਤੇ ਬਦਮਾਸ਼ਾਂ ਨਾਲ

ਸੰਬੰਧ ਹਨ। ਉਹਦਾ ਪੁੱਤਰ ਬਿੱਲਾ ਵੀ ਨਸ਼ੀਲੇ ਪਦਾਰਥਾਂ ਤੇ ਹੋਰ ਕਈ ਗੁੰਡਾਗਰਦੀ ਦੇ ਕੇਸਾਂ ਵਿਚ ਜੇਲ੍ਹ ਯਾਤਰਾ ਕਰ ਆਇਆ ਹੈ।

ਬੱਸ ਇਸੇ ਲਈ ਸਭ ਜਣਿਆਂ ਨੇ ਖਾਮੋਸ਼ ਰਹਿਣਾ ਹੀ ਉਚਿਤ ਸਮਝਿਆ ਸੀ। ਏਥੋਂ ਤੱਕ ਕਿ ਗੁਰਜੀਤ ਨੇ ਵੀ ਆਖ ਦਿੱਤਾ ਸੀ ਕਿ ਅਜਿਹੇ ਅਵਾਰਾ ਕਿਸਮ ਦੇ ਗੁੰਡੇ ਲੋਕਾਂ ਨੂੰ ਮੂੰਹ ਲਾਉਣਾ ਠੀਕ ਨਹੀਂ ਹੁੰਦਾ। ਪਤਾ ਨਹੀਂ ਇਹ ਲੋਕ ਕੀ ਕਾਰਾ ਕਰ ਬੈਠਣ? ਇਹੋ ਵਜ੍ਹਾ ਸੀ ਕਿ ਮਾਲ ਰੋਡ ਤੋਂ ਮੁੜਕੇ ਮੇਨ ਚੌਂਕ 'ਚ ਪਹੁੰਚਣ ਵੇਲੇ ਤੱਕ ਉਹ ਸਾਰੇ ਡਰਦੇ ਤੇ ਸਹਿਮਦੇ ਹੋਏ ਆਪੋ ਆਪਣਾ ਰਸਤਾ ਨਾਪਣ ਲੱਗੇ ਸਨ। ਪ੍ਰਕਾਸ਼ ਚੰਦ ਤੇ ਉਹਦੇ ਸਾਥੀਆਂ ਨੇ ਪਹਿਲੋਂ ਗੁਰਜੀਤ ਨੂੰ ਸਾਈਕਲ 'ਤੇ ਚੜ੍ਹ ਜਾਣ ਤੇ ਸਿੱਧਾ ਘਰ ਪਹੁੰਚਣ ਲਈ ਹਦਾਇਤ ਕੀਤੀ ਸੀ। ਪਰੰਤੂ ਜਦੋਂ ਉਹ ਸਾਈਕਲ ਚੜ੍ਹਨ ਹੀ ਲੱਗੀ ਸੀ ਤਾਂ ਬਿੱਲੇ ਹੋਰਾਂ ਨੇ ਫੇਰ ਆਪਣਾ ਸਕੂਟਰ ਗੁਰਜੀਤ ਦੇ ਸਾਈਕਲ ਮੂਹਰੇ ਲਿਆ ਖੜ੍ਹਾ ਕੀਤਾ ਸੀ। ਫੇਰ ਬਿੱਲੇ ਨੇ ਭੱਦੀ ਜਿਹੀ ਹਰਕਤ ਕਰਦਿਆਂ ਉਹਨੂੰ ਅੱਖ ਮਾਰੀ ਸੀ: "ਕੀ ਗੱਲ ਨਰਾਜਗੀ ਐ ਕੋਈ ਬਾਦਸ਼ਾਹੋ। ਆਓ ਲੈ ਚੱਲੀਏ ਸੁਹਣਿਓ।" ਆਖ ਉਹਨੇ ਗੁਰਜੀਤ ਦੀ ਬਾਂਹ ਵੀ ਫੜ ਲਈ ਸੀ। ਲੜਕੀ ਕੰਬ ਗਈ ਸੀ, ਪਰ ਉਹਨੇ ਹੌਸਲਾ ਇਕੱਤਰ ਕਰਕੇ ਆਪਣੀ ਬਾਂਹ ਉਹਦੇ ਮੋਟੇ ਹੱਥਾਂ ਤੋਂ ਛੁਡਵਾ ਲਈ ਸੀ। ਪ੍ਰਕਾਸ਼ ਚੰਦ ਅੰਦਰ ਗੁੱਸਾ ਤੇ ਰੋਹ ਤਾਂ ਪਹਿਲੋਂ ਹੀ ਉਬਲ ਪੁੱਥਲ ਹੋ ਰਹੇ ਸਨ, ਪਰ ਇਸ ਇੰਤਹਾ ਨੇ ਉਹਦੇ ਗੁੱਸੇ ਨੂੰ ਭਾਂਬੜ ਬਣਾ ਹਵਾ 'ਚ ਲਹਿਰਾ ਦਿੱਤਾ। ਬਾਕੀ ਸਾਥੀ ਹੋਰ ਵੀ ਜ਼ਿਆਦਾ ਡਰ ਤੇ ਸਹਿਮ ਗਏ। ਗੁਰਜੀਤ ਨੂੰ ਪ੍ਰਕਾਸ਼ ਚੰਦ ਨੇ ਜਾਣ ਦਾ ਇਸ਼ਾਰਾ ਕਰ ਦਿੱਤਾ। ਉਹ ਤਰਸ ਵਰਗੀ ਭਾਵਨਾ ਨਾਲ ਉਥੇ ਹੀ ਸਾਈਡ 'ਤੇ ਖੜ੍ਹੀ ਰਹੀ। ਦੇਖਦਿਆਂ ਹੀ ਉਹਨੇ ਬਿੱਲੇ ਦੇ ਘਸੁੰਨ ਮਾਰਿਆ। ਉਹਦਾ ਸਕੂਟਰ ਪਰ੍ਹਾਂ ਜਾ ਡਿੱਗਿਆ। ਉਹਦੇ ਸਾਥੀਆਂ ਨੇ ਇਕ ਦੂਜੇ ਨੂੰ ਛੁਡਾਉਣਾ ਹੀ ਉਚਿਤ ਸਮਝਿਆ। ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਚੌਂਕ 'ਚ ਖੜ੍ਹੇ ਇਕ ਦੋ ਸਿਪਾਹੀ ਵੀ ਦੌੜੇ ਦੌੜੇ ਆਏ। ਬਿੱਲਾ ਘਾਬਰ ਗਿਆ ਸੀ। ਸ਼ਾਇਦ ਇਹੋ ਕਾਰਨ ਸੀ ਕਿ ਇਸ ਹਫੜਾ-ਦਫੜੀ ਵਿਚ ਪ੍ਰਕਾਸ਼ ਚੰਦ ਨੇ ਉਹਦੇ ਕਈ ਘਸੁੰਨ ਤੇ ਥੱਪੜ ਹੋਰ ਦੇ ਮਾਰੇ ਸਨ।

ਬਿੱਲੇ ਦੀ ਕੋਈ ਪੇਸ਼ ਨਾ ਚੱਲੀ ਪਰ ਉਹ ਲਲਕਾਰੇ ਮਾਰਦਾ ਰਿਹਾ ਸੀ। ਉਹਨੂੰ ਸਾਂਭਣਾ ਮੁਸ਼ਕਿਲ ਹੋ ਰਿਹਾ ਸੀ। ਜੇ ਵੱਡੀ ਭੀੜ ਜਮ੍ਹਾਂ ਨਾ ਹੁੰਦੀ ਤੇ ਦੋ ਤਿੰਨ ਪੁਲਿਸ ਦੇ ਸਿਪਾਹੀ ਨਾ ਆਉਂਦੇ ਤਾਂ ਉਹ ਕਾਬੂ ਵਿਚ ਨਹੀਂ ਸੀ ਆਉਣਾ ਤੇ ਉਹਨੇ ਸੁੱਕੜ ਜਿਹੇ ਸਰੀਰ ਦੇ ਮਾਲਕ ਪ੍ਰਕਾਸ਼ ਚੰਦ ਨੂੰ ਢਾਹ ਲੈਣਾ ਸੀ। ਬਿੱਲੇ ਦੀਆਂ ਅੱਖਾਂ ਗੁੱਸੇ ਦੇ ਅੰਬਾਰ ਉਗਲ ਰਹੀਆਂ ਸਨ, ਜਦੋਂ ਕਿ ਦੂਸਰੀ ਤਰਫ ਪ੍ਰਕਾਸ਼ ਚੰਦ ਵੀ ਗੁੱਸੇ ਤੇ ਰੋਹ ਦੇ ਨਾਲ ਕੰਬ ਰਿਹਾ ਸੀ।

ਉਸ ਵੇਲੇ ਪ੍ਰਕਾਸ਼ ਚੰਦ ਦੇ ਚਿਹਰੇ ਤੋਂ ਏਦਾਂ ਭਾਸ ਰਿਹਾ ਸੀ, ਜਿਵੇਂ ਉਹਨੇ ਇਕ 'ਵੱਡੀ ਜਿੱਤ' ਪ੍ਰਾਪਤ ਕਰ ਲਈ ਹੋਵੇ। ਉਹਨੂੰ ਇਹ ਵੀ ਆਭਾਸ ਹੋ ਰਿਹਾ ਸੀ ਕਿ ਉਹਦੇ ਕੁਲੀਗ, ਕੁੜੀ ਤੇ ਦੂਸਰੇ ਚੌਂਕ ਦੇ ਵਿਅਕਤੀ ਉਹਨੂੰ ਇਕ 'ਹੀਰੋ' ਦੀ ਹੈਸੀਅਤ ਨਾਲ ਵੇਖ ਰਹੇ ਹਨ! ਚਾਹੇ ਉਹ ਖੁਦ ਕਿਸੇ ਨੂੰ ਵੀ ਨਹੀਂ ਸੀ ਵੇਖ ਰਿਹਾ। ਉਸ ਵਕਤ ਤਾਂ ਉਹਨੂੰ



ਇਹ ਵੀ ਉਕਾ ਹੀ ਪਤਾ ਨਾ ਲੱਗਿਆ, ਕਿ ਕਦੋਂ ਜਾਂਦੇ ਜਾਂਦੇ ਬਿੱਲਾ ਬਦਮਾਸ਼ ਉਹਨੂੰ ਇਹ ਸ਼ਬਦ ਆਖ ਗਿਆ: 'ਦੇਖਾਂਗਾ! ਤੈਨੂੰ ਵੀ ਦੇਖਾਂਗਾ। ਤੈਨੂੰ ਵੀ ਦੇਖਾਂਗਾ ਬਾਬੂ! ਜੇ ਤੇਰੇ ਖਾਨਦਾਨ ਦਾ ਮਲੀਆਮੇਟ ਨਾ ਕੀਤਾ ਤਾਂ ਮੇਰਾ ਨਾਉਂ ਵੀ ਬਿੱਲਾ ਨੀ।'

ਇਹ ਸ਼ਬਦ ਜਾਂ ਤਾਂ ਪ੍ਰਕਾਸ਼ ਚੰਦ ਨੂੰ ਉਦੋਂ ਠੀਕ ਤਰ੍ਹਾਂ ਸੁਣਾਈ ਨਹੀਂ ਦਿੱਤੇ ਜਾਂ ਉਹਨੇ ਸੁਣੇ ਅਣਸੁਣੇ ਕਰ ਛੱਡੇ। ਕਿਉਂਕਿ ਉਸ ਵਕਤ ਤਾਂ ਉਹਨੂੰ ਆਪਣੀ ਜਿੱਤ ਦਾ ਅਹਿਸਾਸ ਸੀ ਕਿ ਵਾਕਿਆ ਹੀ ਉਸਨੇ ਅੱਜ ਕਲਰਕਾਂ ਤੇ ਕਵੀਆਂ ਦੀ ਤਕਦੀਰ ਆਪਣੀ ਤਲਵਾਰ ਦੀ ਨੋਕ ਨਾਲ ਲਿਖੀ ਹੈ। ਬੇਸ਼ੱਕ ਉਹ ਕਲਰਕ ਸੀ, ਪਰ ਸਕੂਲ ਤੇ ਕਾਲਿਜ ਦੇ ਜ਼ਮਾਨੇ ਤੋਂ ਉਸਨੂੰ ਕ੍ਰਾਂਤੀਕਾਰੀ ਤੇ ਇਨਕਲਾਬੀ ਨਜ਼ਮਾਂ ਲਿਖਣ ਦਾ ਸ਼ੌਕ ਸੀ। ਉਹ ਕਾਲਿਜ ਦੇ ਸਾਲਾਨਾ ਮੈਗਜ਼ੀਨ ਦਾ ਤਿੰਨ ਵਾਰ ਸੰਪਾਦਕ ਵੀ ਬਣਿਆ ਸੀ। ਸਮਾਗਮਾਂ 'ਚ ਉਹ ਸਟੇਜਾਂ 'ਤੇ ਆਪਣੀਆਂ ਲਿਖਤਾਂ ਤੇ ਬੋਲਾਂ ਨਾਲ ਸਰੋਤਿਆਂ ਨੂੰ ਕੀਲ ਲੈਂਦਾ ਸੀ। ਪਰੰਤੂ ਕਲਰਕੀ 'ਚ ਪੈਰ ਰੱਖਣ ਤੋਂ ਬਾਅਦ ਉਹ ਠੰਢਾ ਪੈ ਗਿਆ ਸੀ। ਪਰ ਅੱਜ ਦੀ ਘਟਨਾਂ ਨੇ ਉਹਦੀ ਸੁੱਤੀ ਪਈ ਕਲਮ ਨੂੰ ਜਿਵੇਂ ਤਲਵਾਰ ਬਣਾ ਜਗਾ ਦਿੱਤਾ ਸੀ।

ਇਸੇ ਅਹਿਸਾਸ ਨਾਲ ਨਸ਼ਈ ਹੋ ਕੇ ਉਹ ਮੁਸਕਰਾਉਂਦਾ ਹੋਇਆ ਆਪਣੇ ਸਾਥੀਆਂ ਤੋਂ ਵਿਦਾਇਗੀ ਲੈ ਕੇ ਘਰ ਪਰਤਿਆ ਸੀ।

ਪਰ ਘਰ ਜਾ ਕੇ ਰੋਟੀ ਖਾਣ ਵਾਲੇ ਰੋਟੀ ਦੀ ਪਹਿਲੀ ਗਰਾਹੀ ਹੀ ਜਿਵੇਂ ਉਹਦੇ ਸੰਘ ਅੰਦਰ ਅੜਕੇ ਰਹਿ ਗਈ ਸੀ "ਦੇਖਾਂਗਾ ਬਾਬੂ! ਤੈਨੂੰ ਵੀ ਦੇਖਾਂਗਾ!"

ਮੁਸ਼ਕਿਲ ਨਾਲ ਹੀ ਉਸ ਡੇਢ ਕੁ ਰੋਟੀ ਖਾਧੀ। ਪਰ ਰਾਤ ਨੂੰ ਸੌਣ ਵੇਲੇ ਅੱਖਾਂ 'ਚ ਨੀਂਦ ਨਾ ਪਵੇ? ਪਤਨੀ ਨੇ ਟੰਗਾਂ ਘੁੱਟੀਆਂ, ਪਰ ਕੋਈ ਰਾਹਤ ਨਹੀਂ। ਬੇਚੈਨੀ ਤੇ ਸਹਿਮ ਦਾ ਪਰਛਾਵਾਂ ਉਸਦੀ ਹੋਂਦ ਨੂੰ ਲਗਾਤਾਰ ਕਲਮ ਕਰਦਾ ਚਲਿਆ ਜਾ ਰਿਹਾ ਸੀ।

ਪਤਨੀ ਨੇ ਪੁੱਛਿਆ: "ਤਬੀਅਤ ਤਾਂ ਠੀਕ ਐ?"

ਉਸ ਕੋਈ ਜਵਾਬ ਨਾ ਦਿੱਤਾ। ਸਿਰਫ 'ਹਾਂ' ਦੇ ਵਿਚ ਸਿਰ ਹਿਲਾ ਦਿੱਤਾ।

ਬੜੇ ਯਤਨਾਂ ਨਾਲ ਨੀਂਦ ਆਈ। ਪਰ ਸੁਪਨੇ ਵਿਚ ਵੀ ਉਹਨੂੰ ਬਿੱਲਾ ਨਜ਼ਰ ਆਇਆ, ਜੋ ਆਪਣੇ ਕਈ ਸਾਥੀਆਂ ਨਾਲ ਤਲਵਾਰਾਂ, ਗੰਡਾਸੇ ਤੇ ਹੋਰ ਆਧੁਨਿਕ ਹਥਿਆਰਾਂ ਨਾਲ ਲੈਸ ਉਹਨਾਂ ਦੇ ਘਰ ਵੱਲ ਵਧ ਰਿਹਾ ਸੀ। ਸਭ ਦੀ ਜਿਵੇਂ ਇਕੋ ਆਵਾਜ਼ ਸੀ: "ਤੇਰੇ ਖਾਨਦਾਨ ਨੂੰ ਅਸੀਂ ਮਲੀਆਮੇਟ ਕਰ ਦਿਆਂਗੇ। ਅਸੀਂ ਆ ਰਹੇ ਹਾਂ, ਤੇਰੇ ਖਾਨਦਾਨ ਦਾ ਮਲੀਆਮੇਟ ਕਰਨ ਆ ਰਹੇ ਹਾਂ ਤੇਰੇ ਖਾਨਦਾਨ ਦਾ ਮਲੀਆਮੇਟ ਕਰਨ ਅਸੀਂ ਆ ਰਹੇ ਹਾਂ...ਆ ਰਹੇ ਹਾਂ..

ਉਹ ਚੌਂਕ ਕੇ ਜਾਗਿਆ। ਸਾਹੋ ਸਾਹ। ਮੁੜ੍ਹਕੋ ਮੁੜ੍ਹਕੀ। ਕੰਧ-ਘੜੀ ਵੱਲ ਨਜ਼ਰ ਪਈ ਤਾਂ ਸੁਬਹ ਦਾ ਐਲਾਨ ਹੋ ਚੁੱਕਾ ਸੀ। ਪਤਨੀ ਉਸ ਕੋਲ ਚਾਹ ਦਾ ਗਿਲਾਸ ਲਈ ਖੜ੍ਹੀ ਸੀ: "ਕੀ ਹੋਇਐ ਤੁਹਾਨੂੰ? ਏਨੇ ਘਾਬਰੇ ਹੋਏ ਕਿਉਂ ਹੋ?"

"ਨਹੀਂ ਨਹੀਂ ਤਾਂ।"

ਬੱਸ ਏਨਾ ਕੁ ਉਤਰ ! ਸੋਚਾਂ ਦੇ ਇਕ ਸੰਘਣੇ ਜੰਗਲ ਵਿਚ ਉਹ ਭਟਕਣ ਲੱਗਾ ।

—ਉਸ ਅਜਿਹਾ ਕਿਉਂ ਕੀਤਾ ? ਕੀ ਉਹ ਉਹਦੀ ਮਾਂ, ਬੇਟੀ, ਭੈਣ, ਬੀਵੀ ਜਾਂ ਕੋਈ ਰਿਸ਼ਤੇਦਾਰ ਸੀ ?

ਤਿਆਰ ਹੋ ਕੇ ਉਸ ਅੱਧ ਪਚੱਧਾ ਨਾਸ਼ਤਾ ਕੀਤਾ, ਪਰ ਘਰੋਂ ਬਾਹਰ ਨਿੱਕਲਣ ਨੂੰ ਚਿੱਤ ਨਾ ਮੰਨੇ । ਜ਼ਰੂਰ ਬਿੱਲਾ ਬਦਮਾਸ਼ ਕੁਝ ਹੀ ਦੂਰੀ 'ਤੇ ਉਹਨੂੰ ਟੱਕਰੇਗਾ । ਨਾਲ ਉਹਦੇ ਕਈ ਲਫੰਡ ਸਾਥੀ ਵੀ ਹੋਣਗੇ । ਉਹਨਾਂ ਦੇ ਹੱਥਾਂ 'ਚ ਹਥਿਆਰ ਹੋਣਗੇ ਤੇ ਉਹ...

—ਵੈਸੇ ਜੇ ਉਹਨਾਂ ਕੋਲ ਹਥਿਆਰ ਨਾ ਵੀ ਹੋਏ ਤਾਂ ਵੀ ਉਹ ਕੀ ਕਰ ਲਵੇਗਾ ? ਉਸ ਵਾਸਤੇ ਤਾਂ ਇਕੱਲਾ ਬਿੱਲਾ ਹੀ ਕਾਫੀ ਹੋਵੇਗਾ । ਬਿੱਲਾ ? ਨਹੀਂ ਇਕ ਛੋਟੀ ਜਿਹੀ ਬਿੱਲੀ ਹੀ ਉਸ ਵਾਸਤੇ ਤਾਂ ਬਹੁਤ ਹੈ । ਉਹਨੇ ਤਾਂ ਕਦੇ ਇਕ ਕੀੜੀ ਤੱਕ ਵੀ ਨਹੀਂ ਮਾਰੀ ਤੇ ਫੇਰ ਉਹ ਗੁੰਡੇ ? ਬਦਮਾਸ਼ ?

ਉਸ ਦਿਨ ਪਤਾ ਨਹੀਂ ਉਸ ਦੀ ਚਿਰ ਪੁਰਾਣੀ ਸਾਥਣ 'ਕਵਿਤਾ' ਉਸ ਦੇ ਅੰਦਰੋਂ ਪ੍ਰਸੂਤੀ ਪੀੜਾ ਕਰਦੀ ਹੋਈ ਦੁਸ਼ਮਣ 'ਤੇ ਕਿਵੇਂ ਹਮਲਾ ਕਰ ਗਈ ?

ਉਹ ਘਰੋਂ ਨਿਕਲ ਪਿਆ । ਬਾਹਰ ਕੋਈ ਵੀ ਨਹੀਂ ਸੀ । ਸਭ ਕੁਝ ਆਮ ਵਰਗਾ ਸੀ । ਪਰ ਥੋੜੀ ਦੂਰੀ 'ਤੇ ਚੌਂਕ 'ਚੋਂ ਗੁਜ਼ਰਨ ਵੇਲੇ ਉਹਦੇ ਹੋਸ਼ ਟਿਕਾਣੇ ਆ ਗਏ, ਜਦੋਂ ਉਸ ਤੱਕਿਆ ਕਿ ਬਿੱਲਾ ਆਪਣੇ ਦੋ ਸਕੂਟਰ ਸਵਾਰਾਂ ਨਾਲ ਸਾਈਡ 'ਤੇ ਖੜਾ ਹੈ । ਉਹ ਠਠੰਬਰ ਗਿਆ । ਡਰ ਤੇ ਸਹਿਮ ਦੀ ਇਕ ਬਾਰੀਕ ਜਿਹੀ ਬਿਜਲੀ ਨੁਮਾ ਤਾਰ ਉਹਦੇ ਸਾਰੇ ਸਰੀਰ ਦਾ ਦੌਰਾ ਕਰ ਗਈ । ਉਹਦੇ ਪੈਰ ਬੋਝਲ ਹੋਣ ਲੱਗੇ । ਪਰ ਉਹ ਫੇਰ ਵੀ ਹੌਲੀ ਹੌਲੀ ਕਦਮ ਵਧਾਉਂਦਾ ਰਿਹਾ । ਬਿੱਲਾ ਤੇ ਉਹਦੇ ਸਾਥੀ ਅੱਗੇ ਵਧੇ ਤਾਂ ਇਕ ਦਮ ਚਾਰ ਪੰਜ ਪੁਲੀਸ ਕਰਮਚਾਰੀ ਉਥੇ ਆ ਢੁਕੇ । ਉਸਦਾ ਡਰ ਕੁਝ ਕੁਝ ਘਟਿਆ । ਥੋੜਾ ਅਗਾਂਹ ਵਧਿਆ ਤਾਂ ਅੱਗੇ ਵੀ ਪੁਲੀਸ ਤਾਇਨਾਤ ਸੀ । ਜਿਸ ਤਰ੍ਹਾਂ ਅੱਜਕੱਲ ਕਿਸੇ ਮਨਿਸਟਰ ਦੀ ਆਮਦ 'ਤੇ ਹਰ ਪਾਸੇ ਪੁਲਿਸ ਤਾਇਨਾਤ ਹੋ ਜਾਂਦੀ ਹੈ, ਬਿਲਕੁਲ ਉਸੇ ਤਰ੍ਹਾਂ ।

ਉਹ ਬੜੇ ਆਰਾਮ ਨਾਲ ਪੁਲਿਸ ਦੀ ਸੁਰੱਖਿਆ ਹੇਠ ਦਫਤਰ ਪਹੁੰਚਿਆ । ਇਹ ਤਾਂ ਦਫਤਰ ਪਹੁੰਚਕੇ ਹੀ ਪਤਾ ਚੱਲਿਆ ਕਿ ਮੇਨ ਚੌਂਕ ਦੇ ਬੈਂਕ ਦੀ ਬਰਾਂਚ ਵਿਚ ਅੱਜ ਵੱਡੇ ਤੜਕੇ ਸਾਢੇ ਤਿੰਨ ਲੱਖ ਦਾ ਡਾਕਾ ਪਿਆ ਸੀ ਜਿਸ ਕਰਕੇ ਹੋਰ ਪੁਲਿਸ ਮੰਗਵਾਉਣੀ ਪਈ ।

—ਸ਼ਾਮ ਨੂੰ ਵੀ ਏਦਾਂ ਹੀ ਹੋਵੇ ?" ਦਫਤਰੋਂ ਛੁੱਟੀ ਵਕਤ ਬਾਬੂ ਪ੍ਰਕਾਸ਼ ਚੰਦ ਨੇ ਸੋਚਿਆ । ਪਰ ਜੇ ਨਾ ਹੋਈ, ਤਾਂ...ਡਾਕੂ ਪਕੜੇ ਗਏ, ਫੇਰ ਕੀ ਲੋੜ ਹੈ ਐਨੀ ਪੁਲਿਸ ਦੀ ?

—ਪਰ ਚੌਂਕ ਤੱਕ ਕੁਲੀਗ ਵੀ ਤਾਂ ਉਸ ਨਾਲ ਹੋਣਗੇ ।" ਉਸ ਆਪਣੇ ਦਿਲ ਨੂੰ ਤਸੱਲੀ ਦਿਵਾਉਣੀ ਚਾਹੀ ।

—ਪਰ ਉਹ ਤਾਂ ਨਿਪੁੰਸਕ ਹਨ ? ਨਿਰੇ ਬਾਬੂ !

ਸੋਚ ਕੇ ਉਹਦਾ ਮੂੰਹ ਕੁੜੱਤਣ ਨਾਲ ਭਰ ਆਇਆ । ਉਸ ਥੁੱਕ ਦਾ ਇਕ ਗੁਲੱਥਾ ਦੂਰ ਵਗਾਹ ਮਾਰਿਆ : "ਚਲੋ ਇਹ ਚੰਗਾ ਹੋਇਆ, ਗੁਰਜੀਤ ਨੂੰ ਉਹਨਾਂ ਦੂਸਰੇ ਰਸਤੇ



ਭੇਜ ਦਿੱਤਾ ।"

ਉਹਨੂੰ ਇਸ ਗੱਲ ਤੋਂ ਵੀ ਬਹੁਤ ਤਸੱਲੀ ਹੋਈ ।

—ਪਰ ਉਹ ਖੁਦ ਵੀ ਤਾਂ ਇਕ ਦੂਜੇ ਰਸਤੇ ਰਾਹੀਂ ਘਰ ਜਾ ਸਕਦਾ ਸੀ ? ਸਿਰਫ ਚੱਕਰ ਹੀ ਥੋੜ੍ਹਾ ਜ਼ਿਆਦਾ ਪੈਂਦਾ ਸੀ ?

ਫੇਰ ਉਹਦਾ ਮੂੰਹ ਕੁੜੱਤਣ ਨਾਲ ਭਰ ਆਇਆ ਤੇ ਦਿਲ ਬੁਝੂੰ ਬੁਝੂੰ ਕਰਨ ਲੱਗਾ ।

ਅੱਜ ਉਹ ਸਾਥੀਆਂ ਦੀ ਗੱਪ-ਸ਼ੱਪ 'ਚ ਸ਼ਰੀਕ ਵੀ ਨਹੀਂ ਸੀ ਹੋ ਰਿਹਾ । ਸਿਰਫ ਹਾਂ ਹੂੰ ਬੋਲੀ ਜਾ ਰਿਹਾ ਸੀ । ਵੈਸੇ ਉਹਦੇ ਸਾਥੀ ਵੀ ਅੱਜ ਘੱਟ-ਵੱਧ ਹੀ ਬੋਲ ਰਹੇ ਸਨ । ਸ਼ਾਇਦ ਉਹਨਾਂ ਦੇ ਮਨਾਂ 'ਤੇ ਵੀ ਸਹਿਮ ਦੀ ਪੜਤ ਹੋਵੇ ?

ਪ੍ਰਕਾਸ਼ ਚੰਦ ਦੀ ਸੋਚ ਏਨੀ ਤੇਜ ਗਤੀ ਕਰ ਰਹੀ ਸੀ ਕਿ ਪਤਾ ਹੀ ਨਾ ਲੱਗਿਆ ਉਹ ਕਦੋਂ ਮਾਲ ਰੋਡ ਪਾਰ ਕਰਕੇ ਚੌਂਕ 'ਚ ਦਾਖਲ ਹੋ ਗਿਆ । ਦਿਲ ਦੀ ਧੜਕਣ ਹੋਰ ਤੇਜ਼ ਹੋਣ ਲੱਗੀ ।

—ਜੇ ਉਹਨਾਂ ਮੈਨੂੰ ਫੜ ਕੇ ਕੁੱਟਿਆ ? ਜੇ ਮੂਲੋਂ ਹੀ ਮਾਰ ਮਕਾਇਆ, ਤਾਂ ਮੇਰੇ ਘਰਵਾਲਿਆਂ ਦਾ ਕੀ ਬਣੇਗਾ ?

ਸੋਚ ਸੋਚ ਕੇ ਉਹ ਅਧ ਮੋਇਆ ਹੁੰਦਾ ਜਾ ਰਿਹਾ ਸੀ ।

—ਪਰ ਉਹ ਪੁਲਿਸ ਨੂੰ ਮਦਦ ਲਈ ਆਵਾਜ਼ ਦੇ ਲਵੇਗਾ ?

—ਪਰ ਜੇ ਪੁਲਿਸ ਨਾ ਆਈ, ਤਾਂ ?

—ਲੋਕ ਉਹਦੀ ਮਦਦ ਲਈ ਜ਼ਰੂਰ ਆਉਣਗੇ ।

—ਜੇ ਲੋਕ ਵੀ ਨਾ ਆਏ ਤਾਂ...?

ਉਹ ਡਰ ਨਾਲ ਕੰਬਣ ਲੱਗ ਪਿਆ । ਚਿਹਰੇ 'ਤੇ ਪਿਲੱਤਣ ਉਤਰ ਆਈ ।

ਨਹੀਂ ਕੁਝ ਨਹੀਂ ਹੁੰਦਾ ! ਵੱਧ ਤੋਂ ਵੱਧ ਉਹ ਮੇਰੇ ਦੋ ਚਾਰ ਘਸੁੰਨ ਮਾਰ ਲੈਣਗੇ ? ਮੈਂ ਮਾਫੀ ਵੀ ਤਾਂ ਮੰਗ ਸਕਦਾ ਹਾਂ ? ਮੇਰੇ ਮਾਫੀ ਮੰਗਣ 'ਤੇ ਉਹ ਮੈਨੂੰ ਜ਼ਰੂਰ ਛੱਡ ਦੇਣਗੇ ।

--ਮੁਆਫੀ ?--ਹਾ...ਹਾ...ਹਾ ਉਹਦੀ ਹਉਮੈ ਨੇ ਵਿਅੰਗ ਕੀਤਾ ।

—ਉਹ ਚੌਂਕ ਦਾ ਹੀਰੋ ਸਿੱਧ ਹੋ ਚੁੱਕਿਆ ਹੈ । ਜੇ ਉਹਨੇ ਮੁਆਫੀ ਮੰਗ ਲਈ ਤਾਂ ਉਹ ਹੀਰੋ ਤੋਂ ਜ਼ੀਰੋ ਹੋ ਜਾਵੇਗਾ । ਇਸ ਲਈ ਇਹ ਰਸਤਾ ਠੀਕ ਨਹੀਂ ਰਹੇਗਾ । ਰੱਬ ਹੀ ਕੋਈ ਰਸਤਾ ਕੱਢੇਗਾ ।

ਚੌਂਕ 'ਚ ਪਹੁੰਚਣ 'ਤੇ ਸਭਨਾਂ ਨੇ ਇਕ ਦੂਜੇ ਨਾਲ ਹੱਥ ਮਿਲਾਏ । ਪ੍ਰਕਾਸ਼ ਚੰਦ ਦੇ ਡਰ ਤੇ ਭੈਅ ਦਾ ਪ੍ਰਛਾਵਾਂ ਉਹਦੀ ਰੱਤ ਨਿਚੋੜਣ ਲੱਗਾ । ਪਰੰਤੂ ਉਹਨੂੰ ਇਸ ਗੱਲ ਦੀ ਰਾਹਤ ਮਹਿਸੂਸ ਹੋਈ ਕਿ ਪੁਲਿਸ ਦੇ ਸਿਪਾਹੀ ਉਥੇ ਮੌਜੂਦ ਸਨ । ਬੇਸ਼ੱਕ ਵੱਡੀ ਗਿਣਤੀ ਵਿਚ ਤਾਂ ਨਹੀਂ ਸਨ, ਪਰ ਸਨ ਜ਼ਰੂਰ । ਵੈਸੇ ਉਹਨੂੰ ਹਾਲੇ ਤਕ ਬਿੱਲਾ ਤੇ ਉਹਦੇ ਸਾਥੀ ਵੀ ਨਜ਼ਰ ਨਹੀਂ ਆਏ ਸਨ ।

ਉਹ ਰੱਬ ਦਾ ਨਾਉਂ ਲੈਂਦਾ ਹੋਇਆ ਤੁਰਦਾ ਗਿਆ । ਪਰ ਕੁਝ ਹੀ ਦੂਰੀ 'ਤੇ ਜਾਕੇ ਉਹਦਾ ਸਾਹ ਸੂਤਿਆ ਗਿਆ, ਜਦੋਂ ਉਸ ਤੱਕਿਆ ਕਿ ਬਿੱਲਾ ਤੇ ਉਹਦੇ ਸਾਥੀ ਇਕ ਪਾਸੇ ਖੜ੍ਹੇ ਸਨ ਤੇ ਉਸ ਵੱਲ ਹੀ ਤੇਜ਼ੀ ਨਾਲ ਵੱਧ ਰਹੇ ਸਨ । ਉਹ ਹੁਣ ਕੀ ਕਰੇ,

ਕਿਸ ਨੂੰ ਆਵਾਜ਼ ਦੇਵੇ ? ਪੁਲਿਸ ਨੂੰ ? ਕਿਉਂਕਿ ਦੋ ਤਿੰਨ ਪੁਲਿਸ ਦੇ ਸਿਪਾਹੀ ਵੀ ਸੜਕ ਤੋਂ ਗੁਜ਼ਰ ਰਹੇ ਸਨ ।

ਹਾਲੇ ਉਹ ਕੋਈ ਵੀ ਫੈਸਲਾ ਨਹੀਂ ਸੀ ਕਰ ਸਕਿਆ ਕਿ ਯਕਦਮ ਚੌਰਸਤੇ ਖੜ੍ਹੀ ਉਹਦੀ ਸੋਚ ਨੂੰ ਕਈ ਵਿਅਕਤੀਆਂ ਨੇ ਆ ਝੰਜੋੜਿਆ : "ਹਾਇ ਪ੍ਰਕਾਸ਼ ! ਤੂੰ ਕਿਵੇਂ ਡੋਰ ਭੌਰ ਹੋਇਆ ਤੁਰਿਆ ਜਾ ਰਿਹੈਂ ?"

—ਯਾਰਾਂ ਵੱਲ ਵੀ ਨਿਗਾਹਾਂ ਕਰ ਲਈਦੀਆਂ ਨੇ ? ਹੈਂ !

ਪ੍ਰਕਾਸ਼ ਚੰਦ ਦੇ ਬੋਲ ਧੀਮੇ-ਧੀਮੇ ਖੁੱਲ੍ਹੇ । ਮੁਸਕਰਾਹਟ ਆਈ, ਜਦੋਂ ਉਸ ਤੱਕਿਆ ਕਿ ਉਹਦੇ ਕਾਲਿਜ ਜ਼ਮਾਨੇ ਦੇ ਕਈ ਪੁਰਾਣੇ ਦੋਸਤ ਉਹਦੇ ਸਾਹਮਣੇ ਕਿਸੇ ਮਸੀਹੇ ਵਾਂਗ ਆ ਜੁੜੇ ਹਨ ।

—ਉਹੋ...!

ਪ੍ਰਕਾਸ਼ ਚੰਦ ਪੂਰਾ ਖੁਸ਼ ਹੋਇਆ ਤੇ ਖੁਸ਼ੀ 'ਚ ਵਿਚਰਦਿਆਂ ਉਹਨੇ ਵਾਰੋ ਵਾਰੀ ਸਾਰੇ ਪੁਰਾਣੇ ਮਿੱਤਰਾਂ ਨੂੰ ਜੱਫੀ 'ਚ ਲਿਆ : "ਹੋਰ ਫੇਰ ਕਿਥੇ ਹੁੰਨੇ ਅੱਜ ਕੱਲ੍ਹ ?"

—ਐਥੇ ਹੀ ਹੋਰ ਕਿਥੇ ? —ਤੁਸੀਂ ਸੁਣਾਓ ਮਿੱਤਰੋ ਅੱਜ ਕਿਵੇਂ ਸਾਡੇ ਸ਼ਹਿਰ 'ਚ ?

ਫੇਰ ਨਿੱਕੀਆਂ ਨਿੱਕੀਆਂ ਹੋਰ ਗੱਲਾਂ ਹੋਈਆਂ । ਪ੍ਰਕਾਸ਼ ਚੰਦ ਨੇ ਘਰ ਆਉਣ ਲਈ ਕਿਹਾ । ਪਰ ਉਹ 'ਫੇਰ ਸਹੀ' ਆਖ ਗਏ । ਜਦੋਂ ਕਿਸੇ ਦੁਕਾਨ 'ਤੇ ਚਾਹ ਪੀਣ ਲਈ ਉਹਨੇ ਕਿਹਾ ਤਾਂ ਉਹ ਬੋਲੇ : "ਉਹ ਤਾਂ ਐਥੇ ਕਿਸੇ ਬਰਾਤ ਨਾਲ ਆਏ ਨੇ ਤੇ ਹੁਣ ਸ਼ਾਮ ਨੂੰ 'ਸ਼ਰਾਬ ਦੇ ਠੇਕੇ' ਦੀ ਤਲਾਸ਼ ਵਿਚ ਹਨ।"

"ਆ ਪ੍ਰਕਾਸ਼ ਚੱਲਦੇ ਆਂ, ਨਾਲੇ ਖੁਲ੍ਹਕੇ ਗੱਲਾਂ ਬਾਤਾਂ ਕਰਾਂਗੇ। ਬੜੀ ਦੇਰ ਬਾਅਦ ਮਿਲੇ ਆਂ ?"

"ਨਹੀਂ ਯਾਰ, ਥੋਨੂੰ ਤਾਂ ਪਤਾ ਈ ਐ ਕਿ ਮੈਂ ਪੀਂਦਾ ਨੀ ।"

ਇਕ ਦੋ ਨੇ ਜ਼ੋਰ ਦੇ ਕੇ ਕਿਹਾ ਪਰ ਉਹ ਨਾ ਹੀ ਮੰਨਿਆ । ਦੋ ਤਿੰਨ ਜ਼ਿਆਦਾ ਕਾਹਲੇ ਸਨ !

"ਚਲ ਵੀ ਕਾਹਨੂੰ ਦੇਰ ਕਰਦੇ ਓ ? —ਸਰੀਰ ਟੁੱਟਦਾ ਜਾ ਰਿਹੈ ?"

ਪੁਰਾਣੇ ਦੋਸਤ ਵਿਛੜਨ ਲੱਗੇ । ਪਰ ਪ੍ਰਕਾਸ਼ ਚੰਦ ਨੇ ਉਹਨਾਂ ਨੂੰ ਰੋਕ ਲਿਆ । ਫੇਰ ਦੋ ਤਿੰਨ ਗੱਲਾਂ ਹੋਈਆਂ । ਉਹ ਫੇਰ ਤੁਰਨ ਲੱਗੇ । ਪ੍ਰਕਾਸ਼ ਨੇ ਫੇਰ ਰੋਕ ਲਿਆ : "ਕੀ ਗੱਲ ਮੇਰੇ ਆਰ, ਨਾ ਤੂੰ ਸਾਡੇ ਨਾਲ ਜਾਣ ਲਈ ਤਿਆਰ ਐਂ ਤੇ ਨਾ ਸਾਨੂੰ ਜਾਣ ਦਿੰਨੈ ?"

"ਨਹੀਂ ਇਹ ਗੱਲ ਨੀ ।" ਪ੍ਰਕਾਸ਼ ਚੰਦ ਕੁਝ ਕਹਿੰਦਾ-ਕਹਿੰਦਾ ਰੁਕ ਗਿਆ ।

"ਤਾਂ ਫੇਰ ਹੋਰ ਕੀ ਗੱਲ ਐ ?"

"ਦਰਅਸਲ..."

"ਚੱਲ ਛੱਡ ਮੇਰੇ ਆਰ, ਆ ਸਾਡੇ ਨਾਲ, ਐਨੀ ਦੇਰ ਬਾਅਦ ਮਿਲੇ ਆਂ ।"

ਉਹ 'ਜ਼ਬਰਦਸਤੀ ਵਾਂਗ' ਉਹਨੂੰ ਆਪਣੇ ਨਾਲ ਲੈ ਤੁਰੇ । ਦਰਅਸਲ ਪ੍ਰਕਾਸ਼ ਚੰਦ ਨੂੰ ਵੀ 'ਕਿਸੇ ਸਹਾਰੇ' ਦੀ ਲੋੜ ਸੀ । ਉਹਨੂੰ ਡਰ ਸੀ, ਕਿ ਬਿੱਲਾ ਉਹਨੂੰ ਰਸਤੇ



ਵਿਚ ਜ਼ਰੂਰ ਤੰਗ ਕਰੇਗਾ । ਇਸੇ ਲਈ ਉਹ ਕੁਝ ਟਾਈਮ ਹੋਰ ਗੁਜ਼ਾਰਨਾ ਚਾਹੁੰਦਾ ਸੀ ਤਾਂ ਕਿ ਬਿੱਲੇ ਹੋਰੀਂ ਉਹਦੇ ਰਸਤੇ 'ਚੋਂ ਚਲੇ ਜਾਣ ।

ਕੰਮ ਮੁਕਾਉਣ ਤੋਂ ਬਾਅਦ ਉਹਨੇ ਬੜੀ ਖੁਲ੍ਹ-ਦਿਲੀ ਤੇ ਫੇ-ਖੌਫ ਜਿਹੇ ਹੋ ਕੇ ਆਪਣੇ ਦੋਸਤਾਂ-ਮਿੱਤਰਾਂ ਤੋਂ ਵਿਦਾ ਲਈ । ਸ਼ਹਿਰ ਦੇ ਹਾਲਾਤ ਕੁਝ ਸੁਖਾਵੇਂ ਨਾ ਹੋਣ ਕਰਕੇ ਤੇ ਸਰਦੀ ਦਾ ਮੌਸਮ ਹੋਣ ਕਾਰਨ ਸੜਕਾਂ ਤਕਰੀਬਨ ਖਾਲੀ ਸਨ ।

ਉਹਨੂੰ ਡਰਨਾ ਚਾਹੀਦਾ ਸੀ, ਪਰ ਉਹ ਬੇ-ਖੌਫ ਤੇ ਨਿਧੜਕ ਸੀ । ਸ਼ਾਇਦ ਏਸ ਕਰਕੇ ਕਿ ਦੋਸਤਾਂ ਨੇ ਜਬਰੀ ਉਹਨੂੰ ਦੋ ਪੈਗ ਲਵਾ ਦਿੱਤੇ ਸਨ । ਉਹਨੇ ਵੀ ਕੋਈ ਏਡੀ ਖਾਸ ਨਾਂਹ-ਨੁਕਰ ਨਹੀਂ ਸੀ ਵਿਖਾਈ । ਦਰਅਸਲ ਉਹਨੇ ਸੁਣ ਰੱਖਿਆ ਸੀ ਕਿ ਦਾਰੂ ਦੀ ਘੁੱਟ ਲਾਕੇ ਬੰਦਾ 'ਸ਼ੇਰ' ਬਣ ਜਾਂਦਾ ਹੈ ।

ਵਾਕਿਆ ਹੀ ਉਹ ਸ਼ੇਰ ਬਣਕੇ ਤੁਰਿਆ ਜਾ ਰਿਹਾ ਸੀ । ਉਹਦੇ ਬੇ-ਖੌਫ ਚਿਹਰੇ ਤੇ ਤੁਰਨ ਦੇ ਅੰਦਾਜ਼ ਤੋਂ ਏਦਾਂ ਭਾਸ ਰਿਹਾ ਸੀ ਜਿਵੇਂ ਉਹ ਆਖ ਰਿਹਾ ਹੋਵੇ : "ਕੱਢੋ ਬਈ, ਕਿਹੜੇ ਬਿੱਲਾ ਬਦਮਾਸ਼ ?"

ਅਗਲੇ ਦਿਨ ਐਤਵਾਰ ਸੀ । ਉਹ ਬਿਲਕੁਲ ਵਿਹਲਾ ਸੀ ਤੇ ਅਖਬਾਰ ਦੀ ਚੀਰ-ਫਾੜ ਕਰਨ ਉਪਰੰਤ ਅੱਜ ਉਹਨੂੰ ਇਕ ਮੁੱਦਤ ਬਾਅਦ ਕਵਿਤਾ ਲਿਖਣ ਦਾ ਵਿਚਾਰ ਆਇਆ ਸੀ । ਉਹ ਅਜੇ ਕਾਪੀ ਪੈਂਸਿਲ ਲੈ ਕੇ ਬੈਠਿਆ ਹੀ ਸੀ ਕਿ ਉਹਦੀ ਇਕਲੌਤੀ ਲੜਕੀ ਉਹਦੇ ਕਰੀਬ ਆਈ : "ਪਾਪਾ—ਕੀ ਅੱਜ ਫੇਰ ਭੁੱਲ ਗਏ ਆਪਣਾ ਵਾਅਦਾ ?"

"ਵਾਅਦਾ ?" ਪ੍ਰਕਾਸ਼ ਚੰਦ ਨੇ ਮੁਸਕਰਾ ਕੇ ਪੁੱਛਿਆ ।

"ਬੜੇ ਚਲਾਕ ਬਣਦੇ ਓ, ਪਤਾ ਨੀ ? ਇਕ ਮਹੀਨੇ ਤੋਂ ਕਹਿੰਦੀ ਆ ਰਹੀ ਆਂ ਕਿ ਮੈਨੂੰ ਪ੍ਰਤੀਘਾਤ ਫਿਲਮ ਜ਼ਰੂਰ ਦਿਖਾਉਣ ਲੈ ਚੱਲੋ ।"

"ਉਹੋ ! ਫਿਲਮ ?" ਪ੍ਰਕਾਸ਼ ਚੰਦ ਨੇ ਭੋਲੇ ਬਣਦਿਆਂ ਕਿਹਾ : "ਦਰਅਸਲ ਸੁਜਾਤਾ ਬੇਟੀ, ਅੱਜ ਵੀ ਮੈਨੂੰ ਇਕ ਜ਼ਰੂਰੀ ਮੀਟਿੰਗ...

—"ਫੇਰ ਉਹੀ ਮੀਟਿੰਗ ? ਜਾਓ ਮੈਂ ਨੀ ਤੁਹਾਡੇ ਨਾਲ ਬੋਲਦੀ ।" ਸੁਜਾਤਾ ਨੇ ਹੋਰੂੰ ਜਿਹਾ ਮੂੰਹ ਬਣਾਉਂਦਿਆਂ ਕਿਹਾ ।

"ਉਹੋ ! ਤੂੰ ਤਾਂ ਖਾਮਖਾਹ ਨਾਰਾਜ਼ ਹੋ ਗਈ ।" ਪ੍ਰਕਾਸ਼ ਚੰਦ ਨੇ ਕੁਰਸੀ ਤੋਂ ਉਠਕੇ ਉਹਨੂੰ ਮੋਢਿਆਂ ਤੋਂ ਫੜਦੇ ਕਿਹਾ : "ਚੱਲ ਤਿਆਰ ਹੋ ।—ਹੁਣ ਤਾਂ ਖੁਸ਼ ਐਂ ਨਾ?"

ਸੁਜਾਤਾ ਖੁਸ਼ੀ ਨਾਲ ਮਚਲ-ਮਚਲ ਗਈ ।

ਲਗਪਗ ਪਿਛਲੇ ਇਕ ਮਹੀਨੇ ਤੋਂ ਹੀ ਪ੍ਰਕਾਸ਼ ਚੰਦ ਉਹਨੂੰ ਪ੍ਰਤੀਘਾਤ ਫਿਲਮ ਦਿਖਾਉਣ ਦਾ ਵਾਅਦਾ ਕਰਦਾ ਆ ਰਿਹਾ ਸੀ । ਇਹ ਫਿਲਮ ਵਿਖਾਉਣ ਦਾ ਵਾਅਦਾ ਇਸ ਲਈ ਸੀ ਕਿਉਂਕਿ ਸੁਜਾਤਾ ਐਲ. ਐਲ. ਬੀ. ਵਿਚੋਂ ਟੌਪ ਆਈ ਸੀ । ਆਪਣੇ ਮਨ ਤੇ ਤਨ ਦੀ ਖੂਬਸੂਰਤੀ ਤੋਂ ਬਿਨਾਂ ਉਸ ਹਮੇਸ਼ ਵਾਂਗ ਪੜ੍ਹਾਈ ਵਿਚ ਵੀ ਖੂਬਸੂਰਤੀ ਬਰਕਰਾਰ ਰੱਖੀ ਸੀ ।

ਸੁਜਾਤਾ ਤਿਆਰ ਹੋ ਕੇ ਆ ਗਈ। ਉਹਨੇ ਵੀ ਜੁੱਤੀਆਂ ਪੈਰਾਂ 'ਚ ਅੜਾ ਲਈਆਂ ਪਰ ਜਦੋਂ ਉਹ ਘਰੋਂ ਨਿਕਲਣ ਨੂੰ ਹੋਏ ਤਾਂ ਇਕ ਅਣਦੇਖੇ ਡਰ ਤੇ ਭੈਅ ਦੀ ਲੀਕ ਉਹਦੇ ਸਾਰੇ ਸਰੀਰ ਦਾ ਲਹੂ ਨਿਚੋੜ ਗਈ। ਉਹਦੇ ਬੁੱਲ੍ਹ ਥਰਥਰਾਉਣ ਲੱਗ ਪਏ।

—ਅੱਜ ਉਹਨੂੰ ਬਿੱਲਾ ਬਦਮਾਸ਼ ਨਹੀਂ ਛੱਡੇਗਾ। ਉਹ ਤੇ ਉਹਦੇ ਸਾਥੀ ਉਹਨੂੰ ਤੇ ਉਹਦੀ ਬੇਟੀ ਨੂੰ ..

ਪ੍ਰਕਾਸ਼ ਚੰਦ ਦਾ ਮੂੰਹ ਖੁਸ਼ਕ ਹੋ ਰਿਹਾ ਸੀ। ਉਹਨੇ ਬੇਹੋਸ਼ੀ ਵਰਗੀ ਹਾਲਤ 'ਚੋਂ ਵਿਚਰਦਿਆਂ ਸੁਜਾਤਾ ਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ।

"ਪਾਪਾ!"

"ਹੂੰ।"

"ਤਬੀਅਤ ਤਾਂ ਠੀਕ ਐ ਤੁਹਾਡੀ?" ਪਾਣੀ ਦਾ ਗਿਲਾਸ ਫੜਾਉਂਦਿਆਂ ਸੁਜਾਤਾ ਨੇ ਸੁਆਲ ਕੀਤਾ: "ਹਾਂ...ਹਾਂ ..ਠੀਕ ਐ ..ਵੈਸੇ ਈ ਥੋੜ੍ਹਾ ਜਿਹਾ ਚੱਕਰ ਆਉਣ ਲੱਗਿਆ ਸੀ।"

"ਜੇ ਤਬੀਅਤ ਠੀਕ ਨਹੀਂ ਤਾਂ ਰਹਿਣ ਦਿੰਦੇ ਆਂ ਫਿਲਮ ਦਾ ਪ੍ਰੋਗਰਾਮ।" ਸੁਜਾਤਾ ਨੇ ਸਮਝਦਾਰੀ ਦਾ ਸਬੂਤ ਦਿੱਤਾ।

"ਹਾਂ ਰਹਿਣ ਦਿੰਦੇ ਹਾਂ।" ਪ੍ਰਕਾਸ਼ ਚੰਦ ਨੇ ਇਹ ਕਹਿਣਾ ਚਾਹ ਕੇ ਵੀ ਕਿਹਾ ਨਾ। ਉਹ ਲਗਾਤਾਰ ਆਪਣੇ ਅੰਦਰ ਹੌਂਸਲਾ ਇਕੱਠਾ ਕਰਨ ਦੀ ਕੋਸ਼ਿਸ਼ ਕਰਨ ਲੱਗਿਆ। ਇਕ ਪਲ ਲਈ ਉਹਨੂੰ ਖਿਆਲ ਆਇਆ ਕਿ ਉਹ ਆਪਣੇ ਗੁਆਂਢ 'ਚ ਰਹਿੰਦੇ ਆਪਣੇ ਇਕ ਮਿੱਤਰ ਗੁਰਮੇਲ ਨੂੰ ਨਾਲ ਲੈ ਕੇ ਚੱਲਣ। ਕਿਉਂਕਿ ਉਹ ਹੱਡਾਂ ਪੈਰਾਂ ਦਾ ਤਕੜਾ। ਡਰਦਾ ਬਿਲਕੁਲ ਨਹੀਂ। ਪਰੰਤੂ ਫੇਰ ਉਹਨੂੰ ਇਹ ਵਿਚਾਰ ਇਸ ਲਈ ਤਿਆਗਣਾ ਪਿਆ ਕਿ ਉਹਦਾ ਟਿਕਟ ਵੀ ਉਹਨੂੰ ਹੀ ਲੈਣਾ ਪਵੇਗਾ।

ਹੌਂਸਲਾ ਕਰਕੇ ਉਹ ਘਰੋਂ ਤੁਰ ਪਏ। ਦਰਅਸਲ ਉਹਨੂੰ ਇਸ ਗੱਲ ਦਾ ਥੋੜ੍ਹਾ ਢਾਰਸ ਤੇ ਯਕੀਨ ਹੋਇਆ ਸੀ ਕਿ ਅੱਜ ਤਾਂ ਐਤਵਾਰ ਹੈ। ਉਹਨਾਂ ਦੇ ਦਫਤਰ ਦੇ ਜਾਣ ਤੇ ਆਉਣ ਦਾ ਸਮਾਂ ਤਾਂ ਨਹੀਂ, ਜੋ ਬਿੱਲਾ ਉਹਨਾਂ ਦੀ ਰਾਹ ਵੇਖਦਾ ਹੋਵੇਗਾ।

ਇਸ ਦੇ ਬਾਵਜੂਦ ਉਹ ਡਰ ਨਾਲ ਕੰਬ ਕੰਬ ਜਾਂਦਾ ਸੀ, ਜਦੋਂ ਉਹਦੇ ਪਿੱਛਿਓਂ ਕੋਈ ਸਕੂਟਰ ਜਾਂ ਮੋਟਰ ਸਾਈਕਲ ਆਉਣ ਦੀ ਆਵਾਜ਼ ਸੁਣਾਈ ਦਿੰਦੀ। ਉਹਨੂੰ ਦੂਰੋਂ ਕੋਈ ਸਕੂਟਰ ਜਾਂ ਮੋਟਰਸਾਈਕਲ ਸਵਾਰ ਵੀ ਬਿੱਲਾ ਹੀ ਨਜ਼ਰ ਆਉਂਦਾ।

ਉਹਨਾਂ ਥੋੜੀ ਦੂਰ ਜਾ ਕੇ ਰਿਕਸ਼ਾ ਕਰ ਲਿਆ। ਉਹ ਰਿਕਸ਼ੇ 'ਤੇ ਚੜ੍ਹਨਾ ਬੇਸ਼ੱਕ ਪਸੰਦ ਨਹੀਂ ਸੀ ਕਰਦਾ, ਪਰੰਤੂ ਅੱਜ ਰਸਤਾ ਜਲਦੀ ਤਹਿ ਕਰਨ ਦੇ ਨਜ਼ਰੀਏ ਨਾਲ ਉਹਨੂੰ ਰਿਕਸ਼ਾ ਕਰਨਾ ਪਿਆ ਤੇ ਉਹ ਵੀ ਇਕ ਰੁਪਿਆ ਫਾਲਤੂ? ਉਹਨੇ ਕੋਈ ਬਹਿਸ ਕਰਨੀ ਵੀ ਮੁਨਾਸਿਬ ਨਾ ਸਮਝੀ।

ਰਿਕਸ਼ਾ ਹਾਲੇ ਸਿਨੇਮੇ ਤੋਂ ਅੱਧਾ ਕੁ ਫਰਲਾਂਗ ਰਿਹਾ ਹੋਵੇਗਾ ਕਿ ਰਿਕਸ਼ਾ ਦੇ ਮੂਹਰੇ ਦੋ ਮੋਟਰ ਸਾਈਕਲ ਆ ਖੜੇ ਹੋਏ। ਦੋਨਾਂ 'ਤੇ ਦੋ ਦੋ ਜਣੇ। ਬਿੱਲਾ ਕਿੰਨੀ ਹੀ ਦੇਰ ਉਹਨਾਂ ਵੱਲ ਵੇਖਦਾ ਰਿਹਾ ਤੇ ਪਾਨ ਨੂੰ ਚਬਾਅ ਚਬਾਅ ਕੇ ਖਾਂਦਾ ਰਿਹਾ। ਫੇਰ ਉਹਨੇ



ਹੱਥ 'ਚ ਸੁਲਗਦੀ ਸਿਗਰਟ ਦਾ ਇਕ ਲੰਮਾ ਕਸ਼ ਖਿੱਚਿਆ ਤੇ ਅੱਧੀ ਸਿਗਰਟ ਨੂੰ ਪਰ੍ਹਾਂ ਵਗਾਹ ਮਾਰਿਆ।

ਪ੍ਰਕਾਸ਼ ਚੰਦ ਦਾ ਸਾਹ ਤੇਜ਼ ਤੇਜ਼ ਚੱਲਣ ਲੱਗਾ। ਚਿਹਰੇ ਦੇ ਯਕਲਖਤ ਕਈ ਰੰਗ ਬਦਲ ਬਦਲ ਗਏ। "ਪ੍ਰਕਾਸ਼ ਚੰਦਾ! ਅੱਜ ਤੇਰੀ ਤੇ ਤੇਰੀ ਬੇਟੀ ਮੌਤ ਦੇ ਘਾਟ ਉਤਾਰ ਦਿੱਤੇ ਜਾਣਗੇ।" ਪ੍ਰਕਾਸ਼ ਚੰਦ ਤੇਜ਼ ਗਤੀ ਸੋਚਣ ਲੱਗਾ।

—ਮੌਤ ਨਹੀਂ ਤਾਂ ਮੌਤ ਤੋਂ ਵਧਕੇ ਮਾਰ ਖਾਣੀ ਪਵੇਗੀ। ਤੇ ਉਹਦੀ ਬੇਟੀ ਨਾਲ ਜ਼ਲੀਲ ਹਰਕਤਾਂ ਤੇ ਹੋ ਸਕਦਾ ਹੈ...

ਸੋਚ ਸੋਚਕੇ ਉਹ ਰਿਕਸ਼ੇ ਦੇ ਅੰਦਰ ਧੱਸਦਾ ਜਾ ਰਿਹਾ ਸੀ।

—ਨਹੀਂ, ਅਜਿਹਾ ਹੋਣ ਤੋਂ ਪਹਿਲਾਂ ਹੀ ਉਹ ਬਿੱਲੇ ਦੇ ਪੈਰਾਂ ਹੇਠ ਗਿਰ ਜਾਵੇਗਾ। ਵਾਸਤੇ ਪਾਕੇ ਤੇ ਰੋ ਰੋ ਕੇ ਉਸ ਤੋਂ ਹੋਈ ਗਲਤੀ ਲਈ ਮੁਆਫੀਆਂ ਮੰਗੇਗਾ।

ਬਿੱਲੇ ਨੇ ਕੋਈ ਹਰਕਤ ਨਾ ਕੀਤੀ। ਸਿਰਫ ਪਾਨ ਚੱਬਦਾ ਜਾ ਰਿਹਾ ਸੀ ਤੇ ਉਹਨਾਂ ਵੱਲ ਵੇਖਦਾ ਜਾ ਰਿਹਾ ਸੀ। ਸੁਜਾਤਾ ਤੇ ਰਿਕਸ਼ਾ ਮਾਸਟਰ ਵੀ ਥੋੜ੍ਹੇ ਥੋੜ੍ਹੇ ਡਰ ਤੇ ਘਬਰਾ ਗਏ ਸਨ ਕਿ ਇਹ ਕੀ ਮਾਜਰਾ ਹੈ?

ਬਿੱਲੇ ਦੇ ਪਿੱਛੇ ਬੈਠਾ ਮੁੰਡਾ ਮੋਟਰ ਸਾਈਕਲ ਤੋਂ ਉਤਰਕੇ ਪ੍ਰਕਾਸ਼ ਚੰਦ ਵੱਲ ਜਦੋਂ ਵਧਣ ਲੱਗਾ ਤਾਂ ਬਿੱਲੇ ਨੇ ਉਹਨੂੰ ਰੋਕ ਲਿਆ ਤੇ ਫੇਰ ਦੂਜੇ ਸਾਥੀਆਂ ਵੱਲ ਵੇਖ ਕੇ ਇਸ਼ਾਰਾ ਕੀਤਾ: "ਚਲੋ ਚੱਲੀਏ!"

ਉਹਦੇ ਸਾਥੀ ਕੁਝ ਨਹੀਂ ਬੋਲੇ ਪਰ ਹੈਰਾਨ ਹੋਇਆਂ ਆਪਣੇ ਉਸਤਾਦ ਦੇ ਹੁਕਮ ਦੀ ਤਾਮੀਲ ਜ਼ਰੂਰ ਕੀਤੀ।

ਬਾਬੂ ਪ੍ਰਕਾਸ਼ ਚੰਦ ਨੂੰ ਵੀ ਇਸ ਸਭ ਕੁਝ ਦੀ ਉੱਕਾ ਹੀ ਕੋਈ ਸਮਝ ਨਾ ਪਈ। ਪਰ ਉਹਦੀ ਜਾਨ ਵਿਚ ਜਾਨ ਜ਼ਰੂਰ ਪਰਤ ਆਈ।

ਅਗਲੀ ਸਵੇਰ ਸੋਮਵਾਰ ਨੂੰ ਪ੍ਰਕਾਸ਼ ਚੰਦ ਨੂੰ ਦਫਤਰ ਜਾਣ ਲੱਗਿਆਂ ਕੋਈ ਏਡੀ ਚਿੰਤਾ ਨਹੀਂ ਸੀ ਹੋ ਰਹੀ। ਉਹ ਪਿਛਲੇ ਦੋ ਦਿਨਾਂ ਨਾਲੋਂ ਕੁਝ ਨਿਸਚਿੰਤ ਸੀ। ਖੁਸ਼ ਵੀ ਸੀ ਤੇ ਹੌਂਸਲੇ ਵਿਚ ਵੀ।

ਸੜਕ 'ਤੇ ਬੇ-ਫਿਕਰ ਹੋ ਤੁਰਿਆ ਜਾ ਰਿਹਾ ਸੀ। ਪਰ ਫੇਰ ਵੀ ਆਦਮੀ ਆਦਮੀ ਹੈ। ਡਰ ਤੇ ਭੈਅ ਦੇ ਅਹਿਸਾਸ ਦਾ ਧੂੰਆਂ ਉਹਦਾ ਹਮਸਫਰ ਬਣਿਆ ਰਹਿੰਦਾ ਹੈ। ਇਸ ਲਈ ਬਾਬੂ ਪ੍ਰਕਾਸ਼ ਚੰਦ ਬੇ-ਫਿਕਰ ਹੁੰਦੇ ਹੋਏ ਵੀ ਫਿਕਰਮੰਦ ਸੀ: "ਗੁੰਡੇ ਤਾਂ ਗੁੰਡੇ ਹਨ। ਬਦਮਾਸ਼। ਕੀ ਭਰੋਸਾ ਕਦੋਂ ਬਦਲਾ ਚੁਕਾ ਲੈਣ?"

ਪ੍ਰਕਾਸ਼ ਚੰਦ ਦੇ ਅੰਦਰੋਂ ਸੁਆਲ ਉਠਿਆ।

"ਪਰ ਓਸ ਦਿਨ ਤਾਂ ਉਹਨਾਂ ਕੁਝ ਨਹੀਂ ਕਿਹਾ।" ਦੂਜੇ ਸਵਾਲ ਨੇ ਵੀ ਜਨਮ ਲਿਆ।

ਉਹ ਜਲਦੀ ਜਲਦੀ ਪੈਰ ਪੁੱਟਣ ਲੱਗਾ। ਪਰ ਉਹਨੂੰ ਆਪਣੇ ਤੇਜ਼ ਕਦਮਾਂ 'ਤੇ ਜਿਵੇਂ ਅੱਜ ਇਤਬਾਰ ਨਹੀਂ ਸੀ ਆ ਰਿਹਾ। ਉਹਨੂੰ ਜਾਪਦਾ ਸੀ, ਜਿਵੇਂ ਉਹਦੇ ਅਗਾਂਹ

ਵੱਲ ਵੱਧਦੇ ਤੇਜ਼ ਕਦਮ ਤੇਜ਼ੀ ਨਾਲ ਪਿਛਾਂਹ ਵੱਲ ਪਰਤ ਰਹੇ ਹੋਣ ਜਾਂ ਡਗਮਗਾ ਰਹੇ ਹੋਣ ।

ਮੋਨ ਚੌਂਕ ਤੋਂ ਮਾਲ ਰੋਡ 'ਤੇ ਉਤਰਦਿਆਂ ਹੀ ਉਹਨੂੰ ਸਾਈਡ 'ਤੇ ਮੋਟਰ ਸਾਈਕਲ ਖੜ੍ਹਾ ਕੇ ਗੁਲਮੋਹਰ ਦੇ ਦਰੱਖਤਾਂ ਨਾਲ ਖੜ੍ਹਾ ਬਿੱਲਾ ਤੇ ਉਹਦੇ ਸਾਥੀ ਨਜ਼ਰ ਆਏ । ਪ੍ਰਕਾਸ਼ ਚੰਦ ਨੂੰ ਵੇਖਦਿਆਂ ਹੀ ਬਿੱਲਾ ਤੇ ਉਹਦੇ ਸਾਥੀ ਤੇਜ਼ੀ ਤੇ ਕਾਹਲੀ ਨਾਲ ਉਸ ਵੱਲ ਵਧੇ ।

ਪ੍ਰਕਾਸ਼ ਚੰਦ ਦਾ ਸਹਿਮ ਪਹਾੜ ਬਣ ਗਿਆ । ਬੇ-ਫਿਕਰੀ ਦਾ ਮਾਮੂਲੀ ਅਹਿਸਾਸ ਵੀ ਖੰਭ ਲਾ ਕੇ ਤਿੱਤਰ ਹੋ ਗਿਆ ।

—ਹੁਣ ਉਹ ਕੀ ਕਰੇਗਾ ? ਉਹ ਉਹਨੂੰ ਜੀਉਂਦਾ ਨਹੀਂ ਛੱਡਣਗੇ ।

ਪ੍ਰਕਾਸ਼ ਚੰਦ ਦੇ ਦਿਲ ਦਿਮਾਗ 'ਤੇ ਹਥੌੜੇ ਵਰਗੀ ਵਾਰ ਹੋਣੇ ਸ਼ੁਰੂ ਹੋ ਗਏ ।

—ਬਿੱਲੇ ਤੇ ਉਹਦੇ ਸਾਥੀਆਂ ਨੇ ਜੇ ਉਹਨੂੰ ਜਾਨ ਤੋਂ ਨਾ ਮਾਰਿਆ ਤਾਂ ਘੱਟ ਘੱਟ ਕੁੱਟਣ ਮਾਰਨਗੇ ਤਾਂ ਜ਼ਰੂਰ ।

ਹੋਣ ਵਾਲੀ ਕੁੱਟਮਾਰ ਦੇ ਅਣਕਿਆਸੇ ਡਰ ਨਾਲ ਉਹਦਾ ਸਾਰਾ ਸਰੀਰ ਹੀ ਰਕਤਹੀਣ ਹੋਣ ਲੱਗਾ ।

—ਸ਼ਰੀਫ ਆਦਮੀ ਨੂੰ ਤਾਂ ਇਕ ਥੱਪੜ ਮਾਰਿਆ ਈ ਬਹੁਤ ਹੁੰਦੈ । ਘੱਟ ਬੇ-ਇਜ਼ਤੀ ਐ ?

ਉਹ ਕੰਬਣ ਲੱਗਾ । ਤੇਜ਼ ਸੋਚਾਂ ਦੇ ਹੜ੍ਹ 'ਚ ਗੋਤੇ ਖਾਣ ਲੱਗਾ ।

ਬਿੱਲਾ ਤੇ ਉਹਦੇ ਸਾਥੀ ਉਹਦੇ ਬਿਲਕੁਲ ਕਰੀਬ ਆ ਗਏ ਸਨ । ਬਿੱਲੇ ਨੇ ਉਹਦੇ ਮੋਢਿਆਂ 'ਤੇ ਹੱਥ ਧਰਕੇ ਭਾਰੀ-ਭਰਕਮ ਆਵਾਜ਼ 'ਚ ਕਿਹਾ : "ਬਾਬੂ...ਜਾਹ ਤੈਨੂੰ ਮਾਫ ਕੀਤਾ ! -ਤੂੰ ਵੀ ਯਾਦ ਕਰੇਂਗਾ ਕਿ ਬਿੱਲੇ ਨਾਲ ਵਾਹ ਪਿਆ ਸੀ ।" ਆਸ ਤੋਂ ਬਿਲਕੁਲ ਉਲਟ ਦੇਖਕੇ ਉਹਨੂੰ ਥੋੜ੍ਹਾ ਸਾਹ ਆਇਆ । ਉਹ ਡਰਦਾ ਤੇ ਕੰਬਦਾ ਹੋਇਆ ਤੁਰਨ ਨੂੰ ਹੋਇਆ : "ਕਿੱਥੇ ਜਾਨੈ ਬਾਬੂ" ਉਹਦਾ ਸਾਹ ਜਿਵੇਂ ਇਕ ਜਗ੍ਹਾ ਖਲੋ ਗਿਆ : "ਤੇਰੀ ਕੁੜੀ ਬੜੀ ਸੁਹਣੀ ਐ । ਧਰਮ ਨਾਲ ਆਪਣਾ ਤਾਂ ਦਿਲ ਆ ਗਿਐ ਉਹਤੇ ?"

ਪ੍ਰਕਾਸ਼ ਚੰਦ 'ਤੇ ਜਿਵੇਂ ਡਰ ਤੇ ਸਹਿਮ ਤੋਂ ਵੀ ਕੋਈ ਵੱਡੀ ਆਫਤ ਆ ਪਈ ਹੋਵੇ । ਉਹਦੇ ਨੀਲੇ ਪਏ ਹੋਂਠ ਥਰਥਰਾਉਣ ਲੱਗੇ । ਅੱਖਾਂ 'ਚ ਕਈ ਤਰ੍ਹਾਂ ਦੇ ਭਾਵ ਉਤਪੰਨ ਹੋਏ ਤੇ ਚਿਹਰੇ ਦੇ ਕਿੰਨੇ ਹੀ ਰੰਗ ਬਦਲ ਬਦਲ ਗਏ : "ਪਰ ਆਪਣੀ ਨਜ਼ਰ ਬੁਰੀ ਨੀ ਬਾਬੂ, ਉਹਦੇ ਨਾਲ ਬਾਕਾਇਦਾ ਤੌਰ 'ਤੇ ਵਿਆਹ ਕਰਾਵਾਂਗੇ ।"

ਸਹਿਮਤੀ ਲੈਣ ਲਈ ਬਿੱਲਾ ਪ੍ਰਕਾਸ਼ ਚੰਦ ਵੱਲ ਤੇ ਫੇਰ ਆਪਣੇ ਸਾਥੀਆਂ ਵੱਲ ਝਾਕਿਆ । ਸਾਥੀਆਂ ਨੇ 'ਹਾਂ' ਵਿਚ ਸਿਰ ਹਿਲਾਇਆ । "ਘਬਰਾ ਨਾ ਬਾਬੂ, ਜਿੱਥੇ ਮਰਜੀ ਤੁਰਿਆ ਫਿਰੀਂ, ਬੱਸ ਇਕ ਬਾਰ ਹਾਂ ਕਰ ਦੇ ।"

ਬਿੱਲੇ ਨੇ ਦੁਬਾਰਾ ਉਹਦੇ ਮੋਢਿਆਂ 'ਤੇ ਹੱਥ ਮਾਰਕੇ ਉਹਨੂੰ ਉਹਦੀ ਹੋਂਦ ਦਾ ਅਹਿਸਾਸ ਦਿਵਾਇਆ ।



ਇਸਤੋਂ ਪਹਿਲਾਂ ਕਿ ਬਿੱਲਾ ਕੁਝ ਹੋਰ ਬੋਲਦਾ, ਪ੍ਰਕਾਸ਼ ਚੰਦ ਬੜੀ ਤੇਜ਼ੀ ਨਾਲ ਪਿੱਛੇ ਵੱਲ ਨੂੰ ਵਾਪਿਸ ਪਰਤਿਆ । ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਹ ਸਿੱਧਾ ਆਪਣੇ ਘਰ ਜਾਕੇ ਅੰਦਰੋਂ ਕੁੰਡਾ ਮਾਰ ਲਵੇਗਾ ਜਾਂ ਫੇਰ ਉਹ ਅਗਲੇ ਮੋੜ 'ਤੇ ਪੈਂਦੀ ਕੋਤਵਾਲੀ ਦਾ ਦਰਵਾਜ਼ਾ ਖਟਖਟਾਏਗਾ । ਜਾਂ ਹੋ ਸਕਦਾ ਹੈ ਉਹ ਆਉਂਦੇ ਜਾਂਦੇ ਲੋਕਾਂ ਨੂੰ ਮਦਦ ਲਈ ਪੁਕਾਰੇਗਾ । ਪਰ ਅਜਿਹਾ ਕੁਝ ਵੀ ਨਾ ਵਾਪਰਿਆ । ਉਹ ਸੜਕ ਤੋਂ ਹਟਵੀਂ ਕੱਚੀ ਥਾਂ ਵੱਲ ਤੇਜ਼ੀ ਨਾਲ ਵਧਿਆ ਤੇ ਉਸ ਇਕ ਛੋਟਾ ਜਿੰਨਾ ਪੱਥਰ ਉਠਾਇਆ ਤੇ ਬੜੀ ਤੇਜ਼ੀ ਨਾਲ ਉਹ ਪੱਥਰ 'ਉਹਨਾਂ ਲੋਕਾਂ' ਵੱਲ ਵਗਾਹ ਮਾਰਿਆ ।

0

[ਜ਼ਿਲ੍ਹਾ ਉਦਯੋਗ ਕੇਂਦਰ, ਮਲੇਰਕੋਟਲਾ]

## **ਗ਼ਜ਼ਲ**/ਗੁਪਿੰਦਰ ਮਾਨ

ਰਿਸ਼ਤੇ ਮੁਹੱਬਤ ਦੇ ਪੂੰਜੀ ਨੇ ਦਿਲ ਦੀ, ਵੰਡੇ ਨਹੀਂ ਜਾਣੇ ਇਹ ਪਾਣੀ ਨਹੀਂ ਹੈ ।
ਮਨਾਂ ਦੇ ਹਨੇਰੇ 'ਚ ਲੋਅ ਜੋ ਜਗੀ ਹੈ, ਤੈਥੋਂ ਬੁਝਾਈ ਉਹ ਜਾਣੀ ਨਹੀਂ ਹੈ ।

ਰਾਤਾਂ ਨੂੰ ਦਿਨ ਜੋ ਕਹਿਣ ਰਾਤ ਵੇਲੇ, ਸੂਰਜ ਹੈ ਟੋਲਣ ਜੋ ਨਿਕਲੇ ਕੁਵੇਲੇ,
ਉਹ ਕੀ ਸਿਆੜਾਂ 'ਚ ਬੀਜਣਗੇ ਚਾਨਣ, ਜਿਹਨਾਂ ਨੇ ਵੱਤਰ ਪਛਾਣੀ ਨਹੀਂ ਹੈ ।

ਫੁੱਲਾਂ ਨੂੰ ਮਿੱਧਕੇ ਤੇ ਕਲੀਆਂ ਮਸਲਕੇ, ਜਾਵੋਗੇ ਕਿੱਥੇ ਇਉਂ ਪੰਛੀ ਕੁਚਲ ਕੇ,
ਕਿੱਥੇ ਹੈ ਹਿਟਲਰ ਤੇ ਜ਼ਾਰ ਮਸੋਲਨੀ, ਗਾਥਾ ਇਹ ਬਹੁਤੀ ਪੁਰਾਣੀ ਨਹੀਂ ਹੈ ।

ਪੜਾਅ ਸੋਚ ਦਾ ਇਹ ਨਾਜ਼ੁਕ ਬੜਾ ਹੈ, ਅੱਖਾਂ 'ਚ ਨਫ਼ਰਤ ਦਾ ਰੁੱਖ ਉੱਗਿਆ ਹੈ ।
ਬੀਜੇ ਪਿਆਰਾਂ ਦੇ ਬੀਅ ਜੋ ਅਸਾਂ ਨੇ, ਉਹਨਾਂ ਵੀ ਪਰ ਮਾਤ ਖਾਣੀ ਨਹੀਂ ਹੈ ।

ਜਦ ਖੇਤ ਜਾਗੇ ਤੇ ਜਾਗੀ ਮਨੁੱਖਤਾ, ਹਰ ਮਨ 'ਚ 'ਕੇਰਾਂ ਜੇ ਹੋ ਗਈ ਚੇਤੰਨਤਾ,
ਤਾਜ ਤੇਰੇ ਫਿਰ ਇਹ ਹਵਾ 'ਚ ਰੁਲਣਗੇ, ਸੱਚ ਹੈ ਇਹ ਝੂਠੀ ਕਹਾਣੀ ਨਹੀਂ ਹੈ ।

0

[ਬੀ-48, ਸਾਦਾ ਪੱਟੀ, ਜੈਤੋ ਮੰਡੀ-151202]

# ਦੁਸ਼ਮਣ

ਰਣਜੀਤ ਸਿੰਘ

ਟੈਰੀਟੋਰੀਅਲ ਆਰਮੀ ਲਈ ਜਦੋਂ ਆਫਿਸਰਜ਼ ਟਰੇਨਿੰਗ ਸਕੂਲ ਭੁਵਨੇਸ਼ਵਰ ਸਿਖਲਾਈ ਵਾਸਤੇ ਪਹੁੰਚਣ ਦਾ ਹੁਕਮ ਮਿਲਿਆ, ਮੈਂ ਤਾਂ ਖੁਸ਼ ਹੋਣਾ ਹੀ ਸੀ, ਸਾਰੇ ਘਰ ਨੂੰ ਜਿਵੇਂ ਸੁਖ ਦਾ ਸਾਹ ਮਿਲਿਆ। ਮੇਰੀਆਂ ਲਗਾਤਾਰ ਨਾਕਾਮਯਾਬੀਆਂ ਕਾਰਨ ਸਾਡੇ ਘਰ ਦਾ ਮਾਹੌਲ ਉਦਾਸ ਤੇ ਪਰੇਸ਼ਾਨੀ ਭਰਪੂਰ ਸੀ। ਇਮਤਿਹਾਨ ਮੈਂ ਸਾਰੇ ਪਾਸ ਕਰੀ ਜਾਂਦਾ ਸਾਂ ਪਰ ਨੰਬਰ ਏਨੇ ਨਹੀਂ ਸਨ ਆਉਂਦੇ ਕਿ ਕਿਧਰੇ ਮੈਰਿਟ ਵਿਚ ਆ ਜਾਂਦਾ। ਦੋ ਵਾਰ ਨੈਸ਼ਨਲ ਡੀਫੈਂਸ ਅਕਾਡਮੀ ਖੜਗਵਾਸਕਾ ਲਈ ਬੈਠਿਆ। ਦੋਵੇਂ ਵਾਰ ਲਿਖਤੀ ਇਮਤਿਹਾਨ ਪਾਸ ਕਰ ਲਿਆ ਪਰ ਇੰਟਰਵਿਊ ਵਿਚ ਕਾਮਯਾਬੀ ਨਾ ਮਿਲੀ। ਇੰਡੀਆ ਮਿਲਟਰੀ ਅਕਾਡਮੀ ਡਿਹਰਾਦੂਨ ਵਿਚ ਵੀ ਮੈਂ ਇਸੇ ਤਰ੍ਹਾਂ ਨਾ ਪਹੁੰਚ ਸਕਿਆ। ਮੈਡੀਕਲ ਅਤੇ ਇੰਜੀਨੀਅਰਿੰਗ ਕਾਲਿਜ ਮੇਰੀ ਪਹੁੰਚ ਤੋਂ ਬਹੁਤ ਦੂਰ ਸਨ।

ਜਿਹੜਾ ਮਿਲੇ ਆਖੇ, ਕੋਈ ਲਾਈਨ ਫੜ, ਕੋਈ ਲਾਈਨ ਫੜ। ਮੈਂ ਹਾਰ ਕੇ ਆਖਣ ਲੱਗ ਪਿਆ, "ਜੇ ਹੋਰ ਕੋਈ ਲਾਈਨ ਨਾ ਮਿਲੇ ਤਾਂ ਕੀ ਗੱਡੀ ਦੀ ਲਾਈਨ ਫੜ ਲਵਾਂ? ਤੇ ਜੇ ਆਖੋ ਤਾਂ ਬਿਜਲੀ ਦੀ ਲਾਈਨ ਫੜ ਲੈਂਦਾ ਹਾਂ।"

ਨਾ ਹਾਸਾ ਨਿਕਲਦਾ ਨਾ ਰੋਣ ਆਉਂਦਾ।

ਹੱਕ ਦੀ ਗੱਲ ਇਹ ਸੀ ਕਿ ਮੇਰਾ ਬਚਪਨ ਤੋਂ ਹੀ ਰੁਝਾਨ ਸਾਹਿਤਕ ਸੀ। ਕਵਿਤਾ, ਕਹਾਣੀ ਅਤੇ ਨਾਵਲ ਪੜ੍ਹਨ ਵਾਲੇ ਨੇ ਕਿੰਨਾ ਕੁ ਸਾਇੰਸ ਤੇ ਹਿਸਾਬ ਲਈ ਵਕਤ ਕੱਢ ਲੈਣਾ ਸੀ ਅਤੇ ਕਵਿਤਾ, ਕਹਾਣੀ ਲਿਖਣ ਵਾਲੇ ਨੇ ਖੇਡਾਂ ਵਿਚ ਕਿੰਨੀਆਂ ਕੁ ਮੱਲਾਂ ਮਾਰ ਲੈਣੀਆਂ ਸਨ। ਹੁਣ ਛੋਟੇ ਭਰਾ ਨੂੰ ਫੌਜ ਵਿਚ ਅਫ਼ਸਰ ਬਣਿਆਂ ਵੀ ਕਈ ਸਾਲ ਬੀਤ ਗਏ ਸਨ। ਮੇਰੇ ਕਿਸੇ ਥਾਂ ਸਿਰ ਨਾ ਲੱਗਣ ਕਰਕੇ ਉਸਦਾ ਵਿਆਹ ਵੀ ਰੁਕਿਆ ਪਿਆ ਸੀ।

ਟੈਰੀਟੋਰੀਅਲ ਆਰਮੀ ਦੀ ਨੌਕਰੀ ਦੀ ਮਿਆਦ ਤਾਂ ਸਿਰਫ ਪੰਜ ਸਾਲ ਹੀ ਹੁੰਦੀ ਹੈ। ਪਰ ਚੰਗਾ ਕੰਮ ਦਿਖਾਉਣ ਉਤੇ ਮਿਆਦ ਵਧ ਵੀ ਜਾਂਦੀ ਹੈ ਤੇ ਕਈ ਵਾਰੀ ਨੌਕਰੀ ਮੁਸਤਕਿਲ ਵੀ ਹੋ ਜਾਂਦੀ ਹੈ।

ਚਲੋ, ਪੰਜ-ਸੱਤ ਸਾਲਾਂ ਵਾਸਤੇ ਤਾਂ ਭੁੱਖ ਅਤੇ ਪਰੇਸ਼ਾਨੀ ਦੇ ਬਘਿਆੜ ਬੂਹਿਓਂ ਦੂਰ ਜਾ ਖਲੋਤੇ ਸਨ।

ਦੋ ਸਾਲ ਭੁਵਨੇਸ਼ਵਰ ਵਿਚ ਟਰੇਨਿੰਗ ਬਾਅਦ ਮੈਨੂੰ ਮਰਾਠ ਰਜਮੈਂਟ ਵਿਚ ਅਫਸਰ ਬਣਾ ਕੇ ਨਾਗਾਲੈਂਡ ਭੇਜ ਦਿੱਤਾ ਗਿਆ। ਉਥੇ ਮੈਂ ਤਕਰੀਬਨ ਦੋ ਸਾਲ ਹੀ ਰਿਹਾ



ਹੋਵਾਂਗਾ ਕਿ ਸਾਡੀ ਰੈਜਮਿੰਟ ਦਿੱਲੀ ਆ ਗਈ। ਦਿੱਲੀ ਕੁਝ ਸਮਾਂ ਹੀ ਲੰਘਿਆ ਸੀ ਕਿ ਪੂਰਬੀ ਪਾਕਿਸਤਾਨ, ਜੋ ਹੁਣ ਬੰਗਲਾ ਦੇਸ਼ ਕਹਾਉਂਦਾ ਹੈ, ਵਿਚ ਗੜਬੜ ਸ਼ੁਰੂ ਹੋ ਗਈ। ਪਾਕਿਸਤਾਨ ਵਿਚ ਹੋਈਆਂ ਆਮ ਚੋਣਾਂ ਵਿਚ ਕੌਮੀ ਅਸੈਂਬਲੀ ਲਈ ਮੁਜੀਬੁਰ ਰਹਿਮਾਨ ਦੀ ਅਵਾਮੀ ਪਾਰਟੀ ਬਹੁ-ਮੱਤ ਲੈਣ ਵਿਚ ਕਾਮਯਾਬ ਤਾਂ ਹੋ ਗਈ ਪਰ ਨਾ ਸਦਰ ਯਾਹੀਆ ਖਾਨ ਤੇ ਨਾ ਹੀ ਆਪ ਵਜ਼ੀਰੇ-ਆਜ਼ਮ ਬਣਨ ਦੇ ਖਾਹਸ਼ਮੰਦ ਭੁੱਟੋ ਸਾਹਿਬ ਨੇ ਉਨ੍ਹਾਂ ਨੂੰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਦਿੱਤਾ। ਪੂਰਬੀ ਪਾਕਿਸਤਾਨ ਵਿਚ ਹਾਲਾਤ ਬਹੁਤ ਖਰਾਬ ਹੋ ਗਏ। ਮੁਜੀਬ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਫੇਰ ਤਸ਼ੱਦਦ ਅਤੇ ਦਮਨ ਦਾ ਦੌਰ ਸ਼ੁਰੂ ਹੋ ਗਿਆ।

ਲੱਖਾਂ ਦੀ ਗਿਣਤੀ ਵਿਚ ਲੋਕ ਪੂਰਬੀ ਪਾਕਿਸਤਾਨ ਛੱਡ ਕੇ ਹਿੰਦੋਸਤਾਨ ਆ ਗਏ। ਭਾਰਤ ਸਰਕਾਰ ਦੀ ਪਾਕਿਸਤਾਨ ਨੂੰ 'ਆਪਣਾ ਘਰ ਸਾਂਭਣ ਦੀ ਸਲਾਹ' ਕਿਸੇ ਨਾ ਗੌਲੀ। ਮੁਕਤੀ ਬਾਹਣੀ ਵਜੂਦ ਵਿਚ ਆ ਗਈ। ਤੇ ਇਸ ਤਰ੍ਹਾਂ ਉਨੀ ਸੌ ਇਕੱਤਰ ਵਾਲੀ ਹਿੰਦ-ਪਾਕਿ ਜੰਗ ਸ਼ੁਰੂ ਹੋ ਗਈ। ਸਾਫ ਜ਼ਾਹਰ ਸੀ ਲੜਾਈ ਪੂਰਬੀ ਅਖਾੜੇ ਤਕ ਸੀਮਤ ਨਹੀਂ ਰਹਿਣੀ। ਸੋ ਸਾਡੀ ਰੈਜਮਿੰਟ ਨੂੰ ਜਮੂੰ-ਕਸ਼ਮੀਰ ਵਿਚ ਕਾਰਗਲ ਦੇ ਇਲਾਕੇ ਵਿਚ ਭੇਜ ਦਿੱਤਾ ਗਿਆ।

ਕਾਰਗਲ ਸੈਕਟਰ ਵਿਚ ਹੀ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ ਸੀ। — ਉਹ ਜੋ ਮੇਰਾ ਦੁਸ਼ਮਣ ਸੀ। ਉਸ ਮੇਰੀ ਜ਼ਮੀਨ ਨਹੀਂ ਸੀ ਸਾਂਭੀ। ਮੇਰੀ ਘਰ ਦੀ ਕਿਸੇ ਔਰਤ ਉੱਤੇ ਬੁਰੀ ਨਜ਼ਰ ਨਹੀਂ ਸੀ ਪਾਈ। ਨਾ ਹੀ ਮੇਰਾ ਉਸ ਨਾਲ ਪਹਿਲਾਂ ਕਦੀ ਕੋਈ ਵਾਹ ਪਿਆ ਸੀ। ਪਰ ਉਹ ਮੇਰਾ ਦੁਸ਼ਮਣ ਸੀ। ਇਹ ਜੰਗ ਸੀ—ਸਾਡੇ ਦੋ ਦੇਸ਼ਾਂ ਵਿਚਕਾਰ ਜੰਗ। ਅਤੇ ਜੰਗ ਦਾ ਤਾਂ ਇੱਕੋ ਹੀ ਅਸੂਲ ਹੁੰਦਾ ਹੈ—ਜੇ ਪਹਿਲੇ ਹੱਲੇ ਮੈਂ ਉਸ ਨੂੰ ਨਾ ਮਾਰਿਆ ਤਾਂ ਮੌਕਾ ਮਿਲਣ ਉਤੇ ਉਹ ਮੈਨੂੰ ਮਾਰ ਦੇਵੇਗਾ। ਇਹੀ ਸਾਡੀ ਸਿਖਲਾਈ ਸੀ। ਅੱਖਾਂ ਵਿਚ ਖੂਨ, ਰਾਈਫਲ 'ਤੇ ਸੰਗੀਨ ਅਤੇ ਹੋਠਾਂ ਉਤੇ ਚਾ...ਰ...ਜ। ਜਾਂ ਉਹ ਨਹੀਂ, ਜਾਂ ਮੈਂ ਨਹੀਂ।

ਪਰ ਇਸ ਤਰ੍ਹਾਂ ਨਾ ਹੋਇਆ।

ਕਹਿਣ ਨੂੰ ਤਾਂ ਇਹ ਇਲਾਕਾ ਧਰਤੀ ਦੇ ਸਵਰਗ ਕਸ਼ਮੀਰ ਦਾ ਹੀ ਇਕ ਹਿੱਸਾ ਹੈ। ਸਰਦੀਆਂ ਵਿਚ ਬਹੁਤ ਸਰਦੀ, ਇਹ ਵੀ ਸਭ ਜਾਣਦੇ ਹਨ। ਪਰ ਵੇਖਣ ਅਤੇ ਸੁਣਨ ਵਿਚ ਬਹੁਤ ਫਰਕ ਹੁੰਦਾ ਹੈ। ਅਤੇ ਸਮਝਣ ਤਕ ਪਹੁੰਚਦਿਆਂ ਅਸਲੀਅਤ ਅਤੇ ਕਿਆਸ ਵਿਚ ਫਾਸਲਾ ਹੋਰ ਵੀ ਵਧ ਜਾਂਦਾ ਹੈ।

ਠੰਢਾ-ਸਫੈਦ-ਰੇਤਲਾ ਨਰਕ ਹੈ ਇਹ। ਮੁਲਤਾਨ ਹੋਏਗਾ ਗਰਮ ਨਰਕ। ਪਰ ਇਹ ਠੰਢਾ ਨਰਕ ਹੈ। ਪਹਾੜੀਆਂ ਉਤੇ ਬਰਫ, ਮੈਦਾਨਾਂ ਵਿਚ ਬਰਫ ਤੇ ਬਰਫ ਦੇ ਦਰਿਆ। ਗਲੈਸ਼ੀਅਰ ਕਹਿੰਦੇ ਨੇ ਇਨ੍ਹਾਂ—ਬਰਫ ਦੇ ਵਗਦੇ—ਦਰਿਆਵਾਂ ਨੂੰ। 'ਦੋ-ਦੋ ਗਰਮ ਜੁਰਾਬਾਂ, ਉਪਰ ਬੂਟ ਤੇ ਫਿਰ ਵੀ ਉਂਗਲਾਂ ਅੰਗੂਠੇ ਭੁਰ ਭੁਰ ਜਾਂਦੇ। ਕਈ ਵਾਰੀ ਤਾਂ ਕਿਸੇ ਦੀਆਂ ਉਂਗਲਾਂ ਕੱਟਣੀਆਂ ਵੀ ਜ਼ਰੂਰੀ ਹੋ ਜਾਂਦੀਆਂ। ਗਰਮ ਬਨੈਣ, ਗਰਮ ਕਮੀਜ਼, ਜਰਸੀ ਤੇ ਓਵਰ ਕੋਟ ਵਿਚ ਵੀ ਹੱਡੀਆਂ ਠੁਰ-ਠੁਰ ਜਾਂਦੀਆਂ। ਪਗੜੀਆਂ ਦੇ ਹੇਠ ਗਰਮ ਛੋਟੀ

ਪੱਗ ਬੰਨ੍ਹਣੀ ਪੈਂਦੀ ਸੀ । ਸਰਦੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮੂੰਹੋਂ ਨਿਕਲਦਾ ਸਾਹ ਧੁੰਦ ਬਣ ਜਾਂਦਾ ਤੇ ਧੁੰਦ ਨਿਕੇ-ਨਿੱਕੇ ਬਰਫ ਦੇ ਮੋਤੀ ਬਣ ਕੇ ਦਾੜ੍ਹੀ-ਮੁੱਛਾਂ ਉਤੇ ਜੰਮ ਜਾਂਦੀ । ਇਸ 'ਤੇ ਤੁੱਰਾ ਇਹ ਕਿ ਘੰਟਿਆਂ ਬੱਧੀ ਕਿਸੇ ਬੰਕਰ ਜਾਂ ਖੰਦਕ ਵਿਚ ਦੁਬਕ ਕੇ ਜਾਂ ਸ਼ਹਿ ਲਾ ਕੇ ਬੈਠੇ ਰਹਿਣਾ ਪੈਂਦਾ ਸੀ । ਕਈ ਵਾਰ ਤਾਂ ਜ਼ਿੰਦਗੀ ਨਾਲੋਂ ਮੌਤ ਅਤੇ ਨੌਕਰੀ ਨਾਲੋਂ ਬੇਰੁਜ਼ਗਾਰੀ ਚੰਗੀ ਲੱਗਣ ਲੱਗ ਪੈਂਦੀ ਸੀ । ਉਥੇ ਤਾਂ ਘਾਹ ਦਾ ਇਕ ਤੀਲਾ ਵੀ ਬਰਫ਼ ਦੇ ਚਿੱਟੇ ਪਰਦੇ ਉਤੇ ਦਾਗ ਨਹੀਂ ਪਾਉਂਦਾ । ਨਾ ਕੋਈ ਪੰਛੀ ਕੂਕਦਾ ਸੀ ਨਾ ਕੋਈ ਜਾਨਵਰ ਫਟਕਦਾ ਸੀ । ਬੰਕਰ ਵਿਚੋਂ ਬਾਹਰ ਨਿਕਲਕੇ ਠਰੇ-ਜੜੇ ਅੰਗਾਂ ਨੂੰ ਗਰਮ ਕਰਨ ਲਈ, ਖੋਲ੍ਹਣ ਲਈ, ਕਸਰਤ ਕਰਨ ਲਈ ਮਨ ਤਰਸਦਾ । ਪਰ ਇਹ ਤਾਂ ਦੁਸ਼ਮਣ ਦੀ ਗੋਲੀ ਨੂੰ ਆਪ ਸੱਦਾ ਦੇਣ ਵਾਲੀ ਗੱਲ ਸੀ।

ਸਾਡੇ ਪਾਸੇ ਲੜਾਈ ਬਹੁਤੀ ਨਹੀਂ ਸੀ ਹੋਈ । ਫੌਜਾਂ ਨਾ ਅੱਗੇ ਵਧੀਆਂ, ਨਾ ਪਿੱਛੇ ਹਟੀਆਂ । ਪਰ ਮੋਰਚਾਬੰਦੀ ਬਹੁਤ ਸਖਤ ਸੀ । ਹਦਾਇਤ ਸੀ ਕਿ ਸਾਹਮਣੇ ਹੁੰਦੀ ਕਿਸੇ ਤਰ੍ਹਾਂ ਦੀ ਹਿਲਜੁਲ ਨੂੰ ਦਰ-ਗੁਜ਼ਰ ਨਾ ਕੀਤਾ ਜਾਵੇ । ਫੌਰਨ ਐਕਸ਼ਨ ਲੈਣ ਦਾ ਹੁਕਮ ਸੀ ।

ਇਕ ਦਿਨ ਮੈਂ ਸਵੇਰੇ ਹੀ ਆਪਣੇ ਰਹਾਇਸ਼ੀ ਬੰਕਰ ਵਿਚੋਂ ਬਾਹਰ ਨਿਕਲ ਕੇ ਖੰਦਕਾਂ ਦੇ ਵਿਚ ਕਿਧਰੇ ਝੁਕ ਕੇ ਤੁਰਦਾ ਕਿਤੇ ਹੱਥਾਂ ਪੈਰਾਂ 'ਤੇ ਰਿੜ੍ਹਦਾ ਕਈ ਪਿਕਟਾਂ ਦਾ ਮੁਆਇਨਾ ਕਰਕੇ ਪਹਾੜੀ ਕੱਟ ਕੇ ਬਣਾਈ ਇਕ ਪਿਕਟ ਉਤੇ ਪਹੁੰਚਿਆ । ਇਕ ਫੌਜੀ ਸਿਪਾਹੀ ਸਾਹਮਣੇ ਸਫੈਦ ਮੈਦਾਨ ਵੱਲ ਨੀਝ ਲਾ ਕੇ ਦੇਖ ਰਿਹਾ ਸੀ । ਮੈਂ ਉਸ ਕੋਲ ਜਾ ਕੇ ਖੜ੍ਹਾ ਹੋ ਗਿਆ । ਸਾਹਮਣੇ ਕੋਈ ਡੇਢ-ਦੋ ਸੌ ਗਜ਼ ਦੇ ਫਾਸਲੇ ਉੱਤੇ ਇਕ ਪਾਕਿਸਤਾਨੀ ਪਿਕਟ ਸੀ । ਉਧਰ ਵੀ ਕੋਈ ਹਿਲਜੁਲ ਨਹੀਂ ਸੀ ! ਸਾਡੀ ਤਰ੍ਹਾਂ ਉਹ ਵੀ ਸ਼ਹਿ ਮਾਰ ਕੇ ਸਾਡੇ ਵੱਲ ਦੇਖਦੇ ਹੋਣੇ ਨੇ ।

ਆਹਿਸਤਾ ਆਹਿਸਤਾ ਸਰਦੀ ਪੈਰਾਂ ਵੱਲੋਂ ਉਤਾਂਹ ਨੂੰ ਚੜ੍ਹ ਰਹੀ ਸੀ । ਰਾਈਫਲ ਦੀ ਨਾਲ ਗਰਮ ਦਸਤਾਨਿਆਂ ਵਿਚੋਂ ਵੀ ਹੱਥਾਂ ਨੂੰ ਵੱਢ ਰਹੀ ਸੀ ।

ਸਿਪਾਹੀ ਨੇ ਮੇਰੇ ਵੱਲ ਪਰਤ ਕੇ ਆਖਿਆ;

"ਸਾਹਿਬ ਔਹ ਦੇਖੋ"

ਸਾਹਮਣੇ ਇਕ ਕਾਲੀ ਟੋਪੀ ਖੰਦਕ ਵਿਚੋਂ ਨਿਕਲ ਕੇ ਬਾਹਰ ਆ ਗਈ ਸੀ । ਫਿਰ ਮੋਢੇ ਉਭਰੇ ਤੇ ਫੇਰ ਬਾਕੀ ਦਾ ਜਿਸਮ । ਸਿਪਾਹੀ ਨੇ ਰਾਈਫਲ ਮੋਢੇ ਉਤੇ ਲਾ ਲਈ ਤੇ ਨਿਸ਼ਾਨਾ ਬਿੰਨ੍ਹ ਲਿਆ । ਮੈਂ ਉਸ ਨੂੰ ਇਸ਼ਾਰੇ ਨਾਲ ਗੋਲੀ ਚਲਾਉਣ ਤੋਂ ਰੋਕਿਆ । ਦੂਰਬੀਨ ਵਿਚ ਮੈਂ ਉਸ ਆਦਮੀ ਦੀ ਹਰਕਤ ਜਾਂਚ ਰਿਹਾ ਸਾਂ । ਦੂਰਬੀਨ ਨਾਲ ਉਹ ਸਾਫ ਨਜ਼ਰ ਆ ਰਿਹਾ ਸੀ । ਦਰਮਿਆਨਾਂ ਕੱਦ-ਬੁੱਤ । ਹਲਕਾ ਸਰੀਰ । ਮੋਢਿਆਂ ਦੀ ਢਲਾਵੀਂ ਬਣਤਰ । ਉਸਦੇ ਗਲੇ ਵਿਚ ਕੌਡੀਆਂ ਵਾਲੇ ਸੱਪ ਵਰਗਾ ਉਨ ਦਾ ਮਫਲਰ ਸੀ। ਚਿੱਟੀ ਜ਼ਮੀਨ 'ਤੇ ਕਾਲੀਆਂ ਭੂਰੀਆਂ ਡੱਬੀਆਂ ।

ਉਸਨੇ ਆਹਮਣੇ-ਸਾਹਮਣੇ ਦੇਖਿਆ । ਉਬਾਸੀ ਲੀਤੀ । ਸਰੀਰ ਦੀ ਆਕੜ ਭੰਨੀ । ਫਿਰ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦੇਖਿਆ ਉਸ ਉਛਲ ਉਛਲ ਕੇ ਕੁੱਦ



ਕੁੱਦ ਕੇ ਕਸਰਤ ਕਰਨੀ ਸ਼ੁਰੂ ਕਰ ਦਿੱਤੀ।

ਜੀ ਹਾਂ, ਉਹ ਆਪਣੇ ਜਿਸਮ ਨੂੰ, ਕੜਵਲ ਪਈਆਂ ਲੱਤਾਂ-ਬਾਹਾਂ ਨੂੰ, ਮੁੰਜਮਿਦ ਖੂਨ ਨੂੰ, ਸਰਦੀ ਵਿਚ ਸੁੰਗੜਾਈਆਂ ਉਂਗਲਾਂ ਨੂੰ ਗਰਮ ਕਰ ਰਿਹਾ ਸੀ, ਖੋਲ੍ਹ ਰਿਹਾ ਸੀ । ਰਵਾਂ ਕਰ ਰਿਹਾ ਸੀ ।

ਸਾਡੇ ਦੋਹਾਂ ਦੇਸਾਂ ਵਿਚ ਜੰਗ ਚੱਲ ਰਹੀ ਸੀ । ਹੁਕਮ ਸਖਤ ਸਨ । ਤਰਸ ਕਿਸਮ ਦੀ ਕੋਈ ਗੁੰਜਾਇਸ਼ ਨਹੀਂ ਸੀ । ਤੇ ਉਹ ਸੀ ਕਿ ਡੇਢ-ਦੋ ਸੌ ਗਜ਼ ਦੀ ਵਿੱਥ ਉਤੇ ਖਲੋਤਾ ਕਸਰਤ ਕਰ ਰਿਹਾ ਸੀ । ਬਹੁਤ ਆਸਾਨ ਨਿਸ਼ਾਨਾ ।

ਬੇਵਕੂਫ...ਦੀਵਾਨਾ...ਜਾਂ ਕੋਈ ਸਦੀਵੀ ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲਾ।

ਮੇਰੇ ਸਿਪਾਹੀ ਨੇ ਫੇਰ ਮੇਰੇ ਵੱਲ ਦੇਖਿਆ । ਉਹ ਮੇਰੇ ਹੁਕਮ ਦੀ ਉਡੀਕ ਕਰ ਰਿਹਾ ਸੀ । ਮੇਰਾ ਇਸ਼ਾਰਾ ਹੁੰਦਿਆਂ ਹੀ ਰਾਈਫਲ ਦੇ ਘੋੜੇ 'ਤੇ ਥੋੜ੍ਹਾ ਜਿਹਾ ਦਬਾਅ ਪੈਣਾ ਸੀ । ਜ਼ਰਾ ਜਿੰਨਾ ਜ਼ੋਰ । ਤੇ ਫੇਰ ਜ਼ੋਰਦਾਰ ਧਮਾਕਾ ਤੇ ਉਸਦੀ ਕਸਰਤ ਵਿੱਚੇ ਹੀ ਰਹਿ ਜਾਣੀ ਸੀ । ਜਿਨ੍ਹਾਂ ਅੰਗਾਂ ਨੂੰ ਉਹ ਗਰਮ ਕਰ ਰਿਹਾ ਸੀ, ਜਿਸ ਖੂਨ ਨੂੰ ਉਹ ਤੋਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਤੇ ਜਿਨ੍ਹਾਂ ਹੱਥਾਂ-ਪੈਰਾਂ ਅਤੇ ਉਂਗਲਾਂ ਨੂੰ ਉਹ ਰਵਾਂ ਕਰ ਰਿਹਾ ਸੀ ਉਹਨਾਂ ਨੇ ਹਮੇਸ਼ਾਂ ਵਾਸਤੇ ਠੰਢਿਆਂ ਪੈ ਜਾਣਾ ਸੀ । ਬਰਫ ਤੇ ਲਹੂ ਦਾ ਸਿਆਹੀ-ਚੂਸ ਤੇ ਸਿਆਹੀ ਦੀ ਤਰ੍ਹਾਂ ਇਕ ਲਾਲ ਧੱਬਾ ਬਣਨਾ ਸੀ ਤੇ...ਬੱਸ...ਇਕ ਮਨੁੱਖ ਨੇ ਸਦਾ ਲਈ ਤੁਰ ਜਾਣਾ ਸੀ ।

ਮੇਰਾ ਸਿਪਾਹੀ ਮੇਰੇ ਹੁਕਮ ਦਾ ਇੰਤਜ਼ਾਰ ਕਰਦਾ ਰਹਿ ਗਿਆ ਤੇ ਉਹ ਆਦਮੀ ਆਪਣੀ ਕਸਰਤ ਪੂਰੀ ਕਰਕੇ ਵਾਪਸ ਆਪਣੀ ਖੰਦਕ ਵਿਚ ਉਤਰ ਗਿਆ ।

ਉਹ ਕੌਣ ਸੀ ? ਕੋਈ ਅਫਸਰ—ਕੋਈ ਸਿਪਾਹੀ ? ? ਨਾ ਮੈਂ ਜਾਣਿਆਂ, ਨਾ ਜਾਨਣ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਜਾਣ ਸਕਿਆ ।

ਇਸ ਘਟਨਾ ਨੂੰ ਕਈ ਸਾਲ ਗੁਜ਼ਰ ਗਏ। ਇਸ ਦੌਰਾਨ ਮੈਂ ਆਪਣੀ ਫੌਜੀ ਨੌਕਰੀ ਦੀ ਮਿਆਦ ਪੂਰੀ ਕਰ ਲਈ। ਐਮ.ਏ-ਕਰ ਲੈਣ ਬਾਅਦ ਦਿੱਲੀ ਇਕ ਕਾਲਿਜ ਵਿਚ ਲੈਕਚਰਾਰ ਲੱਗ ਗਿਆ । ਮੇਰੀਆਂ ਸਾਹਿਤਕ ਰੁਚੀਆਂ ਨੂੰ ਪ੍ਰਵਾਨ ਚੜ੍ਹਨ ਦਾ ਮੌਕਾ ਮਿਲ ਗਿਆ । ਕਵਿਤਾ ਕਹਾਣੀਆਂ ਪੜ੍ਹਨਾ, ਲਿਖਣਾ, ਪੜ੍ਹਾਉਣਾ—ਇਹੀ ਮੇਰਾ ਕਿੱਤਾ ਬਣ ਗਿਆ । ਕਿਧਰੇ ਕਾਨਫਰੰਸ, ਕਿਧਰੇ ਸੈਮੀਨਾਰ, ਕਿਧਰੇ ਅਦਬੀ ਬੈਠਕ ਤੇ ਕਿਧਰੇ ਸਾਹਿਤਕ ਗੋਸ਼ਟੀ।

ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਜੱਥੇਬੰਦੀਆਂ ਨੇ ਮਿਲਕੇ ਦਿੱਲੀ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਨ ਦੀ ਯੋਜਨਾ ਬਣਾਈ। ਇਸ ਕਾਨਫਰੰਸ ਵਿਚ ਸ਼ਾਮਿਲ ਹੋਣ ਵਾਸਤੇ ਇੰਗਲੈਂਡ, ਕੈਨੇਡਾ ਤੋਂ ਪਰਵਾਸੀ ਪੰਜਾਬੀ ਲੇਖਕ ਆਏ। ਪਾਕਿਸਤਾਨ ਤੋਂ ਵੀ ਪੰਜਾਬੀ ਲੇਖਕ ਆਏ ।

ਲੇਖ ਪੜ੍ਹੇ ਜਾ ਰਹੇ ਸਨ । ਕਵਿਤਾਵਾਂ ਸੁਣਾਈਆਂ ਜਾ ਰਹੀਆਂ ਸਨ । ਨਾਟਕ ਖੇਡੇ ਜਾ ਰਹੇ ਸਨ । ਪਰ ਮੇਰੀਆਂ ਅੱਖਾਂ ਤਾਂ ਜਿਵੇਂ ਕੀਲੀਆਂ ਪਈਆਂ ਸਨ । ਪਾਕਿਸਤਾਨ ਤੋਂ ਆਏ ਇਕ ਅਦੀਬ ਉਤੋਂ ਮੇਰੀਆਂ ਨਜ਼ਰਾਂ ਉਠਦੀਆਂ ਹੀ ਨਹੀਂ ਸਨ ।

ਉਹੀ ਕੱਦ-ਬੁੱਤ—ਉਹੀ ਮੋਢਿਆਂ ਦੀ ਢਲਾਣ—ਉਹੀ ਓਵਰਕੋਟ ਤੇ ਗਰਦਨ ਦੁਆਲੇ ਵਲਕੇ ਛਾਤੀ ਅਤੇ ਪਿੱਠ ਉਤੇ ਪਲਮਦਾ ਕੌਡੀਆਂ ਵਾਲੇ ਸੱਪ ਵਰਗਾ ਮਫਲਰ...।

ਸੈਸ਼ਨ ਖਤਮ ਹੋਣ ਉਤੇ ਮੈਂ ਉਸ ਕੋਲ ਗਿਆ। ਚੌੜਾ ਮੱਥਾ, ਚਮਕਦੀਆਂ ਅੱਖਾਂ, ਤਿੱਖਾ ਨੱਕ, ਜ਼ਹੀਨ ਕਿਤਾਬੀ ਚਿਹਰਾ, ਕਪਕਪਾਉਂਦੇ ਹੋਂਠ—ਉਹ ਪਾਕਿਸਤਾਨ ਦਾ ਮਸ਼ਹੂਰ ਪੰਜਾਬੀ ਸ਼ਾਇਰ ਮੁਸ਼ਤਾਕ ਬੱਟ ਸੀ। ਮੈਂ ਉਸ ਨਾਲ ਹੱਥ ਮਿਲਾਉਂਦਿਆਂ ਕਿਹਾ :

"ਬੱਟ ਸਾਹਿਬ—ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਸੀ।"

"ਜ਼ਰੂਰ—ਜ਼ਰੂਰ" ਉਹਨੇ ਮੁਸਕਰਾਉਂਦਿਆਂ ਕਿਹਾ।

ਅਸੀਂ ਦੋਵੇਂ ਇਕ ਪਾਸੇ ਜਿਹੇ ਹੋ ਗਏ।

"ਤੁਸੀਂ ਕਦੀ ਫੌਜ ਵਿਚ ਰਹੇ ?"

"ਜੀ ਹਾਂ...ਪਰ"

"ਉਨੀਂ ਸੌ ਇਕਹਤਰ ਦੀ ਲੜਾਈ ਸਮੇਂ ਕਾਰਗਲ ਸੈਕਟਰ ਵਿਚ ?"

"ਜੀ ਹਾਂ" ਉਹ ਹੈਰਾਨ ਹੋ ਰਿਹਾ ਸੀ।

"ਤੁਸੀਂ ਸਾਈਕਿਨ ਗਲੇਸ਼ੀਅਰ ਦੇ ਉਸ ਪਾਰ ਸੀ ?"

"ਕਮਾਲ ਹੈ...ਕਮਾਲ !"

"ਫਿਰ ਤੁਸੀਂ ਆਪਣੀ ਖੰਦਕ ਵਿਚੋਂ ਬਾਹਰ ਨਿਕਲਕੇ ਕਸਰਤ ਕਰਨ ਲੱਗ ਪਏ ਸੀ ?"

"ਠੀਕ ਹੈ, ਠੀਕ ਹੈ। ਪਰ ਤੁਸੀਂ...?" ਉਸਦੀ ਹੈਰਾਨੀ ਪਰੇਸ਼ਾਨੀ ਵਿਚ ਬਦਲਦੀ ਜਾ ਰਹੀ ਸੀ।

"ਤੁਹਾਡੇ ਗਲ ਵਿਚ ਇਹੀ ਕੌਡੀਆਂ ਵਾਲੇ ਸੱਪ ਵਰਗਾ ਮਫਲਰ ਸੀ।"

"ਤੁਸੀਂ ਠੀਕ ਕਹਿ ਰਹੇ ਹੋ ਪਰ ਇਹ ਸਭ ਕੁਝ ਤੁਸੀਂ ਕਿਸ ਤਰ੍ਹਾਂ ਜਾਣਦੇ ਹੋ ?" ਉਹ ਮੇਰੇ ਸਾਹਮਣੇ ਇਕ ਸਵਾਲੀਆ ਚਿੰਨ੍ਹ ਬਣਿਆ ਖੜ੍ਹਾ ਸੀ।

"ਬੱਟ ਸਾਹਿਬ, ਮੈਂ ਉਸ ਵਕਤ ਤੁਹਾਡੇ ਸਾਹਮਣੇ ਸਾਂ। ਕੋਈ ਸੌ-ਡੇਢ ਸੌ ਗਜ਼ ਦੇ ਫਾਸਲੇ 'ਤੇ। ਮੇਰਾ ਸਿਪਾਹੀ ਸ਼ਿਸਤ ਬੰਨ੍ਹ ਕੇ ਮੇਰੇ ਇਸ਼ਾਰੇ ਦੀ ਉਡੀਕ ਕਰ ਰਿਹਾ ਸੀ। ਲੇਕਿਨ ਮੇਰੇ ਕੋਲੋਂ ਗੋਲੀ ਚਲਾਉਣ ਦਾ ਹੁਕਮ ਨਾ ਦਿੱਤਾ ਗਿਆ। ਉਸ ਸਰਦੀ ਵਿਚ ਸਿਰਫ ਇਕ ਪਲ ਪਹਿਲਾਂ ਮੈਂ ਵੀ ਬੰਕਰ ਵਿਚੋਂ ਨਿਕਲ ਕੇ ਆਪਣੇ ਜੰਮੇ ਹੋਏ ਖ਼ੂਨ ਨੂੰ ਤੇ ਠਰੇ ਹੋਏ ਅੰਗਾਂ ਨੂੰ ਨਿੱਘਿਆਂ ਕਰਨ ਲਈ ਕਸਰਤ ਕਰਨ ਦੀ ਸੋਚ ਰਿਹਾ ਸਾਂ।"

ਉਸ ਦੀਆਂ ਅੱਖਾਂ ਵਿਚ ਨਮੀ ਆ ਗਈ। ਉਹਨੇ ਮੇਰੇ ਦੋਵੇਂ ਹੱਥ ਪਕੜ ਲਏ। ਮੱਥੇ ਨਾਲ ਲਾਏ। ਹੋਠਾਂ ਨਾਲ ਛੁਹਾਏ ਤੇ ਕਿਹਾ :

"ਪੰਜਾਬੀ ਦੇ ਇਸ ਨਿਮਾਣੇ ਜਿਹੇ ਸ਼ਾਇਰ ਨੂੰ ਅੱਲਾ ਨੇ ਕੁਝ ਵਧੇਰੇ ਉਮਰ ਬਖਸ਼ੀ ਹੋਈ ਸੀ।"

ਮੈਂ ਉਸਦੇ ਹੱਥਾਂ ਨੂੰ ਆਪਣੀਆਂ ਅੱਖਾਂ ਨਾਲ ਲਾਇਆ—ਸੀਨੇ ਨਾਲ ਘੁੱਟਿਆ।

ਇਹ ਮੇਰੀ ਆਪਣੇ 'ਦੁਸ਼ਮਣ' ਨਾਲ ਦੂਸਰੀ ਮੁਲਾਕਾਤ ਸੀ। 0

[ਏ-118, ਜਨਤਾ ਕਾਲੋਨੀ, ਨਵੀਂ ਦਿੱਲੀ-110027]



## ਸੁੰਗੜਦੀ-ਫੈਲਦੀ ਪਰਿਭਾਸ਼ਾ

ਅਮਰਦੀਪ ਗਿੱਲ

ਤੇਰੇ ਲਈ ਕਵਿਤਾ ਕੁਝ ਵੀ ਹੋਵੇ
ਮੇਰੇ ਲਈ ਕਵਿਤਾ--ਜ਼ਿੰਦਗੀ ਦੇ ਪੈਰ 'ਚ ਚੁਭੀ
ਹਾਲਾਤ ਦੀ ਸੂਲ ਦੇ ਦਰਦ ਦੀ--
ਬੁੱਲ੍ਹਾਂ ਹੇਠ ਦਬ ਕੇ ਰਹਿ ਗਈ ਧਾਹ ਹੈ
ਤੇਰੇ ਲਈ ਕਵਿਤਾ—ਆਤਮਾ ਦੀ ਕਲਾ ਹੋ ਸਕਦੀ ਹੈ ਕਦੇ
ਮੇਰੇ ਲਈ ਕਵਿਤਾ—ਕੰਮੀਆਂ ਦੀ ਕੁੜੀ ਦੇ ਜਿਸਮ 'ਤੇ
ਕਿਸੇ ਬਦਇਖਲਾਕ ਹਉਮੈ ਦੀ—
ਤੂੜੀ ਦੀ ਪੰਡ ਬਦਲੇ ਲਿਖੀ ਇਬਾਰਤ ਹੈ

ਤੇਰੇ ਲਈ ਕਵਿਤਾ ਕੁਝ ਵੀ ਹੋਵੇ, ਮੇਰੇ ਲਈ ਕਵਿਤਾ—
ਮੇਰੀ ਜਵਾਨ ਭੈਣ ਦੇ ਬੁੱਲ੍ਹਾਂ 'ਤੇ ਕੰਬਦਾ ਗੀਤ ਹੈ
ਜਿਸਦੇ ਬਿੰਬਾਂ ਹੇਠ ਛੁਪੇ ਹੁੰਦੇ ਨੇ—
ਮੇਰੇ ਮਜਬੂਰ ਬਾਪੂ ਦੀ ਗੁਰਬਤ ਨੂੰ ਵੇਖ—ਭਰੇ ਗਏ ਡੂੰਘੇ ਹੌਂਕੇ
ਤੇ ਦਰੀ ਬੁਣਦੀ ਭੈਣ ਦੇ—ਅੱਧਬੁਣੇ ਚਾਵਾਂ ਦਾ ਤਾਣਾ ਪੇਟਾ—
ਉਲਝ ਕੇ ਰਹਿ ਜਾਂਦਾ ਹੈ ਜਿਸਦੇ ਸ਼ਬਦਾਂ 'ਚ
ਮੇਰੇ ਲਈ ਉਹ ਸਭ ਕਵਿਤਾ ਹੈ

ਮੇਰੇ ਲਈ ਕਵਿਤਾ ਹੈ—ਮਾਂ ਦੇ ਸੰਸਿਆਂ ਦਾ ਅੰਤਹੀਣ ਸਿਲਸਿਲਾ
ਮੇਰੇ ਲਈ ਕਵਿਤਾ ਹੈ—ਇਸ਼ਕ ਵਿਚ ਮੇਰੀ ਹਾਰ ਦੇ ਉਹ ਕਾਰਨ—
ਜਿਨ੍ਹਾਂ ਨੂੰ ਮੇਰੀ ਸਮੁੱਚੀ ਜਮਾਤ ਹੰਢਾਉਂਦੀ ਹੈ
ਤੇ ਜੋ ਮੇਰੇ ਅਤੇ ਮੇਰੀ ਮਹਿਬੂਬ ਵਿਚਕਾਰ—
ਲੋਹ-ਕੰਧਾਂ ਬਣ ਉੱਗ ਆਏ ਸਨ
ਤੇਰੇ ਲਈ ਕਵਿਤਾ—ਸ਼ਹਿਰ ਦੀਆਂ ਸੜਕਾਂ 'ਤੇ ਘੁੰਮਦੀਆਂ
ਜਾਂ ਕਲੱਬਾਂ 'ਚ ਡਾਂਸ ਕਰਦੀਆਂ ਮਹਿਕਾਂ ਨੇ
ਪਰ ਮੇਰੇ ਲਈ—ਬਾਪੂ ਦੇ ਮੋਢਿਆਂ ਤੋਂ ਘਸੇ—
ਖੱਦਰ ਦੇ ਕੁੜਤੇ 'ਚੋਂ ਆ ਰਹੀ—ਮੁੜ੍ਹਕੇ ਦੀ ਬੂ ਹੀ ਕਵਿਤਾ ਹੈ

ਤੇਰੇ ਲਈ ਕਵਿਤਾ ਕੁਝ ਵੀ ਹੋ ਸਕਦੀ ਹੈ
ਮੇਰੇ ਲਈ ਕਵਿਤਾ—ਖੇਤੋਂ ਕੁੱਟ ਖਾ ਕੇ ਮੁੜੇ
ਪਿੰਡ ਵੱਲ ਭੱਜੇ ਜਾਂਦੇ ਚਰਨੇ ਪਾਲੀ ਦੀਆਂ—
ਸਰਦਾਰਾਂ ਨੂੰ ਕੱਢੀਆਂ ਗਾਹਲਾਂ ਦੇ ਪਿੱਛੇ ਖੌਲਦਾ ਜੋਸ਼ ਹੈ

ਤੇਰੇ ਲਈ ਕਵਿਤਾ ਕੁਝ ਵੀ ਹੋਵੇ
ਮੇਰੇ ਲਈ ਕਵਿਤਾ—ਅਖਬਾਰ 'ਚ ਛਪੀ ਫਿਰਕੂ ਜਨੂੰਨ ਹੱਥੋਂ ਮਾਰੇ—
ਮਾਸੂਮਾਂ ਦੀ ਮੌਤ ਦੀ ਖਬਰ ਵਿੱਚਲਾ ਦਰਦ ਹੈ
ਤੇਰੇ ਲਈ ਕਵਿਤਾ ਸ਼ਰਾਬ ਦਾ ਜਾਮ ਹੋ ਸਕਦੀ ਹੈ

ਪਰ ਮੇਰੇ ਲਈ ਕਵਿਤਾ—
ਘਰ ਦੇ ਰੂੜ੍ਹੇ ਤੌੜੇ ਦੇ ਪਾਣੀ ਦਾ ਉਹ ਕੁਸੈਲਾ ਜਿਹਾ ਘੁੱਟ ਹੈ—
ਜੋ ਸ਼ਹਿਰੋਂ ਪਰਤ ਮੈਂ ਅਕਸਰ ਪੀਂਦਾ ਹਾਂ—
ਜਦ ਮੈਂ ਇੰਟਰਵਿਊ ਦੇ ਕੇ ਨਿਰਾਸ਼ ਪਿੰਡ ਪਰਤਦਾ ਹਾਂ

ਤੇਰੇ ਲਈ ਕਵਿਤਾ—ਸਰਘੀ ਵੇਲੇ ਚਾਟੀ 'ਚ ਪਾਈ ਮਧਾਣੀ ਦੀ
ਜਾਂ ਖੇਤਾਂ ਵੱਲ ਜਾਂਦੇ ਬਲਦਾਂ ਦੀਆਂ ਟੱਲੀਆਂ ਦੀ—ਸੰਗੀਤਕ ਲੈਅ ਹੋਵੇਗੀ
ਮੇਰੇ ਲਈ ਤਾਂ ਕਵਿਤਾ—
ਜੈਬੇ ਕਿਸਾਨ ਦੇ ਮਜ਼ਦੂਰ ਹੋ ਜਾਣ ਤੱਕ ਦਾ ਸਫਰ ਹੈ ਕੇਵਲ
ਤੇ ਜਾਂ ਮੌਲਿਆਂ ਦੇ ਪੜੇ ਕੁੱਟਦੇ—ਕੈਲੇ ਦੇ ਮਨ 'ਚ ਤਿਲਮਿਲਾਉਂਦੇ ਨੇ ਜੋ ਜਜ਼ਬੇ
ਮੀਰਆਬਾਂ ਦਾ ਨੀਲਾ ਟਰੈਕਟਰ ਵੇਖ—
ਮੇਰੇ ਲਈ ਉਹ ਸਭ ਕਵਿਤਾ ਹੈ

ਤੇਰੇ ਲਈ ਕਵਿਤਾ ਤੇਰੀ ਕਲਪਨਾ 'ਚ ਵਿਚਰਦੇ
ਕਿਸੇ ਜੱਟ ਦੇ ਮੂੰਹੋਂ ਨਿਕਲੀ ਮਿਰਜ਼ੇ ਦੀ ਹੇਕ ਹੋਵੇਗੀ,
ਪਰ ਮੇਰੇ ਲਈ ਤਾਂ ਕਵਿਤਾ—ਝੋਨੇ ਦੇ ਦੋ ਕਿੱਲਿਆਂ ਨੂੰ ਪਾਣੀ ਖੁਣੋਂ ਸੁੱਕਦਾ ਵੇਖ
ਬੰਤੇ ਦੇ ਮਨ ਅੰਦਰ ਦਮ ਤੋੜ ਰਹੀ—ਆੜ੍ਹਤੀਏ ਦਾ ਕਰਜ਼ਾ ਮੋੜਨ ਦੀ ਆਸ ਹੈ
ਮੇਰੇ ਲਈ ਕਵਿਤਾ ਹੈ—
ਚਾਟੀਆਂ-ਮਧਾਣੀਆਂ ਤੋਂ ਅਣਜਾਣ-ਭੁੱਖੇ-ਨੰਗੇ ਢਿੱਡ ਵਜਾਉਂਦੇ—
ਹਰੀਜਨਾਂ ਦੇ ਜਵਾਕਾਂ ਦੀਆਂ—ਗੁੜ ਦੀ ਰੋੜੀ ਤੱਕ ਸੀਮਿਤ ਰੀਝਾਂ
ਜੋ ਉਹ ਆਪਣੀਆਂ ਮਾਵਾਂ ਦੇ ਮਗਰ ਫਿਰਦੇ-ਦੁਹਰਾਉਂਦੇ ਰਹਿੰਦੇ ਨੇ ਅਧਰੋਂਦੇ ਜਿ

ਤੇਰੇ ਲਈ ਕਵਿਤਾ—ਮਹਿਬੂਬ ਦਾ ਖ਼ਤ ਵੀ ਹੋ ਸਕਦੀ ਹੈ
ਤੇ ਮਹਿਬੂਬ ਨੂੰ ਲਿਖਿਆ ਖਤ ਵੀ
ਪਰ ਮੇਰੇ ਲਈ ਕਵਿਤਾ—
ਕਿਸੇ ਛੋਟੀ-ਮੋਟੀ ਨੌਕਰੀ ਦੇ ਇੰਟਰਵਿਊ ਲਈ ਆਇਆ ਸੱਦਾ-ਪੱਤਰ ਹੈ—
ਜਿਸ ਨਾਲ ਜੁੜ ਜਾਂਦੀਆਂ ਨੇ—
ਮੇਰੇ ਸਾਰੇ ਪਰਿਵਾਰ ਦੀਆਂ ਅੱਧੋਰਾਣੀਆਂ ਰੀਝਾਂ,
ਮੇਰੇ ਲਈ ਤਾਂ ਇਹੋ ਸਭ ਹੀ ਕਵਿਤਾ ਹੈ-ਇਕ ਸੰਪੂਰਨ-ਸਟੀਕ ਕਵਿਤਾ
ਤੇਰੇ ਲਈ ਕਵਿਤਾ ਕੁਝ ਵੀ ਹੋ ਸਕਦੀ ਹੈ। 0

[ਪਿੰਡ ਤੇ ਡਾ: ਘੋਲੀਆ ਕਲਾਂ, ਜ਼ਿਲਾ ਫਰੀਦਕੋਟ



# ਪ੍ਰਗਤੀਵਾਦੀ ਪੰਜਾਬੀ ਕਹਾਣੀ : 1975 ਤੋਂ ਬਾਅਦ

ਟੀ. ਆਰ. ਵਿਨੋਦ

ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਜਦੋਂ ਪ੍ਰਗਤੀਵਾਦੀ ਸਾਹਿਤ-ਧਾਰਾ ਨੇ ਸੰਗਠਿਤ ਰੂਪ ਅਖਤਿਆਰ ਕੀਤਾ ਸੀ ਤਾਂ ਇਸ ਸੰਗਠਨ ਨਾਲ ਜੁੜੇ ਜਾਂ ਇਸ ਤੋਂ ਪ੍ਰਭਾਵਿਤ ਸਾਹਿਤਕਾਰਾਂ ਨੇ ਆਪਣੇ ਸਮੇਂ ਦੀ ਸਮਾਜਕ-ਆਰਥਿਕ ਵਿਵਸਥਾ ਦੇ ਤਿੰਨ ਬੁਨਿਆਦੀ ਅੰਤਰ-ਵਿਰੋਧਾਂ ਤੋਂ ਸੁਚੇਤ ਹੋ ਕੇ ਸਾਹਿਤ-ਸਿਰਜਣ ਦੀ ਗੱਲ ਤੋਰੀ ਸੀ। ਉਨ੍ਹਾਂ ਅਨੁਸਾਰ ਉਨ੍ਹਾਂ ਦੇ ਸਮੇਂ ਦਾ ਮੁਖ ਅੰਤਰ-ਵਿਰੋਧ, ਅੰਤਰਵਰਗੀ ਸੀ ਜੋ ਸਮਾਜਵਾਦੀ ਰੂਸ ਨੂੰ ਛੱਡ ਕੇ, ਦੁਨੀਆਂ ਦੇ ਕੁੱਲ ਦੇਸ਼ਾਂ ਵਿਚ ਵਿਆਪਤ ਸੀ। ਦੂਸਰਾ ਅੰਤਰ-ਵਿਰੋਧ ਸਾਮਰਾਜੀ ਦੇਸ਼ਾਂ ਦੀ ਵਿਕਸਿਤ ਸਰਮਾਏਦਾਰੀ ਅਤੇ ਪਛੜੇ ਹੋਏ ਦੇਸ਼ਾਂ ਵਿਚਕਾਰ ਸੀ ਅਤੇ ਤੀਸਰਾ ਸਾਮਰਾਜੀ ਦੇਸ਼ਾਂ ਵਿਚਕਾਰ ਸੀ। ਇਹ ਤਿੰਨੇ ਅੰਤਰ-ਵਿਰੋਧ ਪਰਸਪਰ-ਸੰਬੰਧਿਤ ਵੀ ਸਨ ਅਤੇ ਸੰਸਕ੍ਰਿਤੀ ਦਾ ਹਰੇਕ ਖੇਤਰ ਇਨ੍ਹਾਂ ਤੋਂ ਪ੍ਰਭਾਵਿਤ ਸੀ।

ਉਨ੍ਹਾਂ ਨੂੰ ਇਹ ਤਾਂ ਸਪਸ਼ਟ ਸੀ ਕਿ ਇਨ੍ਹਾਂ ਅੰਤਰ-ਵਿਰੋਧਾਂ ਨੂੰ ਖਤਮ ਕੀਤੇ ਬਿਨਾਂ ਕਿਸੇ ਦੇਸ਼ ਜਾਂ ਵਿਸ਼ਵ ਦਾ ਅਗਲੇਰਾ ਵਿਕਾਸ ਸੰਭਵ ਨਹੀਂ ਅਤੇ ਨਾ ਹੀ ਸ੍ਰੇਣਿਕ ਸ਼ੋਸ਼ਣ ਦਾ ਅੰਤ ਸੰਭਵ ਹੈ। ਪਰ ਇਸ ਸੰਕਟ ਦੇ ਨਿਬੇੜੇ ਲਈ ਉਨ੍ਹਾਂ ਨੇ ਲੋਕਰਾਜੀ-ਉਦਾਰਵਾਦੀ ਰਚਨਾ-ਦ੍ਰਿਸ਼ਟੀ ਨੂੰ ਅਪਣਾਇਆ। ਜਿਹੜੇ ਕੁਝ ਸਾਹਿਤਕਾਰ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀ ਤੋਂ ਪ੍ਰਭਾਵਿਤ ਸਨ, ਉਹ ਅੰਤਰ-ਸ੍ਰੇਣਿਕ ਸੰਬੰਧਾਂ ਦਾ ਯਥਾਰਥ ਮੂਰਤੀਮਾਨ ਕਰਨ ਵੱਲ ਅਗ੍ਰਸਰ ਤਾਂ ਜ਼ਰੂਰ ਹੋਏ ਪਰ ਉਹ ਇਸ ਦ੍ਰਿਸ਼ਟੀ ਦੀ ਰੋਸ਼ਨੀ ਵਿਚ ਲੋਕਰਾਜੀ-ਉਦਾਰਵਾਦ ਦੀ ਸੀਮਾਂ ਦੀ ਪਛਾਣ ਨਾ ਕਰ ਸਕੇ। ਇਉਂ ਪ੍ਰਗਤੀਵਾਦੀ ਸਾਹਿਤ-ਧਾਰਾ ਦਾ ਮੁਢਲਾ ਪੜਾ, ਵਾਸਤਵ ਵਿਚ, ਲੋਕਰਾਜੀ-ਉਦਾਰਵਾਦੀ ਰਚਨਾ-ਦ੍ਰਿਸ਼ਟੀ ਤੋਂ ਪ੍ਰੇਰਿਤ ਸੀ ਜਿਸ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਉਤਨਾ ਕੁ ਯੋਗਦਾਨ ਜ਼ਰੂਰ ਸੀ ਜਿਤਨਾ ਇਸ ਦ੍ਰਿਸ਼ਟੀ ਨਾਲ ਸੰਬੰਧਿਤ ਸਾਹਿੱਤਕਾਰਾਂ ਨੂੰ ਪੁੱਗਦਾ ਸੀ। ਪਿੱਛੋਂ ਪੰਜਾਹਵਿਆਂ ਵਿਚ ਪ੍ਰਯੋਗਵਾਦੀਆਂ ਨੇ ਪ੍ਰਗਤੀਵਾਦੀ ਸਾਹਿਤਕ ਲਹਿਰ ਵਿਚਲੇ ਮਧਵਰਗੀ ਰੋਮਾਂਸਵਾਦ ਉੱਤੇ ਉਂਗਲ ਧਰੀ ਤਾਂ ਮਾਰਕਸਵਾਦੀ ਦ੍ਰਿਸ਼ਟੀ ਤੋਂ ਉਹ ਦਰੁਸਤ ਸਨ ਭਾਵੇਂ ਇਸ ਖੋਟ ਦੀ ਪਛਾਣ ਉਨ੍ਹਾਂ ਨੇ ਸਾਹਿੱਤ ਨੂੰ ਮਾਰਕਸਵਾਦੀ ਆਧਾਰ ਪ੍ਰਦਾਨ ਕਰਨ ਲਈ ਨਹੀਂ ਸਗੋਂ ਲੋਕਰਾਜੀ-ਉਦਾਰਵਾਦੀ ਰਚਨਾ-ਦ੍ਰਿਸ਼ਟੀ ਵਿਚਲੇ ਨਰੋਏ ਤੱਤਾਂ ਨੂੰ ਵੀ ਨਕਾਰਨ ਲਈ ਕੀਤੀ ਸੀ ਜਿਹਾ ਕਿ ਇਸ ਧਾਰਾ ਦੇ ਸਾਹਿਤ ਤੋਂ ਪਤਾ ਲਗਦਾ ਹੈ।

ਮਾਰਕਸਵਾਦੀ ਵਿਚਾਰਧਾਰਾ ਨਾਲ ਪ੍ਰਤਿਬੱਧ ਆਲੋਚਕਾਂ ਦੀ ਪਹੁੰਚ ਵੀ ਇਸ ਸਾਹਿਤ ਪ੍ਰਤੀ ਵੱਖਰੀ ਵੱਖਰੀ ਰਹੀ ਹੈ। ਅਜਿਹੇ ਆਲੋਚਕਾਂ ਦਾ ਇਕ ਵਰਗ ਇਸ ਨੂੰ ਮਾਰਕਸਵਾਦੀ ਸਾਹਿਤ ਆਖਣ ਦੇ ਪੱਖ ਵਿਚ ਹੈ, ਦੂਸਰਾ ਮਾਰਕਸਵਾਦ-ਵਿਰੋਧੀ, ਪਰ ਤੀਸਰਾ ਇਕ

ਵਰਗ ਅਜਿਹਾ ਵੀ ਹੈ ਜੋ ਇਸ ਸਾਹਿਤ ਦੇ ਪ੍ਰਗਤੀਵਾਦੀ ਸੁਭਾ ਨੂੰ ਤਾਂ ਸਵੀਕਾਰ ਕਰਦਾ ਹੈ, ਇਸ ਨੂੰ ਮਾਰਕਸਵਾਦੀ ਪ੍ਰਵਾਨ ਕਰਨ ਵਾਸਤੇ ਤਿਆਰ ਨਹੀਂ। ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਤੀਜੀ ਕਿਸਮ ਦੇ ਮਾਰਕਸਵਾਦੀਆਂ ਦੀ ਪਹੁੰਚ ਵਧੇਰੇ ਪ੍ਰਮਾਣਿਕ ਪ੍ਰਤੀਤ ਹੁੰਦੀ ਹੈ। ਇਹ ਗੱਲ ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਮੁਖ ਝੁਕਾਵਾਂ ਦੇ ਮਾਰਕਸਵਾਦੀ ਵਿਸ਼ਲੇਸ਼ਣ ਰਾਹੀਂ ਸਪਸ਼ਟ ਕੀਤੀ ਜਾ ਸਕਦੀ ਹੈ।

ਪ੍ਰਗਤੀਵਾਦੀ ਪੰਜਾਬੀ ਕਹਾਣੀ ਦਾ ਮੁੱਖ ਸਰੋਕਾਰ ਮਿਹਨਤਕਸ਼ ਜਮਾਤ ਦੀ ਕਰੁਣਾ-ਭਾਵੀ ਸਥਿਤੀ ਦਾ ਸਮੂਰਤਨ ਰਿਹਾ ਹੈ। ਸਾਮੰਤਵਾਦੀ ਜਾਂ ਪ੍ਰਯੋਗਵਾਦੀ-ਆਧੁਨਿਕਵਾਦੀ ਕਹਾਣੀ ਦੇ ਮੁਕਾਬਲੇ ਵਿਚ ਇਹ ਗੱਲ ਆਪਣੇ ਆਪ ਵਿਚ ਹੀ ਪ੍ਰਗਤੀਵਾਦੀ ਹੈ। ਅਧਿਕਾਰਸ਼ੀਲ ਧਿਰਾਂ ਦੇ ਐਸ਼ਵਰਜ ਜਾਂ ਮਧ ਵਰਗੀ ਕੁੰਠਾ ਦੇ ਚਿਤਰ ਰੂਪਮਾਨ ਕਰਨ ਦੀ ਬਜਾਏ ਪ੍ਰਗਤੀਵਾਦੀ ਕਹਾਣੀਕਾਰਾਂ ਨੇ ਸਮਾਜ ਦੇ ਉਨ੍ਹਾਂ ਬਹੁਗਿਣਤੀ ਲੋਕਾਂ ਦੇ ਵਸਤੂ-ਯਥਾਰਥ ਨੂੰ ਆਪਣੀਆਂ ਕਹਾਣੀਆਂ ਦਾ ਧੁਰਾ ਬਣਾਇਆ ਹੈ ਜਿਨ੍ਹਾਂ ਦਾ ਸਾਹਿਤ ਵਿਚ ਪ੍ਰਵੇਸ਼ ਵਰਜਿਤ ਸਮਝਿਆ ਜਾਂਦਾ ਰਿਹਾ ਹੈ।

ਇਸ ਜਮਾਤ ਨਾਲ ਹਮਦਰਦੀ ਪੈਦਾ ਕਰਨ ਲਈ ਪ੍ਰਗਤੀਵਾਦੀ ਕਹਾਣੀਕਾਰਾਂ ਨੇ ਇਸ ਜਮਾਤ ਨੂੰ ਸਥਾਪਿਤ ਸਦਾਚਾਰਕ ਮੁੱਲਾਂ ਦੀ ਪ੍ਰਤੀਨਿਧ ਬਣਾ ਕੇ ਵੀ ਚਿਤਰਿਆ ਹੈ ਅਤੇ ਸੱਤਾਧਾਰੀ ਧਿਰਾਂ ਦੇ ਜ਼ੁਲਮਾਂ ਦੀ ਸ਼ਿਕਾਰ ਵੀ। ਸੰਕਟ ਦੇ ਸਮਾਧਾਨ ਲਈ ਪ੍ਰਗਤੀ-ਵਾਦੀ ਕਹਾਣੀ ਵਿਚ ਇਕ ਤੀਜੀ ਧਿਰ ਦੀ ਕਲਪਨਾ ਕੀਤੀ ਗਈ ਹੈ ਜੋ ਆਪਣੇ ਵਿਅਕਤੀਗਤ ਬਲੀਦਾਨ ਦੁਆਰਾ ਸ਼੍ਰੇਣੀ-ਸਮਾਜ ਦੇ ਅੰਦਰ-ਅੰਦਰ ਹੀ ਇਨ੍ਹਾਂ ਦੇ ਦੁੱਖਾਂ ਦੇ ਨਿਰਾਕਰਣ ਦੀ ਸੰਭਾਵਨਾ ਉਜਾਗਰ ਕਰਦੀ ਪ੍ਰਤੀਤ ਹੁਦੀ ਹੈ। ਪ੍ਰਗਤੀਵਾਦੀ ਕਹਾਣੀ ਵਿਚ ਪੇਸ਼ ਮਿਹਨਤਕਸ਼ ਜਮਾਤ ਦਾ ਇਹ ਕਰੁਣਾ-ਆਧਾਰਿਤ ਗਲਪ-ਬਿੰਬ ਪ੍ਰਗਤੀਵਾਦੀ ਤਾਂ ਨਿਰਸੰਦੇਹ ਹੈ, ਮਾਰਕਸਵਾਦੀ ਉੱਕਾ ਨਹੀਂ!

ਮਿਹਨਤਕਸ਼ ਜਮਾਤਾਂ ਦੇ ਕਰੁਣਾਭਾਵੀ ਗਲਪ-ਬਿੰਬ ਦੇ ਮੁਕਾਬਲੇ ਵਿਚ ਪ੍ਰਗਤੀ-ਵਾਦੀ ਕਹਾਣੀਕਾਰਾਂ ਨੇ ਅਧਿਕਾਰਸ਼ੀਲ ਧਿਰਾਂ ਦਾ ਨਿੰਦਿਆਭਾਵੀ ਚਿਤਰ ਮੂਰਤੀਮਾਨ ਕੀਤਾ ਹੈ। ਇਹ ਧਿਰ ਬਹੁਗਿਣਤੀ ਲੋਕਾਂ ਦਾ ਆਰਥਿਕ-ਸੰਸਕ੍ਰਿਤਕ ਸ਼ੋਸ਼ਨ ਦੁਰਭਾਵੀ ਦੁਰਵਿਹਾਰ (ਧੌਂਸ) ਜਾਂ ਦੁਰਭਾਵੀ ਸਦਵਿਹਾਰ (ਪਖੰਡ) ਨਾਲ ਕਰਦੀ ਵਿਖਾਈ ਗਈ ਹੈ। ਆਰਥਿਕ ਪਛੜੇਵੇਂ ਦੇ ਮਾਰੇ ਹੋਏ ਦੇਸ਼ਾਂ ਵਿਚ ਵਸਤੂ-ਸਥਿਤੀ ਦਾ ਇਹ ਯਥਾਰਥ ਹੈ ਕਿ ਇਥੇ ਸ਼ੋਸ਼ਨ ਦੀਆਂ ਜੁਗਤਾਂ ਵੀ ਪਛੜੀਆਂ ਹੋਈਆਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਜੁਗਤਾਂ ਦੀ ਨਿੰਦਿਆ ਨਿਰਸੰਦੇਹ, ਪ੍ਰਗਤੀਵਾਦੀ ਹੈ, ਪਰ ਮਾਰਕਸਵਾਦੀ ਇਹ ਵੀ ਨਹੀਂ।

ਧਰਮ ਦੇ ਸੰਪਰਦਾਇਕ ਅਤੇ ਵਹਿਮਾਂ-ਭਰਮਾਂ ਵਾਲੇ ਰੂਪ ਦੀ ਨਿਖੇਧੀ, ਜਾਤੀਗਤ ਨਾ-ਬਰਾਬਰੀ ਦਾ ਵਿਰੋਧ, ਇਸਤਰੀ ਜਾਤੀ ਉੱਤੇ ਪੁਰਸ਼-ਜਾਤੀ ਦੇ ਅਤਿਆਚਾਰਾਂ ਦੀ ਨਿੰਦਿਆ, 'ਨਿਜ' ਨਾਲੋਂ ਪਰ ਨੂੰ ਪਹਿਲ ਆਦਿ ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਕਈ ਹੋਰ ਮਹੱਤਵਪੂਰਨ ਸਰੋਕਾਰ ਹਨ ਜੋ ਇਸ ਕਹਾਣੀ ਵਿਚ ਲੋਕਰਾਜੀ-ਉਦਾਰਵਾਦੀ ਪੈਂਤੜੇ ਤੋਂ ਪੇਸ਼ ਹੋਏ ਹਨ, ਮਾਰਕਸਵਾਦੀ ਪੈਂਤੜੇ ਤੋਂ ਨਹੀਂ।



ਸੰਖੇਪ ਵਿਚ ਆਪਣੇ ਮੁੱਢ ਤੋਂ ਹੀ ਪ੍ਰਗਤੀਵਾਦੀ ਪੰਜਾਬੀ ਕਹਾਣੀ ਅਧਿਆਤਮਵਾਦ ਅਤੇ ਅਤੀਤਮੁਖ ਆਦਰਸ਼ਵਾਦ ਦੀਆਂ ਭ੍ਰਾਂਤੀਆਂ ਤੋਂ ਮੁਕਤ ਚੇਤਨਾ ਦੀ ਵਾਹਕ ਰਹੀ ਹੈ। ਦੂਸਰੇ ਪਾਸੇ ਤੋਂ ਇਸ ਕਹਾਣੀ ਨੇ ਸਾਮਰਾਜਵਾਦੀ ਦੌਰ ਦੀ ਆਧੁਨਿਕਵਾਦੀ ਸੰਸਕ੍ਰਿਤੀ ਦੀਆਂ ਪ੍ਰਗਤੀ-ਵਿਰੋਧੀ ਧਾਰਨਾਵਾਂ ਦਾ ਵੀ ਖੰਡਨ ਕੀਤਾ ਹੈ। ਵਿਅਕਤੀਵਾਦੀ ਆਪ-ਹੁਦਰਾਪਣ, ਜਿਨਸੀ ਵਿਸ਼ਾਦ ਅਤੇ ਅਰਾਜਕਤਾ, ਮਨੁੱਖ ਦੀ ਹੋਣੀ ਬਾਰੇ ਨਿਰਾਸ਼ਾ-ਵਾਦੀ ਪਹੁੰਚ, ਸਮਾਜ ਤੋਂ ਵਿਛੁੰਨੇ ਹੋਏ ਪ੍ਰਕਿਰਤਕ ਮਨੁੱਖ ਦਾ ਸੰਕਲਪ—ਪ੍ਰਗਤੀਵਾਦੀ ਕਹਾਣੀ ਵਿਚ ਕਦੇ ਵੀ ਮੂਰਤੀਮਾਨ ਨਹੀਂ ਹੋਏ।

ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਇਹ ਲੱਛਣ ਨਾ ਪ੍ਰਤੀਕ੍ਰਿਆਵਾਦੀ ਹਨ, ਨਾ ਮਾਰਕਸਵਾਦੀ। ਇਹ ਇਕ ਵਿਸ਼ੇਸ਼ ਇਤਿਹਾਸਕ ਦੌਰ ਵਿਚ ਪੈਦਾ ਹੋਈ ਮਧਵਰਗੀ ਚੇਤਨਾ ਦੇ ਲਖਾਇਕ ਅੰਸ਼ ਹਨ ਜੋ ਪ੍ਰਗਤੀ ਦੇ ਮਧਵਰਗੀ ਸੰਕਲਪ ਦੀਆਂ ਸੀਮਾਵਾਂ ਦੇ ਅੰਦਰ-ਅੰਦਰ ਆਪਣੀ ਪ੍ਰਗਤੀਸ਼ੀਲ ਭੂਮਿਕਾ ਨਿਭਾਉਣ ਦੇ ਯੋਗ ਸਿੱਧ ਹੋਏ ਹਨ। ਸੰਸਾਰ-ਸਾਮਰਾਜਵਾਦ ਦੇ ਪਤਨਸ਼ੀਲ ਦੌਰ ਵਿਚ ਪਛੜੇ ਹੋਏ ਦੇਸ਼ਾਂ ਦੇ ਸੁਤੰਤਰ ਵਿਕਾਸ ਦੀ ਅਕਾਂਖਿਆ ਦੀ ਉਸਾਰੀ ਵਿਚ ਇਨ੍ਹਾਂ ਅੰਸ਼ਾਂ ਨੇ ਪ੍ਰਗਤੀਸ਼ੀਲ ਭੂਮਿਕਾ ਨਿਭਾਈ ਹੈ, ਪਰ ਨਾਲੋ-ਨਾਲ ਇਕ ਭ੍ਰਾਂਤੀ ਦੀ ਵੀ ਸਿਰਜਣਾ ਕੀਤੀ ਹੈ ਕਿ ਵਰਤਮਾਨ ਦੌਰ ਵਿਚ ਪਛੜੇ ਹੋਏ ਦੇਸ਼ਾਂ ਦਾ ਸੁਤੰਤਰ ਸਰਮਾਏਦਾਰੀ ਵਿਕਾਸ ਸੰਭਵ ਹੈ।

1975 ਤੋਂ ਬਾਅਦ ਦੀ ਪ੍ਰਗਤੀਵਾਦੀ ਪੰਜਾਬੀ ਕਹਾਣੀ ਆਪਣੇ ਵਿਰਸੇ ਦੀ ਇਸ ਪੱਖੋਂ ਜਾਇਜ਼ ਵਾਰਿਸ ਕਹੀ ਜਾ ਸਕਦੀ ਹੈ ਕਿ ਇਸ ਦਾ ਆਧਾਰ ਵੀ, ਮੁੱਖ ਤੌਰ ਉਤੇ, ਲੋਕਰਾਜੀ-ਉਦਾਰਵਾਦੀ ਰਚਨਾ-ਦ੍ਰਿਸ਼ਟੀ ਰਹੀ ਹੈ। ਸਰੋਕਾਰ, ਨਿਰਸੰਦੇਹ, ਪੁਰਾਣੇ ਹਨ, ਰਚਨਾ-ਦ੍ਰਿਸ਼ਟੀ ਵੀ। ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਨ੍ਹਾਂ ਸਰੋਕਾਰਾਂ ਦੀਆਂ ਅਤੇ ਇਸ ਦ੍ਰਿਸ਼ਟੀ ਦੀਆਂ ਵਧੇਰੇ ਲੁਕਵੀਆਂ ਪਰਤਾਂ ਜ਼ਿਆਦਾ ਕਲਾਮਈ ਸ਼ਿੱਦਤ ਨਾਲ ਰੂਪਮਾਨ ਹੋਈਆਂ ਹਨ।

ਮਿਸਾਲ ਵਜੋਂ ਇਸ ਦੌਰ ਦੀ ਪ੍ਰਗਤੀਵਾਦੀ ਕਹਾਣੀ ਦਾ ਇਕ ਭਖਵਾਂ ਵਿਸ਼ਾ 'ਸੰਪਰਦਾਇਕਤਾ' ਰਿਹਾ ਹੈ। ਸੰਪਰਦਾਇਕ ਦਹਿਸ਼ਤ ਅਤੇ ਸਰਕਾਰੀ ਦਮਨ-ਦੋਹਾਂ ਦਾ ਹੀ ਪ੍ਰਗਤੀਵਾਦੀ ਕਹਾਣੀਕਾਰਾਂ ਵੱਲੋਂ ਸਖਤ ਵਿਰੋਧ ਹੋਇਆ ਹੈ ਅਤੇ ਨਾਲੋ ਨਾਲ ਮਨੁੱਖੀ ਭਾਈਚਾਰੇ ਦੇ ਪੱਖ ਵਿਚ ਆਵਾਜ਼ ਉਠਾਈ ਗਈ ਹੈ। 1975 ਤੋਂ ਪਹਿਲਾਂ ਦੀ ਪ੍ਰਗਤੀ-ਵਾਦੀ ਪੰਜਾਬੀ ਕਹਾਣੀ ਵਿਚ ਵੀ 1947 ਦੇ ਫਸਾਦਾਂ ਦੀ ਵਸਤੂ-ਸਥਿਤੀ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਸੀ। ਇਸ ਪੱਖੋਂ ਰਾਮ ਸਰੂਪ ਅਣਖੀ ਦੁਆਰਾ ਸੰਪਾਦਿਤ ਕਿਤਾਬ 'ਰਤੁ ਕਾ ਕੁੰਗੁ' ਵਿਚ ਸੰਕਲਿਤ ਕਹਾਣੀਆਂ ਅਤੇ ਇਸ ਤੋਂ ਬਾਹਰ ਰਹਿ ਗਈਆਂ ਅਨੇਕ ਹੋਰ ਕਹਾਣੀਆਂ ਪ੍ਰਗਤੀਵਾਦੀ ਕਹਾਣੀ ਦੀ ਪਰੰਪਰਾ ਦਾ ਵਿਸਤਾਰ ਨਜ਼ਰ ਆਉਂਦੀਆਂ ਹਨ। ਪਰ ਹਥਲੇ ਦੌਰ ਵਿਚ ਇਸ ਪਰੰਪਰਾ ਦੀਆਂ ਲੁਕਵੀਆਂ, ਅਣਗੌਲੀਆਂ ਅਤੇ ਅਣਛੋਹੀਆਂ ਪਰਤਾਂ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਵੀ ਲਿਖੀਆਂ ਗਈਆਂ ਹਨ ਜੋ ਇਸ ਪਰੰਪਰਾ ਵਿਚ ਮਿਕਦਾਰੀ ਵਾਧਾ ਕਰਦੀਆਂ ਹਨ।

ਮਿਸਾਲ ਵਜੋਂ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਇਹ ਉਹ ਜਸਬੀਰ ਨਹੀਂ' ਇਸ ਵਿਸ਼ੇ ਸੰਬੰਧੀ ਪੰਜਾਬੀ ਦੀ ਪ੍ਰਮਾਣਿਕ ਕਹਾਣੀ ਕਹੀ ਜਾ ਸਕਦੀ ਹੈ ਜੋ ਸੰਪਰਦਾਇਕ ਫਜ਼ਾ ਦੇ ਪ੍ਰਭਾਵ ਅਧੀਨ ਤਿੜਕ ਰਹੇ ਦੋਸਤੀ ਦੇ ਰਿਸ਼ਤੇ ਦੇ ਦਰਦ ਦਾ ਵਿਲੱਖਣ ਗਲਪ-ਬਿੰਬ ਮੂਰਤੀਮਾਨ ਕਰਦੀ ਹੈ। ਕਹਾਣੀ ਦੇ ਕੇਂਦਰੀ ਪਾਤਰ ਜਸਬੀਰ ਦੀ ਮਾਨਸਿਕ ਦੁਬਿਧਾ ਦੇ ਦੁਖਾਂਤ ਨੂੰ ਕਹਾਣੀਕਾਰ ਨੇ ਜਿਸ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਅਤੇ ਨਿੱਕੀਆਂ-ਨਿੱਕੀਆਂ ਸਾਧਾਰਣ ਸਥਿਤੀਆਂ ਰਾਹੀਂ ਮੂਰਤੀਮਾਨ ਕੀਤਾ ਹੈ, ਉਹ ਆਪਣੇ ਕਲਾਮਈ ਪ੍ਰਗਟਾਵੇ ਵਿਚ ਇਤਨਾ ਵਿਲੱਖਣ ਹੈ ਕਿ ਕਹਾਣੀ ਵਿਅੱਕਤੀ-ਚਰਿੱਤਰ ਦੀ ਨ ਰਹਿ ਕੇ ਸਥਿਤੀ-ਚਰਿੱਤਰ ਦੀ ਹੋ ਨਿਬੜਦੀ ਹੈ ਅਤੇ ਆਤੰਕਵਾਦੀ ਜਸਬੀਰ ਆਤੰਕਵਾਦ ਦਾ ਸ਼ਿਕਾਰ ਲੱਗਣ ਲੱਗ ਪੈਂਦਾ ਹੈ। ਖੱਬੇ-ਪੱਖੀ ਸਿਆਸਤ ਨਾਲ ਜੁੜੇ ਜਸਬੀਰ ਅਤੇ ਹਰੀ ਓਮ ਦੀ ਦੋਸਤੀ ਵਿਚ ਸੰਪਰਦਾਇਕ ਸਿਆਸਤ ਕਾਰਨ ਉਪਜੇ ਸੰਦੇਹ ਅਤੇ ਸਹਿਮ ਦੀ ਸੰਵੇਦਨਾ ਨੂੰ ਪ੍ਰਗਟ ਕਰਨ ਵਾਲੀ ਇਹ ਕਹਾਣੀ ਸਥਿਰ ਸਥਿਤੀਆਂ ਦੀ ਉਚਸੁਰੀ ਕਹਾਣੀ ਨਾ ਰਹਿ ਕੇ ਤਰਲ ਮਾਨਸਿਕ ਸਥਿਤੀ ਦੀ ਕਲਾਮਈ ਪੇਸ਼ਕਾਰੀ ਹੋ ਨਿਬੜਦੀ ਹੈ ਅਤੇ ਕਹਾਣੀ ਦਾ ਹਰੇਕ ਅੰਸ਼ ਸੰਗਠਿਤ ਰੂਪ ਵਿਚ ਪਾਠਕ ਦੀ ਸਿਮ੍ਰਿਤੀ ਦਾ ਅਭੁੱਲ ਅੰਗ ਬਣ ਜਾਂਦਾ ਹੈ ਜੋ ਸਥਿਤੀ ਦੇ ਵਿਵੇਕ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ।

ਇਸ ਵਿਵੇਕ ਦਾ ਇਕ ਨਿਮ੍ਹਾ-ਜਿਹਾ ਝਾਉਲਾ ਵਰਿਆਮ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਵਿਚੋਂ ਪੈਂਦਾ ਹੈ ਜੋ ਪੰਜਾਬੀ ਕਹਾਣੀ-ਜਗਤ ਵਿਚ ਤਿੱਖੇ ਵਾਦ-ਵਿਵਾਦ ਦਾ ਵਿਸ਼ਾ ਬਣੀ ਰਹੀ ਹੈ। ਪ੍ਰਤੀਕਾਤਮਕ ਰਚਨਾ-ਵਿਧੀ ਦੀ ਵਰਤੋਂ ਕਰਨ ਵਾਲੀ ਇਹ ਕਹਾਣੀ ਸੰਕੇਤ ਸਿਰਜਦੀ ਪ੍ਰਤੀਤ ਹੁੰਦੀ ਹੈ ਕਿ ਅਸਾਵੇਂ ਆਰਥਿਕ-ਸੰਸਕ੍ਰਿਤਕ ਰਿਸ਼ਤਿਆਂ ਦੇ ਆਧਾਰ 'ਤੇ ਉਸਰੇ ਕਿਸੇ ਵੀ ਸਮਾਜਕ ਸੰਗਠਨ ਵਿਚਲੇ ਅੰਤਰ-ਵਿਰੋਧ ਵਿਚ ਸ਼ਾਮਿਲ ਸ਼ੋਸ਼ਿਤ ਧਿਰ ਭਾਵੇਂ, ਵਕਤੀ ਤੌਰ ਉਤੇ, ਦੁਖਾਂਤ ਦੀ ਭੋਗਣਹਾਰ ਬਣਦੀ ਹੈ, ਪਰ ਇਹ ਅੰਤਰ-ਵਿਰੋਧ ਉਸ ਸੰਗਠਨ ਦੀ ਹੰਢਣਸਾਰਤਾ ਉੱਤੇ ਵੀ ਪ੍ਰਸ਼ਨ-ਚਿੰਨ੍ਹ ਖੜ੍ਹਾ ਕਰ ਦਿੰਦਾ ਹੈ—ਲੋੜ ਸਿਰਫ ਉਸ ਅੰਤਰ-ਵਿਰੋਧ ਦੇ ਅਨਿਵਾਰੀ ਸੁਭਾ ਨੂੰ ਸਮਝ ਕੇ, ਉਸ ਨੂੰ ਸਿਹਤ-ਮੰਦ ਰਾਹ ਉੱਤੇ ਪਾਉਣ ਦੀ ਹੈ ਜਿਸ ਨੂੰ ਸੰਗਠਨ ਦੀ ਅਧਿਕਾਰਸ਼ੀਲ ਧਿਰ ਹਮੇਸ਼ਾ ਹੀ ਪੁੱਠੇ ਰਾਹ ਪਾਉਂਦੀ ਰਹੀ ਹੈ।

ਸੰਪਰਦਾਇਕ ਸਿਆਸਤ ਦੇ ਵਿਵੇਕ ਦਾ ਵਿਸ਼ਵ-ਸਾਮਰਾਜ ਅਧੀਨ ਉਸਰ ਰਹੀ ਭਾਰਤੀ ਪੂੰਜੀਵਾਦੀ ਵਿਵਸਥਾ ਵਿਚ ਨਿਰਧਾਰਣ—ਇਹ ਹੈ ਉਹ ਤੱਤ ਜਿਹੜਾ ਇਸ ਕਹਾਣੀ ਦੇ ਸੰਗਠਨ-ਨਿਯਮ ਵਜੋਂ ਸਮੁੱਚੀ ਕਹਾਣੀ ਵਿਚ ਕਾਰਜਸ਼ੀਲ ਹੈ।

1975 ਤੋਂ ਬਾਅਦ ਦੀ ਪ੍ਰਗਤੀਵਾਦੀ ਪੰਜਾਬੀ ਕਹਾਣੀ ਵਿਚ ਵੀ 'ਧੌਂਸ' ਅਤੇ 'ਦੰਭ' ਦੇ ਵਿਅੰਗਭਾਵੀ ਚਿਤਰਾਂ ਦੀ ਭਰਮਾਰ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰ ਇਸ ਦੌਰ ਵਿਚ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਵੀ ਹੋਈ ਹੈ ਜੋ 'ਧੌਂਸ' ਅਤੇ 'ਦੰਭ' ਦੀ ਸ਼ਿਕਾਰ ਧਿਰ ਦਾ ਕਰੁਣਾ-ਆਧਾਰਿਤ ਚਿਤਰ ਰੂਪਮਾਨ ਕਰਨ ਦੀ ਬਜਾਏ ਇਸ ਧਿਰ ਨਾਲ ਸੰਬੰਧਿਤ ਵਿਅੱਕਤੀਆਂ ਵਿਚ ਪੈਦਾ ਹੋ ਰਹੇ ਰੋਹ ਅਤੇ ਵਿਦਰੋਹ ਦੇ ਪ੍ਰਸ਼ੰਸਾਕਾਰੀ ਗਲਪ-ਬਿੰਬ ਮੂਰਤੀਮਾਨ ਕਰਦੀਆਂ ਹਨ। ਮਿਸਾਲ ਵਜੋਂ ਵਰਿਆਮ ਸੰਧੂ ਦੀ ਕਹਾਣੀ 'ਹਨ੍ਹੇਰੀ'



ਵਿਚ ਛੋਟੀ ਕਿਸਾਨੀ ਦੀ 'ਸਾਧਨ-ਵਿਹੂਣੇ' ਜਗਦੀਸ਼ ਨਾਲ ਸਾਂਝ ਵਿਵਸਥਾ ਵਿਰੁੱਧ ਵਿਦਰੋਹ ਦੀ ਜ਼ਾਮਨ ਬਣਦੀ ਹੈ; ਗੁਰਮੇਲ ਮਡਾਹੜ ਦੀ ਕਹਾਣੀ 'ਜੰਗ-ਜਾਰੀ ਹੈ' ਅਤੇ ਐਸ. ਤਰਸੇਮ ਦੀ ਕਹਾਣੀ 'ਭਰਿੰਡਾਂ' ਵੀ ਇਸੇ ਭਾਵ ਦੀਆਂ ਵਾਹਕ ਹਨ। ਇਹ ਕਹਾ-ਣੀਆਂ ਪ੍ਰਗਤੀਵਾਦੀ ਕਹਾਣੀ ਦੇ ਪਰੰਪਰਾਗਤ ਨਾਇਕ ਦੇ ਪਰਉਪਕਾਰੀ ਬਿੰਬ ਦੀ ਥਾਂ ਲੋੜਵੰਦ ਲੋਕਾਂ ਦੇ ਸਮੂਹਕ ਨਾਇਕਤਵ ਦਾ ਬਿੰਬ ਉਸਾਰਦੀਆਂ ਹਨ ਜੋ ਵਿਵਸਥਾ ਵਿਰੁੱਧ ਵਸਤੂ-ਸਥਿਤੀ ਦੀ ਅਨਿਵਾਰਿਤਾ ਵਿਚੋਂ ਉਪਜਣ ਵਾਲੇ ਇਤਿਹਾਸਕ ਵਿਦਰੋਹ ਨੂੰ ਇਕ ਮੁੱਲ ਵਜੋਂ ਪ੍ਰਵਾਨ ਕਰਦੀਆਂ ਹੋਈਆਂ ਭਵਿੱਖਮੁਖੀ ਕ੍ਰਾਂਤੀ ਦਾ ਸੁਪਨਾ ਸਿਰਜ-ਦੀਆਂ ਹਨ। ਕਰੁਣਾ ਤੋਂ ਕ੍ਰਾਂਤੀ ਤਕ ਦਾ ਇਹ ਸਫਰ 1975 ਤੋਂ ਬਾਅਦ ਦੀ ਪੰਜਾਬੀ ਕਹਾਣੀ ਦੀ ਇਕ ਹੋਰ ਪ੍ਰਾਪਤੀ ਕਿਹਾ ਜਾ ਸਕਦਾ ਹੈ।

ਸਮਾਜ ਵਿਚ ਕਈ ਗੱਲਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਨਿਰਪੇਖ ਰੂਪ ਵਿਚ ਅਪਣਾਉਣ ਯੋਗ ਮੁੱਲਾਂ ਵਜੋਂ ਸਵੀਕਾਰ ਕਰ ਲਿਆ ਗਿਆ ਹੁੰਦਾ ਹੈ। ਮਿਸਾਲ ਵਜੋਂ ਭਾਰਤੀ ਸਮਾਜ ਵਿਚ ਸਬਰ, ਸੰਤੋਖ, ਸਾਦਗੀ, ਦਾਨ, ਦਇਆ ਅਤੇ ਸੇਵਾ ਤੇ ਗਰੀਬੀ ਨੂੰ ਕੁਝ ਅਜਿਹਾ ਮਰਤਬਾ ਪ੍ਰਾਪਤ ਹੈ ਕਿ ਇਨ੍ਹਾਂ ਵਿਚੋਂ ਇਕ ਵੀ ਗੁਣ ਦਾ ਧਾਰਨੀ ਮਨੁੱਖ ਮਹਾਤਮਾ ਵਜੋਂ ਵਡਿਆਇਆ ਜਾਂਦਾ ਹੈ। 'ਦੇਵੀ' ਦੇ ਸੰਕਲਪ ਵਿਚ ਵੀ ਇਸਤਰੀ ਦੀਆਂ ਕੁਝ ਅਜਿਹੀਆਂ ਖਾਸੀਅਤਾਂ ਦਾ ਵਿਧਾਨ ਹੈ ਕਿ ਇਸ ਸ਼ਬਦ ਦੀ ਮਹਿਮਾ ਦੇ ਜਾਲ ਵਿਚ ਉਲਝੀ ਇਸਤਰੀ ਆਪਣੇ ਮੋਏ ਪਤੀ ਦੀ ਵੀ ਗੁਲਾਮ ਬਣੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਸਥਿਤੀ-ਨਿਰਪੇਖ ਆਦਰ ਈਮਾਨਦਾਰੀ, ਵਫਾਦਾਰੀ, ਵੱਡਿਆਂ ਦੇ ਸਤਿਕਾਰ ਅਤੇ ਰਿਸ਼ਤੇ-ਦਾਰਾਂ ਦੇ ਮੋਹ-ਪਿਆਰ ਨੂੰ ਪ੍ਰਾਪਤ ਹੈ। 1975 ਤੋਂ ਬਾਅਦ ਦੀ ਪ੍ਰਗਤੀਵਾਦੀ ਪੰਜਾਬੀ ਕਹਾਣੀ ਦੀ ਇਕ ਅਹਿਮ ਪ੍ਰਾਪਤੀ ਇਹ ਹੈ ਕਿ ਇਸ ਨੇ ਪਰੰਪਰਾਗਤ ਮੁੱਲ-ਪ੍ਰਬੰਧ ਨੂੰ ਵੰਗਾਰਿਆ ਹੈ ਅਤੇ ਮਨੁੱਖੀ ਵਿਹਾਰ ਦੀ ਵਿਆਖਿਆ ਸਥਿਤੀ ਦੇ ਸੰਦਰਭ ਵਿਚ ਕੀਤੀ ਹੈ।

ਮਿਸਾਲ ਲੈਂਦੇ ਹਾਂ—ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਦੀ। ਪਿੰਡ ਦੀ ਪੰਚਾਇਤ ਬਠਲੂ ਨੂੰ ਪਿੰਡ ਦਾ ਇਕ ਟੋਆ ਭਰਨ ਦਾ ਠੇਕਾ ਦੇ ਦਿੰਦੀ ਹੈ। ਮਿਹਨਤਾਨੇ ਵਜੋਂ ਚਾਰ ਛਿੱਲੜ ਮਿਲਣ ਦੀ ਆਸ ਤਾਂ ਹੈ ਹੀ, ਪੰਚਾਇਤ ਦੀ ਹੱਲਾਸ਼ੇਰੀ ਅਤੇ ਪਿੰਡ ਦੀ ਸੇਵਾ ਕਮਾਉਣ ਦਾ ਮੋਹ ਵੀ ਬਠਲੂ ਨੂੰ ਜਾਨ ਹੂਲ ਕੇ ਮਿਹਨਤ ਕਰਨ ਲਈ ਪ੍ਰੇਰਦਾ ਹੈ। ਪਰ ਟੋਆ ਹੈ ਕਿ ਭਰਦਾ ਹੀ ਨਹੀਂ। ਵਿਤੋਂ-ਵਧ ਸਰੀਰਕ ਕੰਮ, ਅਖੀਰ, ਬਠਲੂ ਦੀ ਜਾਨ ਲੈ ਲੈਂਦਾ ਹੈ। ਪਰ ਪਿੰਡ ਵਾਲੇ ਸਮਝਦੇ ਹਨ ਕਿ ਬਠਲੂ ਨੇੜਲੇ ਰੁੱਖ ਉਤੇ ਰਹਿੰਦੇ ਪ੍ਰੇਤ ਦਾ ਸ਼ਿਕਾਰ ਹੋ ਗਿਆ ਹੈ। ਪ੍ਰਤੀਕਮਈ ਅਰਥਾਂ ਵਿਚ ਇਹ ਕਹਾਣੀ ਸਾਡੇ ਦੇਸ਼ ਦੇ ਮਜ਼ਦੂਰ ਵਰਗ ਦੇ ਉਸ ਦੁਖਾਂਤ ਨੂੰ ਉਘਾੜਦੀ ਹੈ ਜੋ ਇਸ ਵਰਗ ਦੀ ਸਿੱਧੜਤਾ ਅਤੇ 'ਸਦਾਚਾਰ' ਵਿਚੋਂ ਜਨਮ ਲੈਂਦਾ ਹੈ। ਰਾਮ ਸਰੂਪ ਅਣਖੀ ਦੀਆਂ ਕਹਾਣੀਆਂ 'ਖਾਰਾ ਦੁੱਧ' ਅਤੇ 'ਸਵਾਲ-ਦਰ-ਸਵਾਲ'; ਅਜੀਤ ਕੌਰ ਦੀ ਕਹਾਣੀ 'ਅਲੀ ਬਾਬੇ ਦੀ ਮੌਤ'; ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ 'ਘਰ' ਅਤੇ 'ਗੋਈ', ਵਰਿਆਮ ਸੰਧੂ ਦੀ ਕਹਾਣੀ 'ਅੰਗ ਸੰਗ' ਆਦਿ ਬਹੁਤ ਸਾਰੀਆਂ ਕਹਾਣੀਆਂ ਇਸ ਦੌਰ ਵਿਚ ਰਚੀਆਂ ਗਈਆਂ ਹਨ ਜੋ ਦੋ ਸਦਾ-ਚਾਰਕ ਮੁੱਲਾਂ ਦੇ ਸਥਿਤੀਗਤ ਤਨਾਉ ਦਾ ਦੁਖਾਂਤ ਮੂਰਤੀਮਾਨ ਕਰਦੀਆਂ ਹਨ।

ਸਾਮਰਾਜ ਅਧੀਨ ਵਿਕਸਿਤ ਹੋ ਰਹੀ ਭਾਰਤੀ ਪੂੰਜੀਵਾਦੀ ਵਿਵਸਥਾ ਦੀ ਇਕ
ਪ੍ਰਾਪਤੀ ਇਹ ਹੈ ਕਿ ਇਸ ਨੇ ਦਿਸਦੇ ਸੰਸਾਰ ਨੂੰ ਕਿਸੇ ਹੱਦ ਤਕ 'ਮਿੱਠਾ' ਬਣਾਇਆ ਹੈ
ਅਤੇ ਇਸ ਦੀ ਮਿਠਾਸ ਭੋਗਣ ਦੀ ਲਾਲਸਾ ਦਾ ਪਸਾਰ ਕੀਤਾ ਹੈ। ਪਰ ਦੁਖਾਂਤ ਇ
ਹੈ ਕਿ ਲਾਲਸਾ ਦੀ ਪੂਰਤੀ ਦੇ ਸਾਧਨ ਕੁਝ ਇਕ ਹੱਥਾਂ ਵਿਚ ਸੌਂਪ ਦਿੱਤੇ ਹਨ। ਪਰੰਪਰਾ
ਗਤ ਪ੍ਰਗਤੀਵਾਦੀ ਪੰਜਾਬੀ ਕਹਾਣੀ ਵਿਚ ਸਾਧਨਾਂ ਅਤੇ ਉਨ੍ਹਾਂ ਦੀ ਮਾਲਕੀ ਵਿਚੋਂ ਪੈਦ
ਹੋਣ ਵਾਲੀ ਸਮੱਸਿਆ ਨੂੰ ਤਿਆਗਵਾਦੀ ਦ੍ਰਿਸ਼ਟੀਕੋਣ ਤੋਂ ਨਜਿੱਠਣ ਦੀ ਕੋਸ਼ਿਸ਼ ਕੀਤ
ਗਈ ਹੈ ਅਤੇ ਮਨੁੱਖ ਨੂੰ 'ਸੰਜਮ' ਨਾਲ ਰਹਿਣ ਦੀ ਸਿਖਿਆ ਦਿੱਤੀ ਗਈ ਹੈ। ਪ
1975 ਤੋਂ ਬਾਅਦ ਦੀ ਕਹਾਣੀ ਵਿਚ ਸੰਸਾਰਕ ਸੁੱਖ ਹੰਢਾਉਣ ਨੂੰ ਇਕ ਮੁੱਲ ਵਜੋ
ਸਵੀਕਾਰ ਕੀਤਾ ਗਿਆ ਹੈ। ਇਸ ਪੱਖੋਂ ਕੇ. ਐਲ. ਗਰਗ ਦੀਆਂ ਕਈ ਕਹਾਣੀਅ
ਨਿਰਸੰਦੇਹ, ਵਰਨਣ ਯੋਗ ਹਨ। ਮਿਸਾਲ ਵਜੋਂ 'ਅੱਗ ਦੇ ਦਾਇਰੇ' ਵਿਚ ਉਹ ਕੁੜੀਆਂ
ਸਕੂਲ ਦੇ ਇਕ ਕਲਰਕ ਦਾ ਦੁਖਾਂਤ ਪੇਸ਼ ਕਰਦਾ ਹੈ ਜਿਸਦੇ ਹਰ ਪਾਸੇ ਖੂਬਸੂਰਤੀ ਖਿੰ
ਪਈ ਹੈ, ਪਰ ਜੋ ਆਪਣੀ ਬਦਸੂਰਤ ਔਰਤ ਨਾਲ ਹਮਬਿਸਤਰ ਹੋਣ ਲਈ ਮਜਬੂਰ ਹੈ
ਗਰਗ ਦੀ ਕਹਾਣੀ 'ਮੋਹ ਭੰਗ' ਤਾਂ ਇਸ ਪੱਖੋਂ ਪੰਜਾਬੀ ਦੀ ਸ਼ਾਹਕਾਰ ਕਹਾਣੀ ਕਹੀ ਜ
ਸਕਦੀ ਹੈ ਜਿਸ ਵਿਚ ਕਹਾਣੀਕਾਰ ਨੇ ਪੌਰਾਣਿਕ ਕਥਾ ਦੇ ਆਸਰੇ ਹੀ ਪੌਰਾਣਿਕ ਮੁੱਲ
ਨੂੰ ਵੰਗਾਰਿਆ ਹੈ। ਇਹ ਅਤੇ ਇਨ੍ਹਾਂ ਵਰਗੀਆਂ ਹੋਰ ਕਹਾਣੀਆਂ ਇਸ ਪ੍ਰਗਤੀਸ਼ੀ
ਚੇਤਨਾ ਦੀਆਂ ਲਖਾਇਕ ਹਨ ਕਿ ਸਮੱਸਿਆ 'ਇਹ ਲੋਕ' ਦੀਆਂ ਦਾਤਾਂ ਦੇ ਸਿਰਜ
ਅਤੇ ਭੋਗਣ ਦੀ ਹੈ ਅਤੇ ਇਹ ਸਿਰਜਣਹਾਰ ਅਤੇ ਭੋਗਣਹਾਰ ਦੇ ਵੱਖ-ਵੱਖ ਹੋਣ ਵਿਚ
ਜਨਮ ਲੈਂਦੀ ਹੈ। ਧਰਮ, ਜਾਤ-ਪਾਤ, ਪ੍ਰਾਂਤ, ਸਦਾਚਾਰ, ਭਾਸ਼ਾ, ਨਸਲ ਅਤੇ ਦੇਸ਼
ਵਖਰੇਵੇਂ, ਅਸਲ ਵਿਚ, ਸਾਧਨਾਂ ਦੀ ਵੰਡ ਦਾ ਹੀ ਅਲਾਮਤੀ ਪ੍ਰਗਟਾਵਾ ਹਨ। ਅਧਿਕ
ਰਸ਼ੀਲ ਧਿਰਾਂ ਇਨ੍ਹਾਂ ਦੀ ਵਰਤੋਂ ਆਪਣੇ ਹਿਤਾਂ ਦੀ ਪੂਰਤੀ ਲਈ ਮੁੱਢ ਤੋਂ ਹੀ ਵੱਖ-ਵੱ
ਰੂਪਾਂ ਵਿਚ ਕਰਦੀਆਂ ਆਈਆਂ ਹਨ। ਦੁਖਾਂਤ ਇਹ ਹੈ ਕਿ ਸੰਸਕ੍ਰਿਤੀ ਦੇ ਸਿਰਜਣਹਾ
ਮਿਹਨਤਕਸ਼ ਵਰਗ ਦੇ ਪੱਖ ਵਿਚ ਇਹ ਸਿਰਜਣਾਵਾਂ ਭੁਗਤ ਨਹੀਂ ਸਕਦੀਆਂ ਅਤੇ ਆਪ
ਹਿਤਾਂ ਦੇ ਹਾਣ ਦੀ ਸੰਸਕ੍ਰਿਤੀ ਨੂੰ ਇਹ ਵਰਗ ਅਜੇ ਵਰ ਨਹੀਂ ਸਕਿਆ।

0

[ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰ



# ਆਧੁਨਿਕ ਮਨੁੱਖ ਅਤੇ ਆਧੁਨਿਕਤਾਵਾਦ

ਪ੍ਰੇਮੀ ਪਾਲੀ

ਸਾਹਿਤ, ਨਾਟਕ ਅਤੇ ਚਿਤਰਕਾਰੀ ਦੇ ਖੇਤਰਾਂ ਵਿਚ ਖਾਸ ਕਰਕੇ, ਆਧੁਨਿਕਤਾ-ਵਾਦੀ ਲਹਿਰ ਇਕ ਅਜਿਹੀ ਪ੍ਰਬਲ ਅਤੇ ਵਿਆਪਕ ਲਹਿਰ ਹੈ ਜਿਸ ਨੂੰ ਸਹਿਜੇ ਕੀਤੇ ਅਣਗੌਲਿਆ ਨਹੀਂ ਜਾ ਸਕਦਾ। ਸਰਮਾਏਦਾਰੀ ਪ੍ਰਬੰਧ ਦੇ ਵਿਕਸਿਤ ਹੋਣ ਨਾਲ ਉਦ-ਯੋਗਿਕ ਕ੍ਰਾਂਤੀ ਅਤੇ ਤਕਨੀਕੀ ਵਿਕਾਸ ਅਜਿਹੇ ਪਦਾਰਥਕ ਆਧਾਰ ਹਨ ਜਿਨ੍ਹਾਂ ਨੇ ਕਲਾ ਨੂੰ ਨਵੇਂ ਰੂਪ-ਵਿਧਾਨ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ, ਅਤੇ ਜਿਨ੍ਹਾਂ ਨੇ ਇਕ ਨਵੇਂ ਸਮਾਜਕ ਪ੍ਰਬੰਧ ਨੂੰ ਜਨਮ ਦੇ ਕੇ ਕਲਾ ਲਈ ਨਵੀਨ ਸਮੱਗਰੀ ਹੀ ਮੁਹੱਈਆ ਨਹੀਂ ਕੀਤੀ ਸਗੋਂ ਨਵੀਆਂ ਵਿਚਾਰਧਾਰਾਵਾਂ ਲਈ ਬੁਨਿਆਦ ਵੀ ਰੱਖੀ ਹੈ। ਇਸ ਤਰ੍ਹਾਂ ਆਧੁਨਿਕਤਾਵਾਦੀ ਲਹਿਰ ਨੂੰ ਕੇਵਲ ਰੂਪ-ਵਿਧਾਨ ਦੀ ਪੱਧਰ 'ਤੇ ਹੀ ਨਹੀਂ ਸਗੋਂ ਸਮੱਗਰੀ-ਪ੍ਰਬੰਧ ਅਤੇ ਵਿਚਾਰਧਾਰਕ ਆਧਾਰ ਦੀ ਪੱਧਰ 'ਤੇ ਵੀ ਵਿਚਾਰਨ ਦੀ ਲੋੜ ਹੈ। ਆਧੁਨਿਕਤਾਵਾਦ ਨੂੰ ਪਰਿਭਾਸ਼ਤ ਕਰਨ ਲਈ ਜ਼ਰੂਰੀ ਹੈ ਕਿ ਇਸ ਨਜ਼ਰੀਏ ਨੂੰ ਇਨ੍ਹਾਂ ਤਿੰਨਾਂ ਪੱਧਰਾਂ 'ਤੇ ਪਰਖਿਆ ਜਾਵੇ। ਪਰ ਇਸ ਤੋਂ ਪਹਿਲਾਂ ਆਧੁਨਿਕਵਾਦ ਦੇ ਅਰਥ ਨਿਸਚਿਤ ਕਰਨ ਲਈ ਵੱਖ ਵੱਖ ਖੇਤਰਾਂ ਵਿਚ ਇਸ ਦੇ ਵਿਰੋਧੀ ਸੰਕਲਪਾਂ ਦੇ ਟਾਕਰੇ ਇਸ ਨੂੰ ਸਮਝਣ ਦੀ ਲੋੜ ਹੈ।

ਸਮਾਜਕ ਵਿਗਿਆਨਾਂ ਵਿਚੋਂ ਖਾਸ ਕਰਕੇ ਸਮਾਜ-ਵਿਗਿਆਨ ਆਧੁਨਿਕਤਾ ਦੇ ਸੰਕਲਪ ਨੂੰ ਪਰੰਪਰਾ ਦੇ ਵਿਰੋਧ ਵਿਚ ਲੈਂਦਾ ਹੈ, ਭਾਵ ਆਧੁਨਿਕਤਾ ਉਹ ਹੈ ਜੋ ਪਰੰਪਰਾ-ਗਤ ਨਹੀਂ। ਇਸ ਤਰ੍ਹਾਂ ਪਰੰਪਰਾਗਤ ਸਭਿਆਚਾਰ ਵਿਚ ਨਵੀਆਂ ਵਿਗਿਆਨਕ ਅਤੇ ਤਕਨੀਕੀ ਖੋਜਾਂ ਦੇ ਆਧਾਰ 'ਤੇ ਜੋ ਵੀ ਤਬਦੀਲੀ ਆ ਰਹੀ ਹੈ ਜਾਂ ਉੱਨਤ ਦੇਸਾਂ ਦੇ ਸੰਪਰਕ ਵਿਚ ਆਉਣ ਨਾਲ ਪੱਛਮੀ ਸਭਿਆਚਾਰ ਦਾ ਜੋ ਸੰਚਾਰ ਤੀਸਰੀ ਦੁਨੀਆਂ ਦੇ ਦੇਸਾਂ ਵਿਚ ਹੋ ਰਿਹਾ ਹੈ, ਉਸ ਨੂੰ ਆਧੁਨਿਕਤਾ ਕਹਿ ਲਿਆ ਜਾਂਦਾ ਹੈ। ਆਧੁਨਿਕਤਾ ਦਾ ਇਹ ਅਤਿ-ਵਿਸ਼ਾਲ ਸੰਕਲਪ ਹੈ ਜਿਸ ਵਿਚ ਹਰ ਕਿਸਮ ਦੇ ਪਰਿਵਰਤਨ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਉਦਯੋਗਿਕ ਵਿਕਾਸ ਨੇ ਸ਼ਹਿਰੀਕਰਣ ਵਿਚ ਵਾਧਾ ਕਰਕੇ ਮਹਾਂ-ਨਗਰਾਂ ਵਿਚ ਵਾਧਾ ਕੀਤਾ ਹੈ, ਜਿਸ ਨਾਲ ਮਹਾਂ-ਨਗਰ ਚੇਤਨਾ ਪੈਦਾ ਹੋਈ ਹੈ। ਪੱਛਮੀਕਰਣ ਦੀ ਲਹਿਰ ਨੇ ਪਰੰਪਰਾਗਤ ਸਭਿਆਚਾਰਾਂ ਵਿਚ ਵਿਸ਼ਾਲ ਪੱਧਰ 'ਤੇ ਤਬਦੀਲੀ ਲਿਆਂਦੀ ਹੈ। ਸਰਮਾਏਦਾਰੀ ਪ੍ਰਬੰਧ ਦੇ ਵਿਕਸਿਤ ਹੋਣ ਨਾਲ ਇਲਾਕਾਈ ਸਭਿਆਚਾਰਾਂ ਨੂੰ ਆਧੁ-ਨਿਕੀਕਰਣ ਨੇ ਆਪਣੀ ਲਪੇਟ ਵਿਚ ਲਿਆ ਹੈ ਅਤੇ ਸਭਿਆਚਾਰਕ ਵਿਰਸਿਆਂ ਦੇ ਅੰਦਰੋ-ਅੰਦਰ ਭਾਰੀ ਸੰਰਚਨਾਤਮਕ ਤਬਦੀਲੀਆਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਕਾਰਣਾਂ

ਸਦਕਾ ਹੀ ਸਮਾਜਕ ਵਿਗਿਆਨਾਂ ਵਿਚ ਸਮਾਜਕ ਗਤੀ ਦਾ ਵਿਸ਼ਾ ਵਧੇਰੇ ਮਹੱਤਵਪੂਰਣ ਬਣਿਆ ਹੈ ।

ਸਮਾਜਕ ਸੰਰਚਨਾ ਦੀ ਇਸ ਨੀਂਹ ਉਪਰ ਉਸਰੇ ਕਲਾ ਦੇ ਵੱਖ ਵੱਖ ਖੇਤਰਾਂ ਵਿਚ ਵੀ ਨਵੀਆਂ ਸ਼ੈਲੀਆਂ ਅਤੇ ਨਵੀਆਂ ਵਿਧੀਆਂ ਨੇ ਜਨਮ ਲਿਆ ਹੈ ਜਿਨ੍ਹਾਂ ਨੂੰ ਇਕ ਪਾਸੇ ਤਾਂ ਸੰਰਚਨਾਤਮਕ ਨੀਂਹ ਵਿਚ ਹੋਣ ਵਾਲੀਆਂ ਤਬਦੀਲੀਆਂ ਨੇ ਨਿਸਚਿਤ ਕੀਤਾ ਹੈ ਅਤੇ ਦੂਜੇ ਪਾਸੇ ਪਰੰਪਰਾਗਤ ਸ਼ੈਲੀਆਂ ਅਤੇ ਵਿਧੀਆਂ ਨੇ ਪ੍ਰਭਾਵਿਤ ਕੀਤਾ ਹੈ ਅਤੇ ਤਕਨਾਲੋਜੀ ਦੇ ਵਿਕਾਸ ਨੇ ਆਪਣਾ ਅੱਡ ਹਿੱਸਾ ਪਾਇਆ ਹੈ । ਚਿਤਰਕਾਰੀ ਦੇ ਖੇਤਰ ਵਿਚ ਆਧੁਨਿਕ ਚਿਤਰਕਾਰੀ ਨੇ ਅਮੂਰਤ ਸ਼ੈਲੀ, ਪ੍ਰਭਾਵਵਾਦ, ਕਿਊਬਿਇਜ਼ਮ ਆਦਿ ਸ਼ੈਲੀਆਂ ਰਾਹੀਂ ਆਧੁਨਿਕ ਮਨੁੱਖ ਦੀ ਸਥਿਤੀ ਨੂੰ ਚਿਤਰਨ ਦੀ ਕੋਸ਼ਿਸ਼ ਕੀਤੀ ਹੈ । ਨਾਟਕ ਦੇ ਖੇਤਰ ਵਿਚ ਨਵੇਂ ਪ੍ਰਯੋਗ ਕੀਤੇ ਗਏ ਹਨ ਅਤੇ ਨਵੀਆਂ ਤਕਨੀਕਾਂ ਰਾਹੀਂ ਨਾਟਕੀ ਸਥਿਤੀ ਨੂੰ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੇ ਹੀਲੇ ਵਰਤੇ ਗਏ ਹਨ । ਇਸੇ ਤਰ੍ਹਾਂ ਸਾਹਿਤਕਾਰਾਂ ਨੇ ਵੀ ਆਧੁਨਿਕ ਮਨੁੱਖ ਦੀ ਸਥਿਤੀ ਵੱਧ ਡੂੰਘਾਈ ਨਾਲ ਮਹਿਸੂਸ ਕਰਕੇ ਉਸ ਨੂੰ ਅਭਿਵਿਅਕਤ ਕਰਨ ਲਈ ਨਵੇਂ ਰੂਪ-ਵਿਧਾਨ ਸਿਰਜੇ ਹਨ । ਨਵੀਨ ਤਕਨਾਲੋਜੀ ਨੇ ਨਵੇਂ ਪ੍ਰਤੀਕਾਂ ਨੂੰ ਜਨਮ ਦਿੱਤਾ ਹੈ, ਜਿਸ ਨਾਲ ਪਰੰਪਰਾਗਤ ਪ੍ਰਤੀਕਾਂ ਜਿਵੇਂ ਚਰਖਾ, ਕੱਤਣੀ, ਗਾਧੀ, ਖੂਹ ਆਦਿ ਦੀ ਥਾਂ ਆਧੁਨਿਕ ਸੰਦਾਂ ਨੂੰ ਪ੍ਰਤੀਕਾਂ ਵਜੋਂ ਵਰਤਿਆ ਜਾਣ ਲੱਗ ਪਿਆ ਹੈ । ਨਿਰਸੰਦੇਹ, ਇਨ੍ਹਾਂ ਤਬਦੀਲੀਆਂ ਦਾ ਆਧਾਰ ਬਦਲ ਰਿਹਾ ਪਦਾਰਥਕ ਸੰਸਾਰ ਹੈ ਜਿਸ ਵਿਚ ਮਨੁੱਖੀ ਰਿਸ਼ਤਿਆਂ ਦੀ ਬਦਲ ਰਹੀ ਨੁਹਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਵਿਚ ਹੋ ਰਹੀ ਟੁੱਟ-ਭੱਜ ਅਹਿਮ ਵਿਸ਼ਿਆਂ ਵਜੋਂ ਆਧੁਨਿਕ ਲੇਖਕਾਂ ਅਤੇ ਕਲਾਕਾਰਾਂ ਦੁਆਰਾ ਬਿੰਬਿਤ ਹੁੰਦੀ ਹੈ ।

ਸੁਹਜ-ਵਿਗਿਆਨ ਵਿਚ ਆਧੁਨਿਕਤਾਵਾਦ ਪਰੰਪਰਾਵਾਦੀ ਸੁਹਜ-ਸੰਕਲਪਾਂ ਦੇ ਵਿਰੋਧ ਦੇ ਨਾਲ ਨਾਲ ਯਥਾਰਥਵਾਦੀ ਸੁਹਜ-ਸੰਕਲਪਾਂ ਦਾ ਵੀ ਡਟਵਾਂ ਵਿਰੋਧ ਕਰਦਾ ਹੈ । ਵਿਚਾਰਧਾਰਕ ਪੱਧਰ 'ਤੇ ਪਦਾਰਥਵਾਦੀ ਵਿਚਾਰਧਾਰਾ ਨੂੰ ਕਲਾ ਦੇ ਵਿਕਾਸ ਵਿਚ ਅਤੇ ਨਵੀਨ ਕਲਾ-ਸ਼ੈਲੀਆਂ ਦੀ ਸਿਰਜਣਾ ਦੇ ਰਾਹ ਵਿਚ ਰੋੜਾ ਸਮਝਦਾ ਹੈ । ਇਸ ਤਰ੍ਹਾਂ ਕਲਾ ਦੇ ਖੇਤਰ ਵਿਚ ਆਧੁਨਿਕਤਾਵਾਦ ਦਾ ਵਿਰੋਧ ਸਮਾਜਵਾਦੀ ਯਥਾਰਥਵਾਦ ਦੀ ਵਿਚਾਰਧਾਰਾ ਨਾਲ ਹੈ । ਕਈ ਆਲੋਚਕ ਤਾਂ ਸਮਾਜਵਾਦੀ ਯਥਾਰਥਵਾਦ ਦਾ ਵਿਰੋਧ ਕਰਨ ਨੂੰ ਹੀ ਆਧੁਨਿਕ ਹੋਣਾ ਸਮਝਦੇ ਹਨ । ਉਨ੍ਹਾਂ ਅਨੁਸਾਰ ਆਧੁਨਿਕ ਲੇਖਕ ਜਾਂ ਆਧੁਨਿਕ ਕਲਾਕਾਰ ਉਹ ਹੈ ਜਿਹੜਾ ਸਮਾਜਵਾਦੀ ਯਥਾਰਥਵਾਦ ਦੀ ਵਿਚਾਰਧਾਰਾ ਜਾਂ ਫਿਰ ਇਸੇ ਕਾਰਨ ਕਿਸੇ ਵੀ ਵਿਚਾਰਧਾਰਾ ਦਾ ਗੁਲਾਮ ਨਹੀਂ । ਆਧੁਨਿਕਤਾਵਾਦੀ ਸਾਹਿਤਕਾਰ ਆਪਣੀ ਸੁਤੰਤਰਤਾ ਦਾ ਅਤੇ ਕਿਸੇ ਵੀ ਵਿਚਾਰਧਾਰਾ ਤੋਂ ਮੁਕਤ ਹੋਣ ਦਾ ਮੁੱਦਈ ਹੈ । ਉਸ ਅਨੁਸਾਰ ਕਿਸੇ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਕਲਾਕਾਰ ਲਈ ਲਾਜ਼ਮੀ ਸ਼ਰਤ ਨਹੀਂ । ਪ੍ਰਤੀਬੱਧਤਾ ਕਲਾਕਾਰ ਦੇ ਨਾਤੇ ਉਸ ਨੂੰ ਛੁਟਿਆਉਂਦੀ ਹੈ ਅਤੇ ਵੱਡਾ ਕਲਾਕਾਰ ਬਣਨ ਤੋਂ ਰੋਕਦੀ ਹੈ । ਸੋ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਲਾ ਦੇ ਖੇਤਰ ਵਿਚ ਆਧੁਨਿਕਤਾਵਾਦ ਦਾ ਵਿਰੋਧ ਪ੍ਰਤੀਬੱਧਤਾ ਨਾਲ ਹੈ ।



ਆਧੁਨਿਕਤਾਵਾਦੀ ਸਾਹਿਤਕਾਰ ਅਨੁਸਾਰ ਉਸਦੀ ਪ੍ਰਤੀਬੱਧਤਾ ਜੇਕਰ ਹੈ ਤਾਂ ਉਹ ਕੇਵਲ ਕਲਾ ਨਾਲ ਹੈ । ਕਲਾ ਤੋਂ ਬਾਹਰਲੇ ਕਿਸੇ ਵੀ ਵਿਧਾਨ ਦਾ ਅਨੁਸ਼ਾਸ਼ਣ ਅਪਣਾਉਣ ਨੂੰ ਉਹ ਆਪਣੀ ਮਜਬੂਰੀ ਨਹੀਂ ਸਮਝਦਾ । ਉਹ ਨਿਰੋਲ ਸਾਹਿਤਕਾਰ ਦੇ ਰੂਪ ਵਿਚ ਜਾਣੇ ਜਾਣ ਦਾ ਇੱਛਕ ਹੈ । ਪਰ ਇਹ ਵੇਖਣ ਵਾਲੀ ਗੱਲ ਹੈ ਕਿ ਸਮਾਜ ਦਾ ਇਕ ਫਰਦ ਹੋਣ ਦੇ ਨਾਤੇ ਉਸ ਦੀ ਇਹ ਇੱਛਾ ਕਿਥੋਂ ਤੱਕ ਪੂਰੀ ਹੋ ਸਕਦੀ ਹੈ ।

ਸਮਾਜਵਾਦੀ ਯਥਾਰਥਵਾਦ ਦੀ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਤੋਂ ਇਨਕਾਰੀ ਹੋਣ ਦਾ ਮਮਲਾ ਅਸਲ ਵਿਚ ਸਰਮਾਏਦਾਰੀ ਪ੍ਰਬੰਧ ਵਿਚੋਂ ਪੈਦਾ ਹੋਏ ਵਿਅਕਤੀਵਾਦ ਨਾਲ ਜੁੜਿਆ ਹੋਇਆ ਹੈ । ਵਿਚਾਰਧਾਰਕ ਪੱਧਰ 'ਤੇ ਸਰਮਾਏਦਾਰੀ ਪ੍ਰਬੰਧ ਨੇ ਵਿਅਕਤੀਵਾਦ ਨੂੰ ਜਨਮ ਦਿੱਤਾ ਹੈ ਜਿਸ ਅਨੁਸਾਰ ਹਰ ਵਿਅਕਤੀ ਨੇ ਇਕੱਲੇ ਤੌਰ 'ਤੇ ਆਪਣੀ ਹੋਣੀ ਨੂੰ ਘੜਨਾ ਹੈ ਅਤੇ ਉਸਦੀ ਇਸ 'ਜਦੋ ਜਹਿਦ' ਵਿਚ ਉਸਦਾ ਕੋਈ ਸੰਗੀ-ਸਾਥੀ ਨਹੀਂ । ਵਿਅਕਤੀਗਤ ਮੁਕਾਬਲੇ ਦੀ ਇਸ ਦੌੜ ਵਿਚ ਉਸ ਲਈ ਕੁਝ ਵੀ ਨਿਸਚਿਤ ਨਹੀਂ ਅਤੇ ਉਸ ਨੂੰ ਇਕ ਨਿਰੰਤਰ ਅਨਿਸਚਿਤਤਾ ਨੇ ਘੇਰਿਆ ਹੋਇਆ ਹੈ । ਸੰਸਾਰ ਵਿਚ ਉਹ ਇਕ 'ਅਜਨਬੀ' ਹੈ ਅਤੇ ਅਜਨਬੀ ਹੋਣ ਦੇ ਨਾਤੇ ਉਸਦੀ ਕਿਸੇ ਵੀ ਵਿਚਾਰ-ਧਾਰਾ ਨਾਲ ਪ੍ਰਤੀਬੱਧਤਾ ਨਹੀਂ । ਉਸਦੀ ਪ੍ਰਤੀਬੱਧਤਾ ਕੇਵਲ ਆਪਣੇ ਆਪ ਨਾਲ ਹੈ, ਆਪਣੀ ਵਿਅਕਤੀਗਤ ਜਦੋ-ਜਹਿਦ ਨਾਲ ਹੈ ਅਤੇ ਆਪਣੀ ਹੋਣੀ ਨੂੰ ਭੋਗਣ ਨਾਲ ਹੈ । ਅਜਿਹੀ ਵਿਅਕਤੀਵਾਦੀ ਵਿਚਾਰਧਾਰਾ ਰੱਖਣ ਵਾਲੇ ਵਿਅਕਤੀ ਨੂੰ ਹੀ ਆਧੁਨਿਕਤਾਵਾਦੀ ਲੇਖਕ ਆਧੁਨਿਕ ਮਨੁੱਖ ਸਮਝਦਾ ਹੈ ।

ਵਿਸ਼ੇ ਪੱਖ ਤੋਂ ਆਧੁਨਿਕਤਾਵਾਦੀ ਲੇਖਕ ਇਸ ਆਧੁਨਿਕ ਮਨੁੱਖ ਦੀ ਹੀ ਦਾਸਤਾਂ ਕਹਿੰਦਾ ਹੈ—ਆਧੁਨਿਕ ਮਨੁੱਖ ਜੋ ਮਹਾਂ-ਨਗਰਾਂ ਵਿਚ ਵਸਦਾ ਹੈ, ਜਿਸਨੇ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਨੂੰ ਟੁੱਟਦਿਆਂ ਸ਼ਿੱਦਤ ਨਾਲ ਮਹਿਸੂਸਿਆ ਹੈ ਅਤੇ ਜੋ ਆਪਣੀ ਇਕੱਲਤਾ ਅਤੇ ਬੇਬਸੀ ਵਾਲੀ ਸਥਿਤੀ ਬਾਰੇ ਚੇਤੰਨ ਹੈ । ਪਰ ਆਪਣੀ ਵਿਅਕਤੀਵਾਦੀ ਵਿਚਾਰਧਾਰਾ ਸਦਕਾ ਇਸ ਆਧੁਨਿਕ ਮਨੁੱਖ ਦਾ ਕਿਸੇ ਵੀ ਸਾਂਝੇ ਘੋਲ ਵਿਚ ਵਿਸ਼ਵਾਸ ਨਹੀਂ । ਉਹ ਜਦੋਂ ਵੀ ਕਿਸੇ ਸਾਂਝੇ ਘੋਲ ਵਿਚ ਹਿੱਸਾ ਲੈਂਦਾ ਹੈ ਤਾਂ ਨਿਰਾਸ ਹੋ ਕੇ ਪਰਤਦਾ ਵਿਖਾਇਆ ਜਾਂਦਾ ਹੈ । ਸਮੇਂ ਦੀ ਸਰਕਾਰ, ਸਮਾਜ, ਅਰਥਚਾਰਾ ਅਤੇ ਹੋਰ ਅਦਾਰਿਆਂ ਦੀ ਜ਼ਿਆਦਤੀਆਂ ਦੇ ਭਾਰ ਹੇਠ ਪਿਸ ਰਿਹਾ ਅਤੇ ਅੰਦਰੋਂ ਖੰਡਿਤ ਹੋ ਰਿਹਾ ਇਹ ਵਿਅਕਤੀ ਆਧੁਨਿਕਤਾਵਾਦੀ ਲੇਖਕ ਦਾ ਮਨ-ਪਸੰਦ ਵਿਸ਼ਾ ਹੈ । ਉਹ ਟਾਕਰਾ ਕਰਦਾ ਹੈ ਪਰ ਇਕੱਲਾ; ਇਕੱਲਾ ਹੀ ਉਹ ਦੁੱਖ ਸਹਿੰਦਾ ਹੈ ਅਤੇ ਬਾਹਰਲੀਆਂ ਇਹ ਅਥਾਹ ਸ਼ਕਤੀਆਂ ਉਸਦੇ ਕਾਬੂ ਤੋਂ ਬਾਹਰ ਹਨ । ਆਪਣੀ ਮਰਜ਼ੀ ਨਾਲ ਉਹ ਇਨ੍ਹਾਂ ਬਾਹਰਲੀਆਂ ਹਾਲਤਾਂ ਨੂੰ ਬਦਲ ਨਹੀਂ ਸਕਦਾ ਅਤੇ ਹਰ ਵਿਅਕਤੀ ਆਪਣੀ ਲੜਾਈ ਆਪ ਲੜਦਾ ਹੈ । ਇਸ ਤਰ੍ਹਾਂ ਸਮਾਜਵਾਦੀ ਯਥਾਰਥਵਾਦ ਦੀ ਸਾਂਝੇ ਘੋਲਾਂ ਪ੍ਰਤੀ ਪ੍ਰਤੀਬੱਧਤਾ ਦਾ ਵਿਰੋਧ ਆਧੁਨਿਕਤਾਵਾਦੀ ਲੇਖਕ ਆਪਣੇ ਵਿਅਕਤੀਵਾਦੀ ਸਿਧਾਂਤ ਦੁਆਰਾ ਕਰਦਾ ਹੈ ।

ਆਧੁਨਿਕ ਮਨੁੱਖ ਨੂੰ ਸਮਝਣ ਲਈ ਆਧੁਨਿਕਤਾਵਾਦੀ ਲੇਖਕ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀਆਂ ਦਾ ਸਹਾਰਾ ਲੈਂਦਾ ਹੈ । ਇਕ ਸਮੇਂ ਮਨੋਵਿਗਿਆਨਕ ਵਿਸ਼ਲੇਸ਼ਣ

ਪੇਸ਼ ਕਰਨ ਵਾਲੀਆਂ ਲਿਖਤਾਂ ਨੂੰ ਹੀ ਆਧੁਨਿਕਤਾਵਾਦ ਦੀਆਂ ਪ੍ਰਤੀਨਿਧ ਲਿਖਤਾਂ ਸਮਝਿਆ ਜਾਂਦਾ ਸੀ ਅਤੇ ਇਸ ਵਿਸ਼ਵਾਸ ਅਧੀਨ ਚੇਤਨਾ-ਪ੍ਰਵਾਹ ਦੇ ਨਾਵਲਾਂ ਨੇ ਜਨਮ ਲਿਆ। ਕਿਤੇ ਨਿਰੋਲ ਰੂਪ-ਵਿਧਾਨ ਦੀ ਪੱਧਰ 'ਤੇ ਨਵੇਂ ਨਵੇਂ ਪ੍ਰਯੋਗ ਕੀਤੇ ਗਏ ਤਾਂ ਆਧੁਨਿਕਤਾਵਾਦ ਨੂੰ ਪ੍ਰਯੋਗਵਾਦ ਦਾ ਨਾਮ ਦਿੱਤਾ ਗਿਆ। ਜਦੋਂ ਆਧੁਨਿਕਤਾਵਾਦੀ ਲੇਖਕ ਨਿਰੋਲ ਵਾਸਤਵਿਕ ਚਿਤਰਣ ਦਾ ਮੁੱਦਈ ਹੋਇਆ ਤਾਂ ਇਸਨੂੰ ਪ੍ਰਕਿਰਤੀਵਾਦੀ ਦੇ ਨਾਮ ਨਾਲ ਜਾਣਿਆ ਗਿਆ। ਯਥਾਰਥਵਾਦੀਆਂ ਤੋਂ ਪਾਰ ਜਾਣ ਦੀ ਗੱਲ ਹੋਈ ਤਾਂ ਪਰਾ-ਯਥਾਰਥਵਾਦ ਨੇ ਜਨਮ ਲਿਆ। ਇਸ ਪ੍ਰਕਾਰ ਆਧੁਨਿਕਤਾਵਾਦ ਕੋਈ ਇਕ ਸਿਧਾਂਤ ਨਹੀਂ, ਸਗੋਂ ਪਰਾ-ਯਥਾਰਥਵਾਦ, ਪ੍ਰਕਿਰਤੀਵਾਦ, ਪ੍ਰਯੋਗਵਾਦ ਅਤੇ ਮਨੋ-ਵਿਗਿਆਨਵਾਦ ਇਸਦੇ ਹੀ ਅੱਡ ਅੱਡ ਰੂਪ ਹਨ ਜਿਨ੍ਹਾਂ ਦਾ ਸਿੱਧਾ ਜਾਂ ਅਸਿੱਧਾ ਵਿਰੋਧ ਸਮਾਜਵਾਦੀ ਯਥਾਰਥਵਾਦ ਅਤੇ ਇਸਦੀ ਮੁੱਖ ਵਿਚਾਰਧਾਰਕ ਧਾਰਨਾ ਪ੍ਰਤੀਬੱਧਤਾ ਨਾਲ ਹੈ। ਅੱਜ ਆਧੁਨਿਕਤਾਵਾਦੀ ਲੇਖਕ ਕਿਸੇ ਸੌੜੇ ਖੇਤਰ ਵਿਚ ਬੱਝਣਾ ਨਹੀਂ ਚਾਹੁੰਦਾ। ਸਮੱਸਿਆ ਅਸਲ ਵਿਚ ਆਧੁਨਿਕ ਮਨੁੱਖ ਨੂੰ ਅਤੇ ਉਸਦੀ ਸਥਿਤੀ ਨੂੰ ਸਮਝਣ ਦੀ ਹੈ ਅਤੇ ਨਾਲ ਹੀ ਉਸਨੂੰ ਕਿਸੇ ਢੁਕਵੇਂ ਰੂਪ-ਵਿਧਾਨ ਦੁਆਰਾ ਅਭਿਵਿਅਕਤ ਕਰਨ ਦੀ ਹੈ। ਜਿਥੋਂ ਤਕ ਆਧੁਨਿਕਤਾਵਾਦ ਦੇ ਸਮਾਜਵਾਦੀ ਯਥਾਰਥਵਾਦ ਨਾਲ ਵਿਰੋਧ ਦੀ ਗੱਲ ਹੈ ਤਾਂ ਇਸਦਾ ਨਿਤਾਰਾ ਅੱਗੇ ਚੱਲ ਕੇ ਕੀਤਾ ਜਾਵੇਗਾ।

## ਰੂਪ-ਵਿਧਾਨ

ਇਹ ਗੱਲ ਤਾਂ ਇਕ ਸਵੈ-ਪ੍ਰਮਾਣਿਤ ਤੱਥ ਹੈ ਕਿ ਕੋਈ ਵੀ ਰੂਪ ਸਮੱਗਰੀ ਤੋਂ ਬਗੈਰ ਨਹੀਂ ਹੋ ਸਕਦਾ ਅਤੇ ਨਾ ਸਮੱਗਰੀ ਹੀ ਰੂਪ-ਰਹਿਤ ਹੁੰਦੀ ਹੈ। ਇਨ੍ਹਾਂ ਦੋਹਾਂ ਨੂੰ ਵਿਚਾਰ ਦੀ ਪੱਧਰ 'ਤੇ ਇਕ ਦੂਜੇ ਤੋਂ ਵੱਖਰਾ ਤਾਂ ਕੀਤਾ ਜਾ ਸਕਦਾ ਹੈ, ਪਰ ਵਾਸਤ-ਵਿਕਤਾ ਦੀ ਪੱਧਰ 'ਤੇ ਇਕ ਦੂਜੇ ਨਾਲੋਂ ਤੋੜਿਆ ਨਹੀਂ ਜਾ ਸਕਦਾ।

ਲੇਖਕ ਆਪਣੀ ਸਮੱਗਰੀ ਨੂੰ ਵਿਸ਼ੇਸ਼ ਰੂਪ ਦੇਣ ਵਿਚ ਕਾਫੀ ਹੱਦ ਤੀਕ ਸੁਤੰਤਰ ਹੁੰਦਾ ਹੈ ਪਰ ਜੋ ਰੂਪ-ਵਿਧਾਨ ਉਹ ਸਿਰਜਦਾ ਹੈ ਅਸਲ ਵਿਚ ਉਹੀ ਅੰਤਮ ਜਾਂ ਫੈਸਲਾ-ਕੁਨ ਹੁੰਦਾ ਹੈ। ਸਿਰਜੇ ਰੂਪ-ਵਿਧਾਨ ਤੋਂ ਸਮੱਗਰੀ ਵੱਲ ਅਤੇ ਸਮੱਗਰੀ ਤੋਂ ਉਸਦੇ ਦ੍ਰਿਸ਼ਟੀਕੋਣ ਵੱਲ ਤਾਂ ਜਾਇਆ ਜਾ ਸਕਦਾ ਹੈ, ਇਸਦੇ ਉਲਟ ਨਹੀਂ। ਜਾਂ ਇਉਂ ਕਹਿ ਲਵੋ ਕਿ ਲੇਖਕ ਦਾ ਦ੍ਰਿਸ਼ਟੀਕੋਣ ਉਸਦੀ ਲਿਖਤ ਦੇ ਰੂਪ-ਵਿਧਾਨ ਨੂੰ ਨਿਸਚਿਤ ਨਹੀਂ ਕਰਦਾ ਸਗੋਂ ਉਸਦੀ ਲਿਖਤ ਦਾ ਰੂਪ-ਵਿਧਾਨ ਉਸਦੇ ਦ੍ਰਿਸ਼ਟੀਕੋਣ ਦਾ ਸੂਚਕ ਜ਼ਰੂਰ ਹੁੰਦਾ ਹੈ। ਇਸ ਤਰ੍ਹਾਂ ਕਿਸੇ ਰਚਨਾ ਦਾ ਰੂਪ-ਵਿਧਾਨ ਹੀ ਪ੍ਰਥਮ ਅਹਿਮੀਅਤ ਰੱਖਦਾ ਹੈ ਅਤੇ ਬਾਕੀ ਗੱਲਾਂ ਤੋਂ ਪਹਿਲੇ ਆਉਂਦਾ ਹੈ। ਇਸਦਾ ਇਕ ਅਰਥ ਇਹ ਵੀ ਨਿਕਲਦਾ ਹੈ ਕਿ ਲੇਖਕ ਭਾਵੇਂ ਕਿਸੇ ਵੀ ਵਿਚਾਰਧਾਰਾ ਨਾਲ ਪ੍ਰਤੀਬੱਧ ਹੋਵੇ, ਜ਼ਰੂਰੀ ਨਹੀਂ ਕਿ ਜੋ ਰੂਪ-ਵਿਧਾਨ ਉਹ ਸਿਰਜਣ ਵਿਚ ਸਫਲ ਹੁੰਦਾ ਹੈ ਉਹ ਉਸਦੀ ਵਿਚਾਰਧਾਰਾ ਨੂੰ ਹੀ ਪ੍ਰਤੀਬਿੰਬਿਤ ਕਰਦਾ ਹੋਵੇ। ਇਸੇ ਕਰਕੇ ਆਧੁਨਿਕਤਾਵਾਦੀ ਲੇਖਕ ਸਾਹਿਤ ਸਿਰਜਣਾ ਦੇ ਪੱਖ ਤੋਂ ਵਿਚਾਰਧਾਰਾ ਨੂੰ ਅਹਿਮੀਅਤ ਨਹੀਂ ਦਿੰਦਾ। ਨਤੀਜੇ ਦੇ ਤੌਰ 'ਤੇ ਸਮੀਖਿਆ



ਦੇ ਕੇਂਦਰ ਵਿਚ ਲੇਖਕ ਨਹੀਂ ਸਗੋਂ ਰਚਨਾ ਹੈ ਅਤੇ ਰਚਨਾ ਤੋਂ ਲੇਖਕ ਵੱਲ ਜਾਇਆ ਜਾਂਦਾ ਹੈ, ਲੇਖਕ ਤੋਂ ਰਚਨਾ ਵੱਲ ਨਹੀਂ। ਰਚਨਾ-ਆਧਾਰਿਤ ਸਮੀਖਿਆ ਵਿਚ ਕਈ ਵਾਰੀ ਲੇਖਕ ਉੱਕਾ ਹੀ ਖਾਰਜ ਕਰ ਦਿੱਤਾ ਜਾਂਦਾ ਹੈ ਅਤੇ ਸਮੀਖਿਆਕਾਰ ਰਚਨਾ ਦੀ ਚੀਰ-ਫਾੜ ਕਰਨ ਤਕ ਹੀ ਆਪਣੇ ਆਪ ਨੂੰ ਸੀਮਿਤ ਕਰ ਲੈਂਦਾ ਹੈ। ਪਰ ਇਹ ਗੱਲ ਵੀ ਪੂਰਣ ਤੌਰ 'ਤੇ ਸਹੀ ਨਹੀਂ ਹੈ, ਕਿਉਂਕਿ ਰਚਨਾਤਮਕ ਕਿਰਿਆ ਵਿਚ ਲੇਖਕ ਦੇ ਚੇਤੰਨ ਦਖਲ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਰ ਇਸ ਚੇਤੰਨ ਦਖਲ ਤੋਂ ਇਹ ਸਿੱਟਾ ਵੀ ਨਹੀਂ ਕੱਢ ਲੈਣਾ ਚਾਹੀਦਾ ਕਿ ਉਸਦੀ ਚੇਤੰਨ ਕੋਸ਼ਿਸ਼ ਨੂੰ ਹੀ ਪਹਿਲ ਦਿੱਤੀ ਜਾਵੇ। ਅਸਲ ਵਿਚ ਜੋ ਰੂਪ-ਵਿਧਾਨ ਸਿਰਜਣ ਵਿਚ ਲੇਖਕ ਸਫਲ ਹੁੰਦਾ ਹੈ, ਉਸਤੋਂ ਲੇਖਕ ਦਾ ਦ੍ਰਿਸ਼ਟੀਕੋਣ ਨਿਸਚਿਤ ਕੀਤਾ ਜਾ ਸਕਦਾ ਹੈ ਪਰ ਲੇਖਕ ਦੇ ਦ੍ਰਿਸ਼ਟੀ-ਕੋਣ ਤੋਂ ਰਚਨਾ ਦਾ ਰੂਪ ਵਿਧਾਨ ਨਿਸਚਿਤ ਹੋਇਆ ਸਮਝਣਾ ਸਾਡੀ ਭੁੱਲ ਹੋਵੇਗੀ।

ਆਧੁਨਿਕਤਾਵਾਦੀ ਲੇਖਕ ਪਰੰਪਰਾਗਤ ਰੂਪ-ਵਿਧਾਨਕ ਵਿਧੀਆਂ ਤੋਂ ਮੁਕਤ ਹੁੰਦਾ ਹੈ। ਉਹ ਰੂਪ-ਵਿਧਾਨ ਦੀ ਪੱਧਰ 'ਤੇ ਨਵੇਂ ਪ੍ਰਯੋਗ ਕਰਦਾ ਹੈ ਅਤੇ ਵਿਸ਼ੇ ਦੀ ਨਵੀਨਤਾ ਨੂੰ ਪ੍ਰਗਟਾਉਣ ਲਈ ਨਵੀਆਂ ਵਿਧੀਆਂ, ਨਵੀਂ ਬਿੰਬਾਵਲੀ ਅਤੇ ਨਵੇਂ ਨਵੇਂ ਪ੍ਰਤੀਕਾਂ ਦੀ ਖੋਜ ਕਰਦਾ ਹੈ। ਉਹ ਆਪਣੀ ਰਚਨਾ ਨੂੰ ਪਰੰਪਰਾਗਤ ਬਿੰਬਾਵਲੀ ਦੇ ਬੰਧਨ ਵਿਚ ਰੱਖਣ ਦਾ ਕਾਇਲ ਨਹੀਂ ਹੁੰਦਾ। ਉਸ ਅਨੁਸਾਰ ਪ੍ਰਗਟਾਇਆ ਜਾਣ ਵਾਲਾ ਵਿਸ਼ਾ ਜੇਕਰ ਨਵੀਨ ਹੈ ਤਾਂ ਉਸ ਵਿਸ਼ੇ ਨੂੰ ਪ੍ਰਗਟਾਉਣ ਲਈ ਵਿਧੀ ਦਾ ਨਿਵੇਕਲਾ ਹੋਣਾ ਲਾਜ਼ਮੀ ਹੈ। ਪ੍ਰਯੋਗਵਾਦੀ ਲਹਿਰ ਅਧੀਨ ਆਧੁਨਿਕਤਾਵਾਦੀ ਲੇਖਕਾਂ ਨੇ ਨਵੀਆਂ ਵਿਧੀਆਂ ਸਿਰਜਣ ਦੀ ਭਰਪੂਰ ਕੋਸ਼ਿਸ਼ ਕੀਤੀ। ਨਾਵਲ ਦੇ ਖੇਤਰ ਵਿਚ ਮਨੋਵਿਗਿਆਨਕ ਨਾਵਲ ਕਾਫੀ ਹੱਦ ਤਕ ਸਫਲ ਪ੍ਰਯਾਸ ਕਿਹਾ ਜਾ ਸਕਦਾ ਹੈ। ਰੂਸੀ ਰੂਪਵਾਦ, ਫਰਾਂਸੀਸੀ ਸੰਰਚਨਾਵਾਦ ਅਤੇ ਅਮਰੀਕਨ ਮਨੋਵਿਗਿਆਨਵਾਦ ਨਵੀਨ ਵਿਧੀਆਂ ਲਈ ਸਾਰਥਕ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਨ ਵਾਲੇ ਆਧੁਨਿਕਤਾਵਾਦੀ ਮੱਤ ਹਨ।

ਨਿਰੋਲ ਰੂਪ-ਵਿਧਾਨ ਦੀ ਪੱਧਰ 'ਤੇ ਸ਼ੈਲੀ-ਵਿਗਿਆਨ ਦੀ ਦੇਣ ਸਭ ਤੋਂ ਮਹੱਤਵ-ਪੂਰਣ ਅਤੇ ਠੋਸ ਹੈ। ਕਿਸੇ ਵੀ ਰਚਨਾ ਦੇ ਵਿਸ਼ਲੇਸ਼ਣ ਲਈ ਸ਼ੈਲੀ ਵਿਗਿਆਨ ਨੇ ਕਈ ਤਕਨੀਕਾਂ ਦੀ ਖੋਜ ਕੀਤੀ ਹੈ ਪਰ ਅਜਿਹਾ ਵਿਸ਼ਲੇਸ਼ਣ ਨਿਰੋਲ ਰੂਪ-ਪੱਖ ਦਾ ਵਿਸ਼ਲੇਸ਼ਣ ਹੋਣ ਤੀਕ ਹੀ ਸੀਮਿਤ ਰਹਿੰਦਾ ਹੈ। ਸਮੱਗਰੀ-ਪ੍ਰਬੰਧ ਜਾਂ ਵਿਸ਼ੇ ਪੱਖ ਤੋਂ ਕੋਰੇ ਹੋਣ ਕਾਰਣ ਸ਼ੈਲੀ-ਵਿਗਿਆਨ ਦੀ ਲਹਿਰ ਕੁਝ ਦੱਬ ਕੇ ਰਹਿ ਗਈ ਹੈ ਕਿਉਂਕਿ ਅਜੋਕੇ ਵਿਚਾਰਵਾਨਾਂ ਨੂੰ ਅਜਿਹੀ ਕੋਈ ਵੀ ਵਿਧੀ ਪ੍ਰਵਾਨ ਨਹੀਂ ਜੋ ਇਕੱਲੇ ਰੂਪ-ਵਿਧਾਨ ਜਾਂ ਇਕੱਲੇ ਸਮੱਗਰੀ-ਪ੍ਰਬੰਧ ਦਾ ਹੀ ਵਿਸ਼ਲੇਸ਼ਣ ਕਰਦੀ ਹੋਵੇ। ਅਜੋਕੇ ਵਿਚਾਰਵਾਨਾਂ ਲਈ ਰੂਪ ਦਾ ਸੰਕਲਪ ਸਮੱਗਰੀ ਨੂੰ ਅਤੇ ਸਮੱਗਰੀ ਦਾ ਸੰਕਲਪ ਰੂਪ ਨੂੰ ਆਪਣੇ ਅੰਦਰ ਸਮੋਣ ਦੀ ਸਮਰੱਥਾ ਰੱਖਦਾ ਹੈ ਅਤੇ ਕੇਵਲ ਉਹੀ ਵਿਧੀ ਸਾਰਥਕ ਹੋ ਸਕਦੀ ਹੈ ਜਿਹੜੀ ਇਨ੍ਹਾਂ ਦੋਹਾਂ ਨੂੰ ਅੱਡਰਾ ਕਰਨ ਦੀ ਕੋਸ਼ਿਸ਼ ਨਾ ਕਰੇ।

ਇਹ ਕਹਿਣਾ ਵੀ ਨਿਰਮੂਲ ਹੈ ਕਿ ਵਿਸ਼ੇ ਦੀ ਪੱਧਰ 'ਤੇ ਕੋਈ ਤਬਦੀਲੀ ਨਹੀਂ ਵਾਪਰਦੀ ਅਤੇ ਬਦਲਦਾ ਕੇਵਲ ਰੂਪ ਹੈ ਕਿਉਂਕਿ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ

ਕਿ ਤਬਦੀਲੀ "ਵਿਸ਼ੇ ਦੇ ਰੂਪ" ਵਿਚ ਵਾਪਰਦੀ ਹੈ। ਉਦਾਹਰਣ ਦੇ ਤੌਰ 'ਤੇ ਪਿਆਰ ਦਾ ਵਿਸ਼ਾ ਭਾਵੇਂ ਆਰੰਭ ਤੋਂ ਹੀ ਲੇਖਕਾਂ ਦਾ ਮਨ-ਪਸੰਦ ਵਿਸ਼ਾ ਰਿਹਾ ਹੈ ਪਰ ਹਰ ਯੁੱਗ ਵਿਚ ਇਸ ਵਿਸ਼ੇ ਦਾ ਰੂਪ ਵੱਖਰਾ ਸੀ। ਆਧੁਨਿਕ ਯੁੱਗ ਵਿਚ ਵੀ ਜਦੋਂ ਕੋਈ ਲੇਖਕ ਪਿਆਰ ਦੇ ਵਿਸ਼ੇ ਨੂੰ ਛੂਹੰਦਾ ਹੈ ਤਾਂ ਇਸ ਪਿਆਰ ਦਾ ਰੂਪ ਉਹ ਕਦਾਚਿਤ ਨਹੀਂ ਹੋ ਸਕਦਾ ਜੋ ਯੂਨਾਨੀ ਨਾਟਕਾਂ, ਅਤੇ ਜਾਂ ਫਿਰ ਸ਼ੇਕਸਪੀਅਰ ਦੇ ਨਾਟਕਾਂ ਵਿਚ ਮਿਲਦਾ ਹੈ। ਪਿਆਰ ਕੇਵਲ ਸਮਾਨੀਕ੍ਰਿਤ ਪੱਧਰ 'ਤੇ ਹੀ ਇਕ ਰਿਹਾ ਹੈ ਪਰ ਮਨੁੱਖ ਦੇ ਬਦਲਦੇ ਰਿਸ਼ਤਿਆਂ ਦੇ ਸੰਦਰਭ ਵਿਚ ਸਮੇਂ ਦੇ ਨਾਲ ਨਾਲ ਪਿਆਰ ਦੇ ਰਿਸ਼ਤੇ ਦਾ ਰੂਪ ਵੀ ਬਦਲਦਾ ਰਿਹਾ ਹੈ। ਅਜੋਕੇ ਮਨੁੱਖ ਦੇ ਪਿਆਰ ਦੇ ਸੰਕਲਪ ਨੂੰ ਬੇਗਾਨਗੀ, ਇਕੱਲਤਾ ਅਤੇ ਉਸਦੇ ਵਿਅਕਤੀਵਾਦ ਨੇ ਜੋ ਰੂਪ ਦਿੱਤਾ ਹੈ, ਆਧੁਨਿਕਤਾਵਾਦੀ ਲੇਖਕ ਉਸ ਰੂਪ ਨੂੰ ਚਿਤਰਦਾ ਹੈ ਅਤੇ ਇਸ ਸੰਬੰਧ ਵਿਚ ਅੱਲੀਅਟ ਦੀ ਕਵਿਤਾ 'ਪਰੂਫਰੌਕ ਦਾ ਪਿਆਰ-ਗੀਤ' ਦਾ ਵਿਸ਼ੇਸ਼ ਹਵਾਲਾ ਦਿੱਤਾ ਜਾ ਸਕਦਾ ਹੈ। ਇਸ ਤਰ੍ਹਾਂ ਸਮਾਨੀਕ੍ਰਿਤ ਪੱਧਰ 'ਤੇ ਕੋਈ ਸੰਕਲਪ ਭਾਵੇਂ ਉਹੋ ਕਹਿੰਦਾ ਹੈ ਪਰ ਵਿਸ਼ੇਸ਼ੀਕ੍ਰਿਤ ਪੱਧਰ 'ਤੇ ਉਸ ਵਿਚ ਭਾਰੀ ਪਰਿਵਰਤਨ ਆ ਸਕਦਾ ਹੈ ਅਤੇ ਇਹੋ ਪੱਧਰ "ਸਮੱਗਰੀ ਜਾਂ ਵਿਸ਼ੇ ਦੇ ਵਿਸ਼ੇਸ਼ ਰੂਪ" ਦਾ ਪੱਧਰ ਹੈ।

## ਸਮੱਗਰੀ-ਪ੍ਰਬੰਧ

ਸਮੱਗਰੀ ਦੀ ਪੱਧਰ 'ਤੇ ਆਧੁਨਿਕਤਾਵਾਦ ਦਾ ਸੰਬੰਧ ਮਨੁੱਖ ਦੀ ਆਪਣੀ ਸਥਿਤੀ ਜਾਂ ਆਪਣੀ ਹੋਣੀ ਬਾਰੇ ਚੇਤੰਨਤਾ ਨਾਲ ਹੈ। ਆਧੁਨਿਕ ਮਨੁੱਖ ਚੇਤੰਨ ਹੈ ਕਿ ਉਹ ਅਨਿਸਚਿਤਤਾ ਦੀ ਕਿਸ ਸਥਿਤੀ ਅੰਦਰ ਵਿਚਰ ਰਿਹਾ ਹੈ। ਅਨਿਸਚਿਤਤਾ ਦੀ ਇਹ ਚੇਤੰਨਤਾ ਉਸ ਅੰਦਰ ਤਣਾਓ, ਤੌਖਲੇ ਅਤੇ ਬੇਬਸੀ ਦਾ ਕਾਰਨ ਬਣਦੀ ਹੈ। ਆਧੁਨਿਕ ਮਨੁੱਖ ਦੀ ਤ੍ਰਾਸਦੀ ਦਾ ਕਾਰਣ ਇਹੋ ਹੈ ਕਿ ਉਸਨੂੰ ਆਪਣੀ ਹੋਣੀ ਬਾਰੇ ਗਿਆਨ ਹੈ ਅਤੇ ਸ਼ਾਇਦ ਇਹ ਵੀ ਗਿਆਨ ਹੈ ਕਿ ਉਹ ਇਸ ਹੋਣੀ ਨੂੰ ਟਾਲ ਨਹੀਂ ਸਕਦਾ।

ਕਾਮੂ ਨੇ ਇਸ ਮਾਨਵੀ ਸਥਿਤੀ ਨੂੰ ਸਿਸੀਪਸ ਦੇ ਮਿੱਥ ਦੁਆਰਾ ਇਸੇ ਨਾਮ ਦੀ ਪੁਸਤਕ ਵਿਚ ਅੰਕਤ ਕੀਤਾ ਹੈ। ਸਿਸੀਪਸ ਨੂੰ ਦੇਵਤਿਆਂ ਵੱਲੋਂ ਮਨੁੱਖ ਦੀ ਮਦਦ ਕਰਨ ਬਦਲੇ ਇਹ ਸਰਾਪ ਮਿਲਿਆ ਹੋਇਆ ਹੈ ਕਿ ਉਹ ਭਾਰੀ ਪੱਥਰ ਨੂੰ ਪਹਾੜ ਦੀ ਚੋਟੀ 'ਤੇ ਲੈ ਕੇ ਜਾਵੇ, ਪਰ ਜਿਉਂ ਹੀ ਸਿਸੀਪਸ ਚੋਟੀ ਦੇ ਨੇੜੇ ਪਹੁੰਚਦਾ ਹੈ ਤਾਂ ਉਹ ਪੱਥਰ ਲੁੜ੍ਹਕ ਕੇ ਹੇਠਾਂ ਆ ਜਾਂਦਾ ਹੈ। ਉਹ ਫਿਰ ਕੋਸ਼ਿਸ਼ ਕਰਦਾ ਹੈ ਪਰ ਪੱਥਰ ਫਿਰ ਲੁੜ੍ਹਕ ਜਾਂਦਾ ਹੈ। ਸਦੀਆਂ ਤੋਂ ਸਿਸੀਪਸ ਇਸ ਸਰਾਪ ਅਧੀਨ ਇਹ "ਅਣਚਾਹਿਆ" ਅਤੇ ਆਪਣੇ ਉਪਰ ਥੋਪਿਆ ਕੰਮ ਕਰ ਰਿਹਾ ਹੈ, ਪਰ ਕਾਮੂ ਅਨੁਸਾਰ ਆਧੁਨਿਕ ਸਿਸੀਪਸ ਨੂੰ ਇਹ ਗਿਆਨ ਹੋ ਚੁੱਕਾ ਹੈ ਕਿ ਇਹ ਅਣਚਾਹਿਆ ਕੰਮ ਹੀ ਉਸਦੀ ਹੋਣੀ ਹੈ। ਇਸ ਲਈ ਜਦੋਂ ਵੀ ਪੱਥਰ ਪਹਾੜ ਤੋਂ ਹੇਠਾਂ ਲੁੜ੍ਹਕ ਰਿਹਾ ਹੁੰਦਾ ਹੈ ਤਾਂ ਸਿਸੀਪਸ ਉਸ ਰੁੜ੍ਹੇ ਜਾਂਦੇ ਪੱਥਰ ਨੂੰ ਵੇਖ ਕੇ "ਮੁਸਕਰਾਉਂਦਾ" ਹੈ ਅਤੇ ਇਕ ਵਾਰੀ ਫਿਰ ਕੋਸ਼ਿਸ਼ ਵਿਚ ਜੁਟ ਜਾਂਦਾ ਹੈ। ਸਿਸੀਪਸ ਦੀ ਇਸ ਮੁਸਕਰਾਹਟ ਵਿਚ ਹੀ ਆਧੁਨਿਕ ਮਨੁੱਖ ਦਾ ਸਾਰਾ



ਭੇਤ ਛੁਪਿਆ ਹੋਇਆ ਹੈ।

ਚਾਹੇ ਅਤੇ ਅਣਚਾਹੇ, ਜਾਂ ਚੁਣੇ ਅਤੇ ਠੋਸੇ ਕੰਮ ਦਾ ਦਵੰਦ ਹੀ ਉਹ ਸਥਿਤੀ ਹੈ ਜਿਸ ਬਾਰੇ ਆਧੁਨਿਕ ਮਨੁੱਖ ਚੇਤੰਨ ਹੈ ਅਤੇ ਇਸ ਦਵੰਦ ਦੀ ਸਥਿਤੀ ਕਾਰਣ ਹੀ ਉਸ ਅੰਦਰ ਤਣਾਓ, ਤੌਖਲਾ ਅਤੇ ਵਿਅਕਤੀਤਵ ਦਾ ਵਿਗਠਨ ਪੈਦਾ ਹੁੰਦਾ ਹੈ। ਮਨੁੱਖ ਜੋ ਕੰਮ ਕਰਨਾ ਚਾਹੁੰਦਾ ਹੈ ਉਹ ਕਰ ਨਹੀਂ ਸਕਦਾ ਅਤੇ ਜੋ ਕੰਮ ਉਸਨੂੰ ਕਰਨਾ ਪੈ ਰਿਹਾ ਹੁੰਦਾ ਹੈ ਉਹ ਉਸਦੀ ਇੱਛਾ ਦੇ ਪ੍ਰਤੀਕੂਲ ਹੁੰਦਾ ਹੈ। ਇਸ ਤੋਂ ਬਿਨ੍ਹਾਂ ਇਹ ਅਣਚਾਹਿਆ ਕੰਮ ਇਕ ਤਰ੍ਹਾਂ ਦੀ ਫਲ-ਰਹਿਤ ਮੁਸ਼ੱਕਤ ਹੈ ਜੋ ਸਰਾਪ ਦੇ ਰੂਪ ਵਿਚ ਮਨੁੱਖ ਭੁਗਤ ਰਿਹਾ ਹੈ। ਆਧੁਨਿਕਤਾ ਇਸ ਸਰਾਪੇ ਮਨੁੱਖ ਦੀ ਹੀ ਦਾਸਤਾਨ ਹੈ ਜਿਸ ਲਈ ਇਹ ਸੰਸਾਰ ਅਤੇ ਇਸ ਸੰਸਾਰ ਦੇ ਸਾਰੇ ਰਿਸ਼ਤੇ-ਨਾਤੇ ਬੇਗਾਨੇ ਹੋ ਗਏ ਹਨ। ਆਧੁਨਿਕ ਮਨੁੱਖ ਜਾਣਦਾ ਹੈ ਕਿ ਇਹ ਸੰਸਾਰ, ਇਹ ਸਮਾਜ ਉਸਦੀ ਆਪਣੀ ਇੱਛਾ ਅਨੁਸਾਰ ਨਹੀਂ ਸਿਰਜੇ ਗਏ ਜਿਸ ਕਰਕੇ ਉਹ ਇਸ ਸੰਸਾਰ ਵਿਚ ਇਕ "ਅਜਨਬੀ" ਦੀ ਤਰ੍ਹਾਂ ਵਿਚਰ ਰਿਹਾ ਹੁੰਦਾ ਹੈ—ਉਹ ਜਾਣਦਾ ਹੈ ਕਿ ਇਹ ਸੰਸਾਰ ਉਸਦਾ "ਆਪਣਾ ਘਰ" ਨਹੀਂ। ਬੇਗਾਨਗੀ ਦਾ ਇਹ ਵਿਸ਼ਾ ਆਧੁਨਿਕਤਾਵਾਦੀ ਲੇਖਕ ਦਾ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ।

ਸਰਮਾਏਦਾਰੀ ਪ੍ਰਬੰਧ ਵਿਚ ਬੇਗਾਨਗੀ ਦਾ ਅਹਿਸਾਸ ਹੀ ਮਨੁੱਖ ਦੀ ਉਹ ਹੋਣੀ ਹੈ ਜਿਸ ਨੂੰ ਟਾਲ ਸਕਣ ਵਿਚ ਉਹ ਆਪਣੇ ਆਪ ਨੂੰ ਅਸਮਰੱਥ ਸਮਝਦਾ ਹੈ। ਸਰਮਾਏਦਾਰੀ ਪ੍ਰਬੰਧ ਨੇ ਮਨੁੱਖ ਨੂੰ ਆਪਣੇ ਹੀ ਘਰ ਵਿਚ ਬੇਗਾਨਾ ਤਾਂ ਬਣਾਇਆ ਹੀ ਹੈ, ਨਾਲ ਇਹ ਅਹਿਸਾਸ ਵੀ ਪੈਦਾ ਕੀਤਾ ਹੈ ਕਿ ਇਹ ਸਥਿਤੀ ਅਟੱਲ ਹੈ ਅਤੇ ਇਸਨੂੰ ਬਦਲ ਸਕਣਾ ਉਸਦੀ ਸਮਰੱਥਾ ਤੋਂ ਬਾਹਰ ਹੈ। ਸਰਮਾਏਦਾਰੀ ਨੂੰ ਇਸ ਮੋਰਚੇ 'ਤੇ ਭਰਵੀਂ ਜੰਗ ਲੜਨੀ ਪੈ ਰਹੀ ਹੈ ਜਿਸਦਾ ਮੰਤਵ ਮਨੁੱਖ ਨੂੰ ਬਾਰ ਬਾਰ ਇਹ ਅਹਿਸਾਸ ਕਰਾਉਣਾ ਹੈ ਕਿ ਉਹ ਇਸ ਜੰਗ ਵਿਚ ਇਕੱਲਾ ਹੈ ਅਤੇ ਇਕੱਲਾ ਹੋਣ ਕਰਕੇ ਇਸ ਮੋਰਚੇ ਵਿਚ ਫਤਿਹ ਹਾਸਲ ਕਰ ਸਕਣਾ ਉਸਦੇ ਵੱਸ ਵਿਚ ਨਹੀਂ।

ਇਕੱਲਤਾ, ਅਜਨਬੀਪਣ, ਬੇਗਾਨਗੀ, ਤੌਖਲਾ, ਮਨੁੱਖ ਦੇ ਅੰਦਰ ਦੀ ਟੁੱਟ-ਭੱਜ ਅਤੇ ਗੁਆਚੇ ਹੋਣ ਦਾ ਅਹਿਸਾਸ ਆਦਿ ਆਧੁਨਿਕ ਲੇਖਕ ਅਤੇ ਕਲਾਕਾਰ ਦੇ ਮਨ-ਪਸੰਦ ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ ਨੂੰ ਆਧੁਨਿਕਤਾਵਾਦੀ ਲੇਖਕ ਕਈ ਵਾਰੀ ਮਹਾਂ-ਨਗਰ ਚੇਤਨਾ ਦਾ ਨਾਮ ਵੀ ਦਿੰਦੇ ਹਨ ਪਰ ਵੇਖਿਆ ਜਾਵੇ ਤਾਂ ਮਹਾਂ-ਨਗਰ ਅਤੇ ਇਨ੍ਹਾਂ ਵਿਚ ਪੈਦਾ ਹੋ ਰਿਹਾ ਜੀਵਨ-ਢੰਗ ਆਪ ਸਰਮਾਏਦਾਰੀ ਪ੍ਰਬੰਧ ਦੀ ਦੇਣ ਹਨ। ਇਸ ਤਰ੍ਹਾਂ ਆਧੁਨਿਕ ਲੇਖਕ ਇਨ੍ਹਾਂ ਵਿਸ਼ਿਆਂ ਦੁਆਰਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਸਰਮਾਏਦਾਰੀ ਪ੍ਰਬੰਧ ਦਾ ਹੀ ਵਿਸ਼ਲੇਸ਼ਣ ਕਰ ਰਿਹਾ ਹੁੰਦਾ ਹੈ ਪਰ ਇਹ ਵਿਸ਼ਲੇਸ਼ਣ ਉਹ ਕਿਹੜੇ ਦ੍ਰਿਸ਼ਟੀਕੋਣ ਤੋਂ ਕਰਦਾ ਹੈ—ਇਹ ਗੱਲ ਉਸਨੂੰ ਕਿਸੇ ਇਕ ਜਾਂ ਦੂਸਰੀ ਵਿਚਾਰਧਾਰਾ ਨਾਲ ਜੋੜਦੀ ਹੈ।

## ਵਿਚਾਰਧਾਰਕ ਆਧਾਰ

ਸਮਾਜ ਵਿਚ ਕਿਸੇ ਇਕ ਜਾਂ ਦੂਸਰੀ ਸ਼ਰੇਣੀ ਦੇ ਦ੍ਰਿਸ਼ਟੀਕੋਣ ਨੂੰ ਵਿਚਾਰਧਾਰਾ

ਕਿਹਾ ਜਾ ਸਕਦਾ ਹੈ। ਹਰ ਲੇਖਕ ਸਮਾਜ ਵਿਚ ਰਹਿੰਦਾ ਹੋਇਆ ਕਿਸੇ ਨਾ ਕਿਸੇ ਸ਼ਰੇਣੀ ਨਾਲ ਸੰਬੰਧਿਤ ਤਾਂ ਹੁੰਦਾ ਹੀ ਹੈ ਪਰ ਚੇਤਨ ਪ੍ਰਾਣੀ ਹੋਣ ਕਰਕੇ ਇਹ ਜ਼ਰੂਰੀ ਨਹੀਂ ਕਿ ਉਸਦੀ ਰਚਨਾ ਵਿਚ ਉਸੇ ਸ਼ਰੇਣੀ ਦਾ ਦ੍ਰਿਸ਼ਟੀਕੋਣ ਸਮਾਇਆ ਹੋਵੇ ਜਿਸ ਸ਼ਰੇਣੀ ਨਾਲ ਉਹ ਸੰਬੰਧਿਤ ਹੈ। ਪਰ ਇਸਦਾ ਇਹ ਭਾਵ ਵੀ ਨਹੀਂ ਕਿ ਉਸਦੀ ਰਚਨਾ ਜਮਾਤੀ ਦ੍ਰਿਸ਼ਟੀਕੋਣ ਜਾਂ ਵਿਚਾਰਧਾਰਾ ਤੋਂ ਹੀ ਕੋਰੀ ਹੋਵੇ। ਲੇਖਕ ਦੇ ਚਾਹੁਣ ਜਾ ਨਾ ਚਾਹੁਣ ਦੇ ਬਾਵਜੂਦ ਹਰ ਰਚਨਾ ਦਾ ਸਮਾਜ ਵਿਚ ਇਕ ਕਾਰਜ ਹੁੰਦਾ ਹੈ ਅਤੇ ਉਹ ਕਾਰਜ ਹੀ ਉਸ ਰਚਨਾ ਦੀ ਵਿਚਾਰਧਾਰਾ ਦਾ ਸੂਚਕ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਹਰ ਰਚਨਾ ਸਮਾਜ ਦੀ ਕਿਸੇ ਇਕ ਜਾ ਦੂਮਰੀ ਸ਼ਰੇਣੀ ਦੇ ਹੱਕ ਪੂਰਦੀ ਹੈ, ਉਸਦੇ ਦ੍ਰਿਸ਼ਟੀਕੋਣ ਨੂੰ ਵਡਿਆਉਂਦੀ ਹੈ ਅਤੇ ਇਹ ਉਸਦੇ ਲੇਖਕ ਦੀ ਵਿਚ ਰਧਾਰਾ ਹੋ ਨਿਬੜਦੀ ਹੈ।

ਆਧੁਨਿਕਤਾਵਾਦੀ ਲੇਖਕ ਖਾਸ ਤੌਰ 'ਤੇ ਇਹ ਵਿਚਾਰ ਰੱਖਦਾ ਹੈ ਕਿ ਉਸਦੀ ਰਚਨਾ ਜਾਂ ਉਹ ਆਪ ਕਿਸੇ ਵਿਚਾਰਧਾਰਾ ਨਾਲ ਪ੍ਰਤੀਬੱਧ ਨਹੀਂ। ਉਹ ਕੋਸ਼ਿਸ਼ ਕਰਦਾ ਹੈ ਕਿ ਰਚਨਾ ਕਰਨ ਸਮੇਂ ਉਹ ਕਿਸੇ ਪਾਰਟੀ ਜਾਂ ਕਿਸੇ ਸ਼ਰੇਣੀ ਦਾ ਬੁਲਾਰਾ ਨਾ ਬਣੇ। ਉਸਦੀ ਪ੍ਰਤੀਬੱਧਤਾ ਆਧੁਨਿਕ ਮਨੁੱਖ ਦੀ ਸਥਿਤੀ ਸਮਝਣ ਅਤੇ ਉਸਦਾ ਵਿਸ਼ਲੇਸ਼ਣ ਕਰਕੇ ਉਸਨੂੰ ਵਿਅਕਤ ਕਰਨ ਨਾਲ ਹੈ। ਇਥੇ ਅਸੀਂ ਇਸ ਵਿਵਦ ਵਿਚ ਪੈਣਾ ਨਹੀਂ ਚਾਹੁੰਦੇ ਕਿ ਉਸ ਦਾ ਅਜਿਹਾ ਕਹਿਣਾ ਹੀ ਇਕ ਵਿਚਾਰਧਾਰਕ ਦ੍ਰਿਸ਼ਟੀਕੋਣ ਹੈ ਜਾਂ ਨਹੀਂ ਪਰ ਜਿਸ ਆਧੁਨਿਕ ਮਨੁੱਖ ਨੂੰ ਆਧੁਨਿਕਤਾਵਾਦੀ ਲੇਖਕ ਆਪਣਾ ਵਿਸ਼ੇ ਬਣਾਉਂਦਾ ਹੈ, ਉਹ ਆਧੁਨਿਕ ਮਨੁੱਖ ਵਿਚਾਰਧਾਰਾ ਤੋਂ ਮੁਕਤ ਨਹੀਂ ਹੋ ਸਕਦਾ। ਇਸੇ ਕਰਕੇ ਸਾਹਿਤ-ਕਾਰ ਭਾਵੇਂ ਆਪ ਕਿਸੇ ਵਿਚਾਰਧਾਰਾ ਦਾ ਮੁਦੱਈ ਨਾ ਹੋਵੇ ਪਰ ਉਸਦੀ ਰਚਨਾ ਉਸਦੇ ਸਿਰਜੇ ਆਧੁਨਿਕ ਮਨੁੱਖ ਦੇ ਦ੍ਰਿਸ਼ਟੀਕੋਣ ਨੂੰ ਵਿਅਕਤ ਕਰਨ ਸਦਕਾ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਮੁਕਤ ਨਹੀਂ ਹੋ ਸਕਦੀ।

ਪ੍ਰਗਤੀਸ਼ੀਲ ਲੇਖਕਾਂ ਦਾ ਵਿਸ਼ੇ ਵੀ ਆਧੁਨਿਕ ਮਨੁੱਖ ਹੀ ਹੈ ਪਰ ਸਹੀ ਅਰਥਾਂ ਵਿਚ ਪ੍ਰਗਤੀਸ਼ੀਲ ਲੇਖਕ ਉਹ ਹੁੰਦਾ ਹੈ ਜਿਸਦਾ ਸਿਰਜਿਆ ਆਧੁਨਿਕ ਮਨੁੱਖ ਆਪਣੀ ਸਥਿਤੀ ਨਾਲ ਸਮਝੌਤਾ ਨਹੀਂ ਕਰਦਾ। ਇਸਦੇ ਉਲਟ ਆਧੁਨਿਕਤਾਵਾਦੀ ਲੇਖਕ ਮਨੁੱਖ ਨੂੰ ਵਿਪਰੀਤ ਸਥਿਤੀ ਵਿਚ ਇਸ ਤਰ੍ਹਾਂ ਵਿਚਰਦਾ ਹੋਇਆ ਪੇਸ਼ ਕਰਦਾ ਹੈ ਜਿਵੇਂ ਉਹ ਬੇਬਸ ਹੋਵੇ ਅਤੇ ਜਿਵੇਂ ਸਥਿਤੀ ਨੂੰ ਪ੍ਰਵਾਨ ਕਰਨਾ ਹੀ ਉਸਦੀ ਹੋਣੀ ਹੋਵੇ। ਆਧੁਨਿਕਤਾਵਾਦੀ ਲੇਖਕ ਦਾ ਨਾਇਕ ਅਪਣੀ ਹੋਣੀ ਨੂੰ ਕਾਮੂ ਦੇ ਸਿਸੀਫਸ ਵਾਂਗ ਖਿੜੇ ਮੱਥੇ ਸਵੀਕਾਰ ਕਰਦਾ ਹੈ ਪਰ ਪ੍ਰਗਤੀਸ਼ੀਲ ਲੇਖਕ ਦਾ ਨਾਇਕ ਇਸੇ ਸਥਿਤੀ ਨੂੰ ਹਢਾਉਂਦਾ ਹੋਇਆ ਆਪਣੇ ਆਪ ਬਾਰੇ ਬੇਬਸ ਹੋਣ ਦਾ ਭੁਲੇਖਾ ਨਹੀਂ ਪਾਉਂਦਾ। ਉਹ ਸਥਿਤੀ ਦੇ ਵਿਰੋਧਾਂ ਹੇਠ ਪਿਸ ਰਿਹਾ ਮਹਿਸੂਸ ਜ਼ਰੂਰ ਕਰਦਾ ਹੈ ਪਰ ਆਪਣੇ ਚਿਹਰੇ 'ਤੇ ਮੁਸਕਰਾਹਟ ਲਿਆ ਕੇ ਇਹ ਭੁਲੇਖਾ ਪੈਦਾ ਨਹੀਂ ਕਰਦਾ ਕਿ ਇਹੋ ਉਸਦੀ ਹੋਣੀ ਹੈ ਕਿਉਂਕਿ ਇਸ ਸਥਿਤੀ ਨੂੰ ਬਦਲ ਸਕਣ ਦੇ ਉਹ ਸਮਰੱਥ ਨਹੀਂ।



ਆਧੁਨਿਕਤਾਵਾਦੀ ਲੇਖਕ ਦਾ ਨਾਇਕ ਸਥਿਤੀ ਨੂੰ ਆਪਣੀ ਹੋਣੀ ਇਸ ਲਈ ਸਮਝਦਾ ਹੈ ਕਿ ਉਹ ਇਕੱਲਾ ਹੈ ਇਕੱਲਾ ਹੋਣ ਕਰਕੇ ਉਹ ਆਪਣੀ ਇਕੱਲਤਾ, ਆਪਣੀ ਬੇਗਾਨਗੀ ਅਤੇ ਕੀਮਤਾਂ ਦੀ ਟੁੱਟ-ਭੱਜ ਨੂੰ ਮਹਿਸੂਸ ਤਾ ਕਰਦਾ ਹੈ ਪਰ ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਉਹ ਆਪਣੀ ਇਸ ਵਿਪਰੀਤ ਸਥਿਤੀ ਨੂੰ ਬਦਲ ਸਕਣ ਦੇ ਸਮਰੱਥ ਨਹੀਂ। ਇਕੱਲਾ ਹੋਣ ਦਾ ਇਹ ਅਹਿਸਾਸ ਆਧੁਨਿਕ ਵਿਅਕਤੀਵਾਦ ਦਾ ਪੈਦਾ ਕੀਤਾ ਹੋਇਆ ਅਹਿਸਾਸ ਹੈ ਅਤੇ ਵਿਅਕਤੀਵਾਦ ਖੁਦ ਮੌਜੂਦਾ ਸਰਮਾਏਦਾਰੀ ਪ੍ਰਬੰਧ ਦੀ ਦੇਣ ਹੈ। ਸੋ ਆਧੁਨਿਕਤਾਵਾਦੀ ਅਤੇ ਪ੍ਰਗਤੀਸ਼ੀਲ ਲੇਖਕ ਵਿਚਕਾਰ ਬਹਿਸ ਕੇਵਲ ਇਸ ਵਿਚਾਰਧਾਰਕ ਨੁਕਤੇ 'ਤੇ ਹੀ ਛੇੜੀ ਜਾ ਸਕਦੀ ਹੈ ਕਿ ਕੀ ਆਧੁਨਿਕ ਮਨੁੱਖ ਆਪਣੀ ਇਸ ਅਜਨਬੀ ਹੋਣ ਦੀ ਸਥਿਤੀ ਨੂੰ ਬਦਲ ਸਕਣ ਦੇ ਸਮਰੱਥ ਹੈ ਜਾਂ ਨਹੀਂ। ਪ੍ਰਗਤੀਸ਼ੀਲ ਲੇਖਕ ਇਸ ਸਥਿਤੀ ਨੂੰ ਕਿਸੇ ਵੀ ਰੂਪ ਵਿਚ ਅੰਤਿਮ ਨਹੀਂ ਸਮਝਦਾ, ਜਦ ਕਿ ਆਧੁਨਿਕ-ਵਾਦੀ ਲੇਖਕ ਇਸ ਨੂੰ ਬਦਲ ਸਕਣਾ ਇਕੱਲੇ ਮਨੁੱਖ ਦੇ ਵੱਸ ਤੋਂ ਬਾਹਿਰ ਸਮਝਦਾ ਹੈ ਅਤੇ ਆਧੁਨਿਕ ਮਨੁੱਖ ਦਾ ਇਕੱਲੇ ਹੋਣਾ ਉਸ ਅਨੁਸਾਰ ਮਨੁੱਖ ਦੀ ਹੋਣੀ ਹੈ।

ਨਿਰਸੰਦੇਹ ਆਧੁਨਿਕਤਾਵਾਦੀ ਲੇਖਕ ਮਾਨਵੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਦੇ ਵਧੇਰੇ ਸਮਰੱਥ ਹੈ ਕਿਉਂਕਿ ਇਕ ਚੇਤੰਨ ਲੇਖਕ ਵਜੋਂ ਉਹ ਕਿਸੇ ਵਿਚਾਰਧਾਰਾ ਨੂੰ ਸਾਹਮਣੇ ਰੱਖ ਕੇ ਆਪਣੀ ਸਮੱਗਰੀ ਨੂੰ ਰੂਪ-ਵਿਧਾਨ ਵਿਚ ਨਹੀਂ ਬੰਨ੍ਹਦਾ, ਸਗੋਂ ਮਨੁੱਖੀ ਸਥਿਤੀ ਨੂੰ ਆਪਣੇ ਅੰਦਰ ਹੰਢਾ ਕੇ ਆਪਣੇ ਅਨੁਭਵ ਨੂੰ ਕਿਸੇ ਉਚਿਤ ਰੂਪ-ਵਿਧਾਨ ਦੁਆਰਾ ਅਭਿਵਿਅਕਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਤਰ੍ਹਾਂ ਜ਼ਾਹਿਰਾ ਰੂਪ ਵਿਚ ਪੱਖਪਾਤੀ ਸਾਹਿਤ ਸਿਰਜਣ ਦੇ ਦੋਸ਼ ਤੋਂ ਬਚ ਰਹਿੰਦਾ ਹੈ।

ਪਰ ਇਸਦਾ ਇਹ ਭਾਵ ਨਹੀਂ ਕਿ ਨਿਰਪੱਖ ਰਚਨਾ ਨਾਂ ਦੀ ਕੋਈ ਚੀਜ਼ ਹੁੰਦੀ ਹੈ। ਉਚੇਰੀ ਸਾਹਿਤਕ ਰਚਨਾ ਦੀ ਕਸੌਟੀ ਇਹੋ ਹੈ ਕਿ ਉਹ ਜ਼ਾਹਿਰਾ ਰੂਪ ਵਿਚ ਪੱਖਪਾਤੀ ਨਜ਼ਰ ਨਾ ਆਵੇ। ਹਰ ਇਕ ਰਚਨਾ ਕਿਸੇ ਇਕ ਜਾਂ ਦੂਸਰੀ ਸ਼੍ਰੇਣੀ ਦੇ ਦ੍ਰਿਸ਼ਟੀਕੋਣ ਨੂੰ ਕੇਵਲ ਪੇਸ਼ ਹੀ ਨਹੀਂ ਕਰਦੀ ਸਗੋਂ ਵਡਿਆਉਂਦੀ ਵੀ ਹੈ। ਕਿਸੇ ਰਚਨਾ ਵਿਚ ਜਿਸ ਸ਼੍ਰੇਣੀ ਦੇ ਦ੍ਰਿਸ਼ਟੀਕੋਣ ਨੂੰ ਵਡਿਆਇਆਂ ਹੁੰਦਾ ਹੈ, ਉਹੋ ਉਸ ਰਚਨਾ ਦੇ ਲੇਖਕ ਦੀ ਵਿਚਾਰਧਾਰਾ ਹੈ। ਪ੍ਰਗਤੀਸ਼ੀਲ ਲੇਖਕ ਆਪਣੀ ਵਿਚਾਰਧਾਰਾ ਨੂੰ ਲੁਕੋਣ ਬਾਰੇ ਚਿੰਤਤ ਨਹੀਂ ਹੁੰਦਾ ਕਿਉਂਕਿ ਉਹ ਆਪਣੇ ਪ੍ਰਗਤੀਸ਼ੀਲ ਹੋਣ ਵਿਚ ਫਖਰ ਮਹਿਸੂਸ ਕਰਦਾ ਹੈ। ਇਸੇ ਕਰਕੇ ਕਈ ਵਾਰੀ ਰਚਨਾ ਵਿਚ ਉਸਦੀ ਵਿਚਾਰਧਾਰਾ ਕੁਝ ਵਧੇਰੇ ਹੀ ਭਾਰੂ ਹੋ ਜਾਂਦੀ ਹੈ ਅਤੇ ਉਸਦੀ ਰਚਨਾ ਨਿਰਪੱਖ ਸਾਹਿਤ ਦੀ ਕਸੌਟੀ 'ਤੇ ਪੂਰੀ ਨਹੀਂ ਉਤਰਦੀ। ਇਸ ਤਰ੍ਹਾਂ ਦਾ ਜ਼ਾਹਿਰਾ ਰੂਪ ਵਿਚ ਪੱਖਪਾਤੀ ਸਾਹਿਤ ਆਪਣੇ ਸਾਹਿਤਕ ਅਤੇ ਇਸੇ ਕਾਰਣ ਆਪਣੇ ਸਮਾਜਕ ਕਰਤੱਵ ਤੋਂ ਊਣਾ ਰਹਿ ਜਾਂਦਾ ਹੈ।

0

[ਗੌਰਮਿੰਟ ਬਰਜਿੰਦਰਾ ਕਾਲਿਜ, ਫਰੀਦਕੋਟ]

## ਤਿੰਨ ਕਵਿਤਾਵਾਂ/ਸ਼ਸ਼ੀ ਸਾਏਬੀਲ

### ਉਹ ਤੇ ਮੈਂ

ਇੱਕ ਭਿੱਜੀ ਰਾਤ—ਇਕ ਸੜਕ 'ਤੇ
ਉਹ ਮੇਰੇ ਕੋਲ ਖੜ੍ਹਾ ਸੀ—ਲਿਸ਼ਕਦੀ ਬਿਜਲੀ ਵਿੱਚ
ਮੈਂ ਉਹਦਾ ਚਿਹਰਾ ਤੱਕਿਆ
ਉਹ ਸਤਰੰਗੀ ਪੀਂਘ ਦੇ—ਰੰਗਾਂ ਜਿਹਾ ਸੀ
ਚੁੱਪ-ਚਪੀਤੇ—ਮੈਂ ਉਹਦਾ ਨਿੱਘਾ ਮੱਥਾ ਚੁੰਮ ਲਿਆ
ਉਸ ਮੇਰਾ ਹੱਥ—ਫੜ ਲੀਤਾ
ਤੇ ਫੇਰ ਅਸੀਂ ਭਿੱਜੀਆਂ ਕਾਲੀਆਂ ਸੜਕਾਂ 'ਤੇ ਤੁਰਦੇ ਗਏ

ਪਹੁ ਫੁਟਾਲੇ—ਸੜਕ ਦੁਪਾਸੀਂ
ਨਜ਼ਰਾਂ ਉੱਠੀਆਂ—ਆਵਾਜ਼ਾਂ ਉੱਠੀਆਂ
ਉਹ ਘਬਰਾ ਕੇ—ਮੇਰਾ ਹੱਥ ਛੱਡ
ਉਨ੍ਹਾਂ ਨਾਲ ਜਾ ਰਲਿਆ—ਤੇ ਉਨ੍ਹਾਂ ਜਿਹਾ ਹੋ ਗਿਆ
ਹੁਣ ਰਾਤਾਂ ਨੂੰ—ਮੀਂਹ ਜਦ ਵੱਸਦਾ ਏ
ਤਾਂ ਭਿੱਜੀਆਂ, ਕਾਲੀਆਂ ਸੜਕਾਂ 'ਤੇ
ਮੈਂ ਇਕੱਲੀ ਤੁਰਦੀ ਹਾਂ। 0

### ਵਿਆਹੀ ਕੁਆਰੀ

ਕੱਲ ਰਾਤ ਅਸਮਾਨੋਂ ਉਤਰ
ਮੇਰੀ ਚਾਦਰ ਵਿਚ ਲੁਕ ਗਏ ਤਾਰੇ
ਮੈਂ ਰਾਤ ਨੂੰ ਵਿਆਹ ਰਚਾ ਕੇ
ਦਿਨ ਚੜ੍ਹੇ ਕੁਆਰੀ ਹੋ ਗਈ
ਹੁਣ ਸ਼ੱਕੀ ਨਜ਼ਰਾਂ
ਕਦੇ ਮੈਨੂੰ ਤੱਕਦੀਆਂ ਨੇ
ਤੇ ਕਦੇ ਤਾਰਿਆਂ ਨੂੰ।

### ਮੈਂ

ਘਸੀਆਂ ਕਦਰਾਂ-ਕੀਮਤਾਂ ਵਾਲੀ ਮਸ਼ੀਨ
ਪਸ਼ੂਆਂ ਨੂੰ ਖੁਆਉਣ ਲਈ
ਨਿੱਤ ਨਵੀਆਂ ਕਦਰਾਂ-ਕੀਮਤਾਂ ਦਾ ਟੋਕਾ ਕਰਦੀ ਹੈ
ਤਾਹੀਓਂ ਤਾਂ ਭਰੀ 'ਚ ਬੱਝਣ ਤੋਂ ਪਹਿਲਾਂ ਹੀ
ਮੈਂ ਨੱਸ ਗਈ ਸਾਂ। 0

(781, Acacia Walk-F, Goleta, CA 93117—U.S.A.)



## 'ਕੰਜਰ-ਕਲਮਾਂ

ਹਰਜੀਤ ਦੌਧਰੀਆ

ਦੁਟੰਗੇ ਜੀਵ ਸੁਆਰਥੀ ਫੁਮਣ—ਮਾਨਸਿਕ ਮਾਲੀ ਖੋਲੀਏ ਦੀ ਰੋਹੀ ਦੇ ਬਸ਼ਿੰਦੇ—ਨਾਮ-ਦਾਮ ਦੀ ਲੱਗੀ ਅੱਚਵੀ—ਮੈਂ ਮੈਂ ਮੈਂ ਦੀ ਹਫੜਾ-ਦਫ਼ੜੀ—ਭੌਂਦੂ ਭੌਂਦੇ ਫਿਰਦੇ—ਕਰਨ ਸੁਰੜ ਸੁਰੜ ਸਾਹਿਤਕ ਨਜ਼ਲਿਆਂ ਦੀ—ਹੋਏ ਪਿਛਲਖੁਰੀ ਭੂਤਕਾਲ ਦੇ ਸਮਰਥਕ—ਚਹੁਣ ਭੂਤਨਿਆਂ ਦਾ ਵਾਰਾ-ਪਹਿਰਾ—ਬਾਂਦਰ ਨੀਤੇ ਨਾਇਕ ਇਨ੍ਹਾਂ ਦੇ—ਕੂਹਣੀ-ਮਾਰ ਲਫੰਗੇ—ਫੜਾਂ ਮਾਰਦੇ ਸ਼ਰੀਕਾਂ ਦੇ ਚੁੱਕੇ ਹੋਏ—ਅਟਕਲ ਪੱਚੂ ਕਲਪਨਾ ਦੇ ਪ੍ਰੇਮੀ—ਕਲਾਕਾਰ ਬੇਥਵ੍ਹੀਆਂ ਅਫਵਾਹਾਂ ਦੇ—ਹਕੀਕਤਾਂ ਤੋਂ ਕੋਹਾਂ ਦੂਰ—ਊਤਪੁਣੇ ਦੇ ਵੱਜਣ ਵਾਜੇ ਬਿਨਾਂ ਅਹਿਸਾਸੋਂ—ਆਪਹੁਦਰੀ ਨੌਂਸਰਬਾਜ਼ ਵਿਚਾਰਧਾਰਾ—ਮੈਂਬਰ ਮਾਨਸਿਕ ਮਿਲਗੋਭੇ ਦੀ ਹੋਛੀ ਸਭਾ ਦੇ—ਗੁਸਤਾਖੀ ਅਭਿਮਾਨੀ—ਸੜ੍ਹੇਹਾਂਦ ਜ਼ਾਤਪਾਤ ਦੀ—ਗੋਤਕਨਾਲੀ ਦੇ ਪਾਸਕੂ ਚੱਟੇ ਬੱਟੇ—ਨਿਰਾ ਪਖੰਡੀ ਪੀੜ-ਦਖਾਵਾ—ਹਉਮੈਵਾਦੀ ਧਰਮ ਇਨ੍ਹਾਂ ਦਾ—ਸਦਾ ਸੇਲ 'ਤੇ ਲੱਗਾ ਰਹਿੰਦਾ—ਮੂੰਹ ਕੰਨਾਂ ਤਾਈਂ ਪਾਟੇ—ਨਿਰੀ ਹੈਂਕੜ ਗੁੱਠ ਬੰਦੀ—ਗੰਢ-ਤਰੁੱਪ ਦੇ ਅਲੀ ਬਾਬੇ—ਨਵੇਂ ਬਣਜਾਰੇ ਸੌਦੇ ਵੇਚਦੇ ਕੂੜ ਦੇ—ਉਹ ਵੀ ਖੋਟ 'ਰਲਾ ਕੇ—ਸ਼ੈਤਾਨੀ ਊਲ-ਜਲੂਲੀ—ਖਚਰੇ ਸਨਕੀ ਪਰਚੇ—ਕਰਨ ਵਿੱਕਰੀ ਜਨੂਨਵਾਦ ਦੀ—ਬੇ ਗੈਰਤੇ ਕੌਲੇ ਕੱਛਦੇ ਦੂਰ-ਦੁਰਾਡੇ—ਖੇਡਣ ਆਲੇ-ਕੌਡੀ ਛਿੱਕੇ-ਕੌਡੀ—ਕੋਈ ਤਮੀਜ਼ ਨਾ ਭੈਣ ਭਰਾ ਦੀ—ਲੁੱਚੀਆਂ ਨੀਤਾਂ ਬਾਘੜ-ਬਿੱਲੀਆਂ—ਛੱਜ ਛਾਨਣੀਆਂ ਰਈਸਾਂ ਦੀਆਂ—ਆਗਿਆਕਾਰ ਔਲਾਦ ਡਾਲਰਾਂ ਦੀ—ਕੱਬੇ ਉੱਪਦਰੀ ਬੇਕਿਰਕ ਅਪਰਾਧੀ—ਜਾਨੀਚੋਰ ਧਰਮਸਾਲਾ ਦੇ ਚੁਬਾਰੀਂ ਸ਼ਹਿ ਲਾ ਬਹਿੰਦੇ—ਮਾਰਨ ਸੂਰਮ-ਗਤੀਆਂ ਦੀਆਂ ਭਵਕੀਆਂ—ਪਾ ਕੇ ਬਰੂਦੀ-ਵਾਕਾਂ ਦੇ ਗਾਤਰੇ—ਸੁਤੰਤਰ ਮਾਨਵੀ ਫਰਜ਼ਾਂ ਤੋਂ—ਨਿਪੁਸਕ ਸਾਹਿਤ ਦੇ ਘੁਰਾੜੇ—ਸੁਤੰਤਰ ਅਪਣੀਆਂ ਗਰਜ਼ਾਂ ਖਾਤਰ—ਫਿਰਕੂ ਨਫਰਤ ਫੜੋ-ਫੜੀ ਮਾਰ-ਕੁਟਾਈ—ਏਧਰ, ਓਧਰ ਉਜਾੜੇ ਦੇ ਹਲਕਾਰੇ—ਹੜਬੂੰ ਹੜਬੂੰ ਖੇਰੂੰ ਖੇਰੂੰ 'ਰਚਨਾ-ਤਮਕ ਰਚਨਾ' ਇਨ੍ਹਾਂ ਦੀ—ਹਨ ਇਹ ਅਮਰ-ਵੇਲਾਂ—ਅਪਣੀ ਕੋਈ ਜੜ੍ਹ ਨਹੀਂ—ਪਿਆਰੀ ਆਤਮਾਂ ਨਾਲੋਂ ਮਾਸ-ਬਰਾਂਡੀ—ਜ਼ਮੀਰਾਂ ਫੰਡਰ ਹੋਈਆਂ—ਇਘੜ-ਦੁਘੜ ਵਾਰਤਾ ਦੀ ਲਾਉਣ ਛਹਿਬਰ—ਸ਼ਰੀਕਾਂ ਤੋਂ ਲਾਹਣ ਪੀ ਕੇ—ਹੱਸਣ ਕੁੱਤੇ-ਹਾਸੀ ਮਾਰਨ ਅੱਖ-ਮਟੱਕੇ—ਕੰਜਰਪੁਣੇ ਦੀ ਦਾਮ-ਦਲਾਲੀ ਖਾ ਕੇ—ਇਹ 'ਚੇਤੰਨ' ਸਮਾਜੀ ਮੁਜਰਮ—ਹਨ ਠੁੱਮਣੇ ਲੱਖ ਪਤੀਆਂ ਦੇ—ਚੁਗਮਲੇ ਹੋਏ ਗਿੱਬ ਗਿੱਬ ਅਫਵਾਹਾਂ 'ਰਚਦੇ'—ਲਿਖਦੇ ਆਪਹੁਦਰੀਆਂ ਗਿੱਦੜ ਭਵਕੀਆਂ ਵਾਲੇ ਫੀਚਰ—ਭੌਂਕੇ ਕੁਮਾਂਸਵਾਦੀ ਪਤੰਦਰ—ਸਾਹਿਤ ਇਨ੍ਹਾਂ ਦਾ ਕਣਕੋਂ ਆਂਧੀ—ਸਭਿ-ਆਚਾਰ ਦੀ ਗਰਾਮਰ ਤੋਂ ਉੱਕਾ ਕੋਰੇ—ਬੀਤੇ ਦੀ ਰਹਿੰਦ-ਖੂੰਦ ਦੇ ਹਰਫਨਮੌਲੇ—ਮਾਰੂ ਨਦੀਣ ਰਿਸਦੇ ਫੋੜੇ—ਸਮਾਜੀ ਕੁੱਤੇ ਮੱਖੀਆਂ ਬੇਸ਼ਰਮ ਬੜਕੌਂਕ

ਅੱਜ ਦੇ -ਗਪੌੜ-ਸੰਖਾਂ ਦਾ ਦ੍ਰਿਸ਼ਟੀਕੋਣ ਕੱਖੋਂ ਹੌਲਾ—ਇਹ ਸਰਵ ਸ੍ਰੀ ਸਰਦਾਰ ਸਾਹਿਤਕ-ਵਿਭਚਾਰੀ ਦੁਸ਼ਟ ਹਾਸੋ-ਹੀਣੇ ਲੰਮੇਂ ਪਤਲੇ ਮਧਰੇ ਭਾਰੇ—ਮਾਨਸਿਕ ਰੋਗੀ ਕਵੀਆਂ ਦੀ ਚੁਗਲ-ਢਾਣੀ– ਬੇ ਲਗਾਮੇਂ ਮਸ਼ਠ-ਮੁਸ਼ਟੰਡੇ ਲੇਖਕ-ਆਲੋਚਕ-ਸੰਪਾਦਕ—ਕੌਮ ਧਰਮ ਨਸਲੀ ਵਿਤਕਰੇ ਦੇ ਪ੍ਰੇਮੀਂ ਤੇ ਨਿੱਤ-ਨੇਮੀ—ਨਿਰੀ ਥੂ ਥੂ ਤੂਏ ਤੂਏ—ਪਰ ਕਾਮਿਆਂ ਦੀ ਏਕਤਾ ਤੋਂ ਕੋਹਾਂ ਦੂਰ—ਭਵਿਖ ਦੀ ਇਹ ਮਨਹੂਸ ਮਾਯੂਸੀ...

ਦੂਜੇ ਪਾਸੇ ਸਿਦਕੀ ਕਲਮਾਂ—ਪੂਰਨਤਾ ਸਚਾਈ ਨਿਆਂ ਲਈ ਸੰਘਰਸ਼ੀ—ਰੋਕਣ ਅਤਿਆਚਾਰੀ ਅਪਰਾਧੀ ਖਬੀਸ ਕਲਮਾਂ ਨੂੰ ਫੜਨੋਂ ਘੁੱਗੀਆਂ ਧਰਮ-ਜਾਲ ਲਾ ਕੇ—ਰੋਕਣ ਘੋਗੜ ਕਾਵਾਂ ਨੂੰ ਆਂਡੇ ਭੰਨਣੋਂ ਮਾਸੂਮ ਚਿੜੀਆਂ ਦੇ—ਦੇਖਣ ਘੋਖਣ ਪੜਤਾਲਣ ਹਰ ਸ਼ੈ ਨੂੰ ਨੀਝ ਲਾਕੇ—ਪਹਿਲੋਂ ਜੋਹ ਕੇ ਹੱਥ ਪਾਉਣ—ਫੜਨ ਘੁੱਟ ਕੇ ਹਰ ਚੀਜ਼ ਨੂੰ– ਇਹ ਦਿਲਚਸਪ ਮਾਨਯੋਗ ਕਲਮਾਂ—ਸਰਲ ਸਪਸ਼ਟ ਸ਼ਬਦਾਵਲੀ ਵਰਤਣ—ਹੋਛੇਪਨ ਦੀਆਂ ਪੱਕੀਆਂ ਵੈਰਨ—ਲੋਕ ਸਦਾ ਸਤਿਕਾਰਯੋਗ ਇਨ੍ਹਾਂ ਲਈ—ਸ਼ਕਤੀਸ਼ਾਲੀ ਅਰਥ ਨਵ-ਜੀਵਨ ਦੇ ਬ੍ਰਹਿਮੰਡੀ ਕਿਰਨਾਂ ਲੋਕ-ਸਾਹਿਤ ਦੀਆਂ—ਦੇਣ ਭਾਂਜ ਢੀਠ ਬਦਕਾਰ ਚਲਿੱਤਰੀ ਕਲਮਾਂ ਨੂੰ—ਕ੍ਰਾਂਤੀਕਾਰੀ ਅਮਲਾਂ ਨਾਲ।

[73, Mill Lane, Earley. Reading, U K ]

## ਗ਼ਜ਼ਲ/ਦੇਵਿੰਦਰ ਜੋਸ਼

ਲਿਖਿਐ ਉਨ੍ਹਾਂ ਨੇ, ਮਿਲਾਂਗੇ ਮੈਨੂੰ ਖ਼ੁਆਬ ਵਿਚ।
ਇਕ ਇੰਤਜ਼ਾਰ ਛਪ ਗਿਐ ਦਿਲ ਦੀ ਕਿਤਾਬ ਵਿਚ।

ਕਿੱਡਾ ਹਾਂ ਖੁਸ਼-ਨਸੀਬ ਕਿ ਜੀਵਨ ਨੂੰ ਵਾਰਕੇ,
ਇਕ ਮੁਸਕਰਾਹਟ ਮਿਲੀ ਹੈ ਮੈਨੂੰ ਜਵਾਬ ਵਿਚ।

ਸ਼ਾਹਾਂ ਦੀ ਭੋਲੀ ਕੁੜੀ 'ਤੇ ਉਸਨੂੰ ਯਕੀਨ ਸੀ,
ਸ਼ਾਇਰ ਸੀ ਧੋਖਾ ਖਾ ਗਿਆ ਆਖਰ ਹਿਸਾਬ ਵਿਚ।

ਹਿਰਨੀ ਦੀ ਨਖਟ ਤੋਰ ਤੇ ਕੰਜਕ ਦੇ ਗੀਤ ਵਾਂਗ,
ਰੁਮਕੇਗੀ ਜ਼ਿੰਦਗੀ ਕਿਸ ਤਰ੍ਹਾਂ ਮੇਰੇ ਪੰਜਾਬ ਵਿਚ।

ਤਖਤਾਂ ਦੇ ਮਾਲਿਕ ਇਸ ਤਰ੍ਹਾਂ ਬੈਠੇ ਨੇ ਸੋਚਦੇ,
ਲੋਕਾਂ ਨੂੰ ਕਾਬੂ ਰੱਖਣੈਂ ਆਪਾਂ ਹਿਸਾਬ ਵਿਚ।

ਲਾਸ਼ਾਂ ਦੀ ਗਿਣਤੀ ਕੁਝ ਨਹੀਂ ਉਹਨਾਂ ਦੇ ਵਾਸਤੇ,
ਵੋਟਾਂ ਦੀ ਗਿਣਤੀ ਕਰਨਗੇ ਉਹ ਇੰਤਖਾਬ ਵਿਚ।

ਮੌਸਮ ਹੈ, ਆਖਰ ਬਦਲਨਾ ਇਸਨੇ ਜ਼ਰੂਰ ਹੈ,
ਬਦਲੇਗਾ ਲੇਕਿਨ ਦੋਸਤੋ ਇਹ ਇਨਕਲਾਬ ਵਿਚ।

[461/2 ਬੰਸੀ ਨਗਰ, ਹੁਸ਼ਿਆਰਪੁਰ]




# ਸਾਹਿਤ ਅਤੇ ਜਨ-ਸਮੂਹ

ਫ਼ੈਜ਼ ਅਹਿਮਦ ਫ਼ੈਜ਼

ਅੱਜ ਕੱਲ ਸਾਹਿਤ ਅਤੇ ਜਨ-ਸਾਧਾਰਨ ਸੰਬੰਧੀ ਕੁਝ ਅਜਿਹੇ ਲਹਿਜੇ ਵਿਚ ਗੱਲਕੱਥ ਕੀਤੀ ਜਾਂਦੀ ਹੈ, ਜਿਵੇਂ ਜਨ-ਸਾਧਾਰਨ ਦੇ ਸਾਹਿਤ ਦੀ ਹੁਣੇ ਹੁਣੇ ਅਸੀਂ ਹੀ ਕਾਢ ਕੱਢੀ ਹੋਵੇ। ਅਤੇ ਕਿ ਵੀਹਵੀਂ ਸਦੀ ਤੋਂ ਪਹਿਲਾਂ ਨਾ ਲੋਕਾਂ ਨੂੰ ਸਾਹਿਤ ਨਾਲ ਕੋਈ ਦਿਲਚਸਪੀ ਸੀ ਅਤੇ ਨਾ ਸਾਹਿਤ ਨੂੰ ਲੋਕਾਂ ਨਾਲ। ਇਹ ਗੱਲ ਸਹੀ ਨਹੀਂ। ਪਹਿਲੀ ਗੱਲ ਤਾਂ ਇਹ ਕਿ ਸਾਹਿਤ ਤੇ ਕਲਾ ਦਾ ਮੁੱਢ ਉਦੋਂ ਬੱਝਾ ਜਦੋਂ ਜਨਸਾਧਾਰਨ ਤੇ ਵਸ਼ਿਸ਼ਟ ਵਜੋਂ ਵੱਖ ਵੱਖ ਵਰਗ ਮੌਜੂਦ ਹੀ ਨਹੀਂ ਸਨ। ਅਤੇ ਇਹ ਮੁਢਲਾ ਸਾਹਿਤ ਨਿਰਸੰਦੇਹ ਕਿਸੇ ਉਚੇ ਵਰਗ ਦਾ ਬੁਲਾਰਾ ਨਹੀਂ ਸੀ। ਇਸ ਤੋਂ ਬਿਨਾਂ ਜਦੋਂ ਇਨਸਾਨ ਵੱਖ ਵੱਖ ਨਿਮਨ ਅਤੇ ਉਚ-ਵਰਗਾਂ ਵਿਚ ਵਟ ਗਏ ਤਾਂ ਵੀ ਲੋਕਾਂ ਵਿਚ ਸਾਹਿਤ ਸਿਰ-ਜਣਾ ਦੀ ਰਵਾਇਤ ਬਿਲਕੁਲ ਮਰ ਨਹੀਂ ਗਈ। ਉਹ ਗਰੀਬ ਤੇ ਮਿਹਨਤਕਸ਼ ਤਾਂ ਸਨ, ਗੂੰਗੇ ਤੇ ਬੋਲੇ ਨਹੀਂ ਸਨ। ਭਾਵਕ ਸੰਤੁਸ਼ਟੀ ਅਤੇ ਮਨੋਰੰਜਨ ਦੀ ਉਹਨਾਂ ਨੂੰ ਵੀ ਲੋੜ ਸੀ। ਇਸ ਲਈ ਉਹ ਹਰ ਦੌਰ ਵਿਚ ਕਿੱਸੇ ਕਹਾਣੀਆਂ, ਗੀਤ ਤੇ ਦੋਹੇ ਕਹਿੰਦੇ ਤੇ ਸੁਣਦੇ ਰਹੇ।

ਇਸ ਪੁਰਾਣੇ 'ਲੋਕਾਂ ਦੇ ਸਾਹਿਤ' ਬਾਰੇ ਦੋ ਗੱਲਾਂ ਜ਼ਿਕਰ ਯੋਗ ਹਨ। ਇਕ ਤਾਂ ਇਸ ਸਾਹਿਤ ਉਤੇ ਯਥਾਰਥ ਤੇ ਹਕੀਕਤ-ਪਸੰਦੀ ਦੀ ਥਾਂ ਰੂਹਾਨੀਅਤ ਅਤੇ ਪਲਾਇਨ ਦਾ ਅੰਸ਼ ਭਾਰੂ ਸੀ। ਇਸ ਵਿਚ ਲੋਕਾਂ ਦੇ ਨਿੱਤ-ਦਿਹਾੜੀ ਦੇ ਦੁੱਖ-ਦਰਦ ਅਤੇ ਉਹਨਾਂ ਦੇ ਬੁਨਿਆਦੀ ਮਸਲਿਆਂ ਦਾ ਜ਼ਿਕਰ ਬਹੁਤ ਘੱਟ ਆਉਂਦਾ ਸੀ। ਇਸ ਵਿਚ ਵਧੇਰੇ ਕਰਕੇ ਦੇਵੀ ਦੇਵਤਿਆਂ ਦੀ ਅਰਾਧਨਾ ਤੇ ਪ੍ਰਾਰਥਨਾਵਾਂ, ਜਿੰਨਾਂ-ਪਰੀਆਂ ਦੇ ਕਿੱਸੇ ਜਾਂ ਪੁਰਾਣੇ ਸੂਰਮਿਆਂ ਦੀਆਂ ਕਥਾਵਾਂ ਹੁੰਦੀਆਂ ਸਨ। ਅਤੇ ਇੰਨ੍ਹਾਂ ਰਚਨਾਵਾਂ ਦੀ ਸ਼ਮ੍ਹਾਂ ਨਾਲ ਲੋਕ ਆਪਣੇ ਵਰਤਮਾਨ ਤੇ ਭਵਿੱਖ ਦੀ ਹਨੇਰੀ ਰਾਤ ਨੂੰ ਕੁਝ ਛਿਨਾਂ ਲਈ ਰੌਸ਼ਨ ਕਰ ਲਿਆ ਕਰਦੇ ਸਨ। ਦੂਜੀ ਗੱਲ ਇਹ ਹੈ ਕਿ ਇਸ ਸਾਹਿਤ ਦਾ ਕਲਾ-ਪੱਧਰ ਕੋਈ ਬਹੁਤਾ ਉੱਚਾ ਨਹੀਂ ਸੀ। ਇਸ ਲਈ ਇਸ ਨੂੰ ਸਾਹਿਤ ਦੇ ਸਰਕਾਰੀ ਪ੍ਰਮਾਣਿਕ ਇਤਿਹਾਸਾਂ ਵਿਚ ਮੁਸ਼ਕਿਲ ਨਾਲ ਹੀ ਕੋਈ ਥਾਂ ਮਿਲਦੀ ਹੈ। ਇਸ ਵਿਚ ਉਤਸ਼ਾਹ ਤੇ ਸ਼ਕਤੀ ਤਾਂ ਹੈ, ਬਾਰੀਕੀ ਤੇ ਸੂਖਮਤਾ ਨਹੀਂ। ਅਤੇ ਇਸ ਦਾ ਕਾਰਣ ਪ੍ਰਤੱਖ ਹੈ—ਹਰ ਕਲਾ ਨੂੰ ਸੰਪੂਰਨਤਾ ਤੇ ਵਿਕਾਸ ਲਈ ਸਮਾਂ ਤੇ ਬਹੁਲਤਾ ਲੋੜੀਂਦੇ ਹਨ। ਅਤੇ ਇਹ ਨਿਅਮਤਾਂ ਲੋਕਾਂ ਨੂੰ ਨਸੀਬ ਨਹੀਂ ਹੁੰਦੀਆਂ। ਕੁਲੀਨਾਂ ਕੋਲ ਦੌਲਤ ਵੀ ਸੀ ਤੇ ਵਸੀਲੇ ਵੀ। ਇਸ ਲਈ ਜੋ ਅਦਬ ਉਹਨਾਂ ਦੇ ਸਾਏ ਵਿਚ ਪ੍ਰਵਾਨ ਚੜ੍ਹਿਆ, ਉਸਨੂੰ ਹਾਕਮਾਂ ਦੇ ਮਹਿਲਾਂ ਵਾਂਗ ਹਰ ਤਰ੍ਹਾਂ ਦੀ ਸਜਾਵਟ, ਹਰ ਤਰ੍ਹਾਂ ਦਾ ਬਣਾਉ-ਸ਼ਿੰਗਾਰ ਨਸੀਬ ਹੈ।

ਪਰ ਕੀ ਇਸ ਸਾਹਿਤ ਉਤੇ ਅੱਜ ਤਕ ਜਨ-ਸਾਧਾਰਨ ਦੇ ਵਜੂਦ ਦਾ ਕੋਈ ਅਕਸ ਨਹੀਂ ਪਿਆ ? ਜ਼ਰੂਰ ਪਿਆ । ਸਾਹਿਤਕਾਰ ਦਾ ਜ਼ਿਹਨ ਇਕ ਦਰਪਨ ਹੁੰਦਾ ਹੈ ਜਿਸ ਵਿਚ ਉਸਦੇ ਦੌਰ ਦਾ ਸਮਾਜੀ ਯਥਾਰਥ ਅਤੇ ਉਸਦਾ ਸਮਾਜਕ ਮਾਹੌਲ ਸਮੁੱਚੇ ਰੂਪ ਵਿਚ ਪ੍ਰਤੀਬਿੰਬਤ ਹੁੰਦਾ ਹੈ । ਅਤੇ ਅੱਜ ਤਕ ਸੰਸਾਰ ਵਿਚ ਕੋਈ ਐਸਾ ਦੌਰ ਨਹੀਂ ਆਇਆ, ਜਦ ਇਸ ਭਾਈਚਾਰਕ ਮਾਹੌਲ ਵਿਚ ਲੋਕ ਸ਼ਰੀਕ ਨਾ ਹੋਣ । ਪਰ ਹਰ ਦੌਰ ਵਿਚ ਕੋਈ ਇਕ ਸਮਾਜੀ ਵਰਗ ਪੈਦਾਵਾਰੀ ਵਸੀਲਿਆਂ ਦੀ ਮਾਲਕੀ ਪੱਖੋਂ ਹੋਰਾਂ ਨਾਲੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ ਅਤੇ ਇਸ ਦੌਰ ਦੀ ਸਮਾਜੀ ਬਣਤ, ਇਸਦੇ ਵਿਚਾਰ ਅਤੇ ਇਸਦੀਆਂ ਕਦਰਾਂ-ਕੀਮਤਾਂ ਇਸੇ ਵਰਗ ਦੇ ਰੁਝਾਨਾਂ ਦੀ ਪੈਰਵੀ ਕਰਦੇ ਹਨ । ਅੱਜ ਤਕ ਲਗਪਗ ਹਰ ਦੌਰ ਵਿਚ ਵੱਖ-ਵੱਖ ਤਰ੍ਹਾਂ ਦੇ ਕੁਲੀਨਾਂ ਦਾ ਤਬਕਾ ਸਾਡੇ ਸਮਾਜ ਵਿਚ ਸਭ ਤੋਂ ਵਧੇਰੇ ਅਹਿਮ ਰਿਹਾ, ਅਤੇ ਉਹਨਾਂ ਦੀ ਅਹਿਮੀਅਤ ਵੱਖ-ਵੱਖ ਅਦਾਰਿਆਂ ਦੀ ਸਿਰਜਣਾ ਵਿਚ ਪ੍ਰਗਟ ਹੁੰਦੀ ਰਹੀ । ਪਰ ਇਹਨਾਂ ਚਾਨਣਾਂ ਉਤੇ ਕਾਲੇ ਸਾਏ ਵੀ ਪੈਂਦੇ ਰਹੇ । ਇਹਨਾਂ ਰੌਸ਼ਨ ਤਸਵੀਰਾਂ ਪਿੱਛੇ ਲੋਕਾਂ ਦੀ ਪਿੱਠ-ਭੂਮੀ ਹਮੇਸ਼ਾਂ ਵਿਖਾਈ ਦਿੰਦੀ ਰਹੀ । ਹਾਂ, ਇਹ ਕਹਿਣਾ ਸਹੀ ਹੈ ਕਿ ਪਿੱਠ-ਭੂਮੀ ਪਿੱਠ-ਭੂਮੀ ਹੀ ਰਹੀ ਅਤੇ ਪੁਰਾਣੇ ਸਾਹਿਤਕਾਰਾਂ ਨੇ ਇਕ ਵਰਗ ਵਜੋਂ ਜਨ-ਸਾਧਾਰਨ ਦੇ ਚਰਿੱਤਰ ਤੇ ਉਸਦੇ ਅਨੁਭਵਾਂ ਤੇ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਆਪਣਾ ਵਿਸ਼ਾ ਨਹੀਂ ਬਣਾਇਆ । ਇਸ ਦਾ ਕਾਰਣ ਮੈਂ ਦੱਸ ਚੁੱਕਿਆ ਹਾਂ—ਖੁਦ ਜਨ-ਸਾਧਾਰਨ ਉਚੇਰੇ ਸਾਹਿਤ ਦੀ ਸਿਰਜਣਾ ਤੋਂ ਵਿਰਵੇ ਸਨ । ਉਹਨਾਂ ਕੋਲ ਨਾ ਸਿੱਖਿਆ ਸਿਖਲਾਈ ਦੇ ਵਸੀਲੇ ਸਨ, ਨਾ ਉਚਾਰ ਤੇ ਲੇਖਣ ਲਈ ਫ਼ੁਰਸਤ । ਜਦ ਕਿ ਪੇਸ਼ਾਵਰ ਲੇਖਕਾਂ ਦੀ ਜ਼ਿਹਨੀ ਤੇ ਜਜ਼ਬਾਤੀ ਵਫਾਦਾਰੀ ਉਹਨਾਂ ਦੇ ਸਰਪ੍ਰਸਤ ਵਰਗ ਨਾਲ ਸੀ । ਉਹਨਾਂ ਨੇੜੇ ਯਥਾਰਥ-ਚਿਤਰਨ ਦੀ ਸਿਖਰ ਇਹੀ ਸੀ ਕਿ ਉਹ ਆਪਣੇ ਜਾਂ ਆਪਣੇ ਸਰਪ੍ਰਸਤ ਵਰਗ ਦੇ ਜੀਵਨ ਦਾ ਇੰਨ-ਬਿੰਨ ਨਕਸ਼ਾ ਖਿੱਚ ਦੇਣ । ਅਤੇ ਉਹਨਾਂ ਵਿਚੋਂ ਬਹੁਤ ਘੱਟ ਨੂੰ ਇਹ ਅਹਿਸਾਸ ਸੀ ਕਿ ਯਥਾਰਥ ਕਿਸੇ ਇਕ ਵਰਗ ਦੀ ਜ਼ਿੰਦਗੀ ਉਤੇ ਆਧਾਰਿਤ ਨਹੀਂ । ਯਥਾਰਥ ਤਾਂ ਇਕ ਸਮੁੱਚ ਹੈ ਜਿਸ ਵਿਚ ਹਰ ਸਮਾਜੀ ਵਰਗ ਤੇ ਬਾਕੀ ਸਭ ਵਰਗਾਂ ਨਾਲ ਉਹਨਾਂ ਦੇ ਸੰਬੰਧ ਸ਼ਾਮਲ ਹੁੰਦੇ ਹਨ । ਹੁਣ ਇਹ ਸਥਿਤੀ ਬਦਲ ਚੁੱਕੀ ਹੈ । ਹੁਣ ਸਮਾਜ ਵਿਚ ਕੋਈ ਵਰਗ ਅਜਿਹਾ ਨਹੀਂ ਰਿਹਾ ਜੋ ਸਾਹਿਤ ਦੀ ਸਿੱਧੇ ਤੌਰ 'ਤੇ ਸਰਪ੍ਰਸਤੀ ਕਰ ਸਕੇ । ਇਕ ਬੰਨੇ ਤਾਂ ਸਾਹਿਤਕਾਰ ਦੀਆਂ ਅੱਖਾਂ ਤੋਂ ਨਿੱਜ ਦੀ ਐਨਕ ਲੱਥ ਚੁੱਕੀ ਹੈ, ਅਤੇ ਦੂਜੇ ਬੰਨੇ ਉਸ ਉਤੇ ਸਮਾਜਕ ਮਸਲਿਆਂ ਦਾ ਦਬਾਉ ਪੈ ਰਿਹਾ ਹੈ । ਸਿੱਟਾ ਇਹ ਹੈ ਕਿ ਲਗਪਗ ਹਰ ਦੇਸ਼ ਵਿਚ ਨਵੇਂ ਸਾਹਿਤ ਦਾ ਲਹਿਜਾ, ਉਸਦੇ ਵਿਸ਼ੇ ਅਤੇ ਉਸਦੇ ਪ੍ਰਗਟਾ ਵੱਖਰੇ ਹੁੰਦੇ ਜਾ ਰਹੇ ਹਨ ।

ਵੇਖਣਾ ਇਹ ਹੈ ਕਿ ਇਸ ਨਵੇਂ ਸਾਹਿਤ ਦੀਆਂ ਵਿਸ਼ੇਸ਼ਤਾਵ ਕੀ ਹਨ ਅਤੇ ਇਸ ਨੇ ਜਨ-ਸਾਧਾਰਨ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ । ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਅੱਜ ਦੇ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦੀ ਬਾਹਰਮੁਖਤਾ ਯਥਾਰਥਮੁਖਤਾ ਹੈ । ਪਰ ਇਸ ਨਾਲ ਕੁਝ ਵੀ ਸਪਸ਼ਟ ਨਹੀਂ ਹੁੰਦਾ । ਹਰ ਦੌਰ ਦਾ ਸਾਹਿਤ ਆਪਣੀ ਬਸਾਤ ਦੇ ਮੁਤਾਬਕ ਅਤੇ ਆਪਣੇ ਰੰਗ ਵਿਚ ਹਕੀਕਤ ਪਸੰਦ ਸੀ । ਇੰਝ ਵਰਤਮਾਨ ਸਾਹਿਤ ਵਿਚ ਪਰਿਵਰਤਨ



ਦਾ ਬੁਨਿਆਦੀ ਕਾਰਨ ਇਹ ਨਹੀਂ ਹੈ ਕਿ ਇਸ ਦੌਰ ਵਿਚ ਸਾਹਿਤਕਾਰਾਂ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਹੋ ਗਿਆ ਹੈ, ਸਗੋਂ ਇਹ ਕਿ ਇਸ ਦੌਰ ਵਿਚ ਯਥਾਰਥ ਕੋਈ ਅਬੁਝ, ਅਣਵੇਖੀ ਚੀਜ਼ ਦਾ ਨਾਉਂ ਨਹੀਂ । ਇਸ ਲਈ ਯਥਾਰਥ ਦੇ ਅਰਥ ਹਨ ਸਾਡਾ ਸਮੁੱਚਾ ਸਮਾਜੀ ਪ੍ਰਬੰਧ ਅਤੇ ਇਸਦੇ ਸਾਰੇ ਪ੍ਰਗਟਾ । ਇਸ ਯਥਾਰਥ ਵਿਚ ਸਾਡੇ ਵਿਹੰਦਿਆਂ ਵਿਹੰਦਿਆਂ ਇਹ ਤਬਦੀਲੀ ਵਾਪਰੀ ਹੈ ਕਿ ਇਸ ਵਿਚ ਪਹਿਲੀ ਵਾਰ ਆਮ ਲੋਕ ਇਕ ਬਹੁਤ ਹੀ ਅਹਿਮ ਅਤੇ ਉਭਰਵੇਂ ਅਨਸਰ ਦੀ ਹੈਸੀਅਤ ਵਿਚ ਦਾਖਲ ਹੋ ਗਏ ਹਨ । ਮੌਜੂਦਾ ਦੌਰ ਵਿਚ ਗਿਣਤੀ ਤੇ ਗੁਣ ਦੋਹਾਂ ਪੱਖਾਂ ਤੋਂ ਇਹ ਵਰਗ ਬਹੁਤ ਅਹਿਮ ਹੈ । ਗੁਣ ਦੇ ਪੱਖੋਂ ਇਸ ਲਈ ਕਿ ਇਹਨਾਂ ਦੇ ਅਨੁਭਵਾਂ ਵਿਚ ਬਾਕੀ ਹੋਰ ਵਰਗਾਂ ਦੇ ਟਾਕਰੇ ਵਧੇਰੇ ਖਲੂਸ ਵਧੇਰੇ ਜੋਸ਼ ਅਤੇ ਵਧੇਰੇ ਜੀਵੰਤਤਾ ਪਾਈ ਜਾਂਦੀ ਹੈ । ਕਾਇਦਾ ਹੈ ਕਿ ਜਦ ਇਕ ਵਰਗ ਸਮਾਜਕ ਸੰਘਰਸ਼ ਵਿਚ ਵਧੇਰੇ ਚੜ੍ਹਤ ਵਿਚ ਵਿਖਾਈ ਦਿੰਦਾ ਹੈ ਤਾਂ ਉਸਦੀ ਚੜ੍ਹਤ ਵਾਂਗ ਉਸਦੇ ਅਨੁਭਵਾਂ ਵਿਚ ਵੀ ਭਰਪੂਰਤਾ ਆ ਜਾਂਦੀ ਹੈ । ਅਤੇ ਜਦ ਇਹੀ ਵਰਗ-ਨਘਾਰ ਗ੍ਰਸਤ ਹੋ ਜਾਂਦਾ ਹੈ, ਜਦ ਸਮਾਜ ਵਿਚ ਇਸ ਦੀਆਂ ਜੜ੍ਹਾਂ ਖੋਖਲੀਆਂ ਹੋ ਜਾਂਦੀਆਂ ਹਨ ਤਾਂ ਉਸਦੇ ਅਨੁਭਵ ਵੀ ਪੇਤਲੇ ਤੇ ਸਿਥਲ ਹੋ ਜਾਂਦੇ ਹਨ । ਜਦ ਕੁਲੀਨਾਂ ਦਾ ਵਰਗ ਚੜ੍ਹਤ ਵਿਚ ਸੀ, ਉਹਨਾਂ ਦੇ ਦਿਲ ਦਿਮਾਗ ਵੀ ਭਰਪੂਰ ਸਨ, ਅਤੇ ਉਹਨਾਂ ਦੀ ਤਰਜਮਾਨੀ ਕਰਨ ਵਾਲੇ ਸਾਹਿਤਕਾਰਾਂ ਨੇ ਵੀ ਸਾਹਿਤਕ ਸਰਜ਼ਮੀਨ ਨੂੰ ਭਰਪੂਰ ਕਰ ਦਿੱਤਾ । ਉਧਰ ਸ਼ੇਕਸਪੀਅਰ ਪੈਦਾ ਹੋਇਆ ਏਧਰ ਅਰਫੀ ਤੇ ਨਜ਼ੀਰੀ । ਜਦ ਇਸ ਵਰਗ ਦਾ ਪਤਣ ਸ਼ੁਰੂ ਹੋਇਆ ਤਾਂ ਇਸਦੇ ਸ਼ਾਇਰ ਵੀ ਸ਼ਿਅਰ ਦਾ ਮੂੰਹ ਚਿੜਾਉਣ ਲੱਗੇ । ਇਸ ਪਿਛੋਂ ਸਮਾਜ ਦੀ ਬਸਾਤ ਉਤੇ ਮਧ ਵਰਗ ਦੀ ਸਫ ਅਗਾਂਹ ਵਧੀ । ਇਕ ਪਾਸੇ ਵਰਡਜ਼ਵਰਥ, ਡਿਕਨਜ਼ ਤੇ ਥੈਕਰੇ ਪੈਦਾ ਹੋਏ ਤਾਂ ਦੂਜੇ ਪਾਸੇ ਹਾਲੀ ਤੇ ਇਕਬਾਲ । ਹੁਣ ਜਨ-ਸਾਧਾਰਨ ਅਗਾਂਹ ਵਧ ਰਿਹਾ ਹੈ । ਅਸੀਂ ਮਧ ਵਰਗ ਦੇ ਲੋਕ ਇਹ ਮਹਿਸੂਸ ਕਰਨ ਲੱਗੇ ਹਾਂ ਕਿ ਸਾਡੇ ਅਨੁਭਵ ਵੀ ਜੀਵਨ ਨਾਲੋਂ ਟੁੱਟੇ ਤੇ ਓਪਰੇ ਓਪਰੇ ਹੁੰਦੇ ਜਾ ਰਹੇ ਹਨ । ਪਿਆਰ ਤੇ ਘਿਰਣਾ, ਗ਼ਮ ਤੇ ਗੁੱਸਾ, ਭੁੱਖ ਤੇ ਫਾਕਾ, ਮੌਤ ਤੇ ਜ਼ਿੰਦਗੀ ਇਹ ਸਾਰੇ ਬੁਨਿਆਦੀ ਜਜ਼ਬੇ ਤੇ ਤੱਥ ਪੂਰੀ ਸ਼ਿੱਦਤ ਨਾਲ ਸਾਡੇ ਦਿਲ-ਦਿਮਾਗ ਨੂੰ ਪ੍ਰਭਾਵਤ ਨਹੀਂ ਕਰਦੇ । ਇੰਝ ਜੇ ਕਿਸੇ ਸਾਹਿਤਕਾਰ ਨੂੰ ਕਿਸੇ ਤੀਖਣ ਤੇ ਡੂੰਘੇ ਅਨੁਭਵ ਦੀ ਭਾਲ ਹੁੰਦੀ ਹੈ ਤਾਂ ਉਸ ਨੂੰ ਮਜਬੂਰਣ ਡਰਾਇੰਗ ਰੂਮ 'ਚੋਂ ਨਿਕਲਕੇ ਖੇਤ ਤੇ ਕਾਰਖਾਨੇ ਵਿਚ ਦਾਖਲ ਹੋਣਾ ਪੈਂਦਾ ਹੈ । ਜਨ-ਸਾਧਾਰਨ ਦੇ ਅਨੁਭਵਾਂ ਨੂੰ ਬਿਆਨ ਕਰਨ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਹਮਦਰਦੀ ਰੱਖਣਾ ਵੀ ਜ਼ਰੂਰੀ ਹੈ । ਇਸ ਲਈ ਬਹੁਤ ਸਾਰੇ ਸਾਹਿਤਕਾਰ ਸਮਾਜੀ ਦੁਨੀਆਂ ਨੂੰ ਮਜ਼ਦੂਰ ਜਾਂ ਕਿਸਾਨ ਦੀ ਦ੍ਰਿਸ਼ਟੀ ਨਾਲ ਵੇਖਣ ਦੀ ਵੀ ਕੋਸ਼ਿਸ਼ ਕਰਦੇ ਹਨ । ਇਹਨਾਂ ਅਨੁਭਵਾਂ ਨੂੰ ਬਿਆਨ ਕਰਨ ਲਈ ਜ਼ਬਾਨ ਅਤੇ ਕਹਿਣ-ਢੰਗ ਵਿਚ ਤਬਦੀਲੀ ਵੀ ਲਾਜ਼ਮੀ ਹੈ । ਹੁਣ ਤਕ ਸਾਡੇ ਸਾਹਿਤ ਦੀ ਜ਼ੁਬਾਨ ਉਸ ਤਬਕੇ ਦੀ ਜ਼ਬਾਨ ਰਹੀ ਹੈ ਜਿਸਦੇ ਅਨੁਭਵ ਇਸ ਵਿਚ ਅੰਕਤ ਹੁੰਦੇ ਸਨ । ਪਰ ਹੁਣ ਅਸੀਂ ਮਜ਼ਦੂਰਾਂ ਦੀ ਗੱਲ-ਕੱਥ ਲਈ ਨਵਾਬਾਂ ਦਾ ਲਹਿਜਾ ਨਹੀਂ ਵਰਤ ਸਕਦੇ । ਇਸ ਕਰਕੇ ਸਾਡੇ ਸਾਹਿਤ ਵਿਚ ਪਹਿਲਾਂ ਮੁਨਸ਼ੀ ਪ੍ਰੇਮ ਚੰਦ ਤੇ ਫੇਰ ਕਈ ਨੌਜਵਾਨ ਲੇਖਕਾਂ ਨੇ ਵਿਸ਼ਿਆਂ ਤੋਂ ਬਿਨਾ ਆਪਣੀ

ਜ਼ਬਾਨ ਨੂੰ ਵੀ ਲੋਕਾਂ ਦੇ ਜੀਵਨ ਦੇ ਨੇੜੇ ਲਿਆਉਣ ਦਾ ਯਤਨ ਕੀਤਾ । ਹੁਣ ਇਹ ਵੇਖੋ ਕਿ ਇਹਨਾਂ ਸਾਰੀਆਂ ਗੱਲਾਂ ਦਾ ਸਾਡੇ ਸਾਹਿਤ ਉਤੇ ਸਮੁੱਚੇ ਤੌਰ 'ਤੇ ਕੀ ਪ੍ਰਭਾਵ ਪਿਆ ਹੈ । ਅੱਵਲ ਤਾਂ ਸਾਹਿਤ ਦੇ ਵੱਖ ਵੱਖ ਰੂਪਾਂ ਦੀ ਅਹਿਮੀਅਤ ਬਦਲ ਗਈ ਹੈ । ਕਿਸੇ ਸਮੇਂ ਵਿਚ ਕਵਿਤਾ ਸਾਡੇ ਸਾਹਿਤ ਦਾ ਸਭ ਤੋਂ ਵੱਡਾ ਤੇ ਲੋਕ-ਪ੍ਰਿਯ ਰੂਪ ਸੀ । ਪਰ ਕਵਿਤਾ ਬਹੁਤ ਹੀ ਅੰਤਰਮੁਖੀ ਚੀਜ਼ ਹੈ । ਇਸ ਵਿਚ ਦੂਜੇ ਦੇ ਅਨੁਭਵਾਂ ਨੂੰ ਅਪਨਾਉਣਾ ਸਹਿਲ ਨਹੀਂ । ਭਾਵੇਂ ਹੁਣ ਕਵਿਤਾ ਵਿਚ ਵੀ ਜਨ-ਸਾਧਾਰਨ ਦਾ ਕਾਫੀ ਜ਼ਿਆਦਾ ਜ਼ਿਕਰ ਹੁੰਦਾ ਹੈ. ਪਰ ਹੁਣ ਤਕ ਵੀ ਇਹ ਜ਼ਿਕਰ ਬਹੁਤਾ ਸੰਤੋਖਜਨਕ ਨਹੀਂ । ਇਸੇ ਲਈ ਵਰਤਮਾਨ ਸਮਾਜਕ ਯਥਾਰਥ ਦੇ ਚਿਤਰਨ ਲਈ ਸਾਹਿਤਕਾਰ ਕਵਿਤਾ ਦੀ ਥਾਂ ਵਾਰਤਕ ਵੱਲ ਵਧੇਰੇ ਧਿਆਨ ਦੇਣ ਲੱਗੇ ਹਨ । ਸਿੱਟਾ ਇਹ ਹੈ ਕਿ ਸਾਡੇ ਸਾਹਿਤ ਵਿਚ ਕਵਿਤਾ ਨੂੰ ਪਹਿਲਾਂ ਜਿੰਨਾ ਮਹੱਤਵ ਪ੍ਰਾਪਤ ਨਹੀਂ । ਅੱਜ ਕੱਲ ਸਭ ਤੋਂ ਵੱਧ ਲੋਕ-ਪ੍ਰਿਯ ਸਾਹਿਤਕ ਰੂਪ ਨਿੱਕੀ ਕਹਾਣੀ ਹੈ, ਇਸ ਲਈ ਕਿ ਇਸ ਰੂਪ ਵਿਚ ਜੀਵਨ ਦੇ ਵਿਭਿੰਨ ਪਹਿਲੂਆਂ ਦਾ ਬਿਆਨ ਸਹੂਲਤ ਨਾਲ ਹੋ ਸਕਦਾ ਹੈ । ਇਹ ਕਹਾਣੀਆਂ ਪਹਿਲਾਂ ਖਿਆਲੀ ਓਪਰੇ ਓਪਰੇ ਵਿਸ਼ਿਆਂ ਨਾਲ ਭਰੀਆਂ ਹੁੰਦੀਆਂ ਸਨ । ਹੁਣ ਇਹਨਾਂ ਵਿਚ ਸਾਡੀ ਨਿੱਤ-ਦਿਹਾੜੀ ਦੀ ਜ਼ਿੰਦਗੀ ਦਾ ਪਰਤੌ ਹੁੰਦਾ ਹੈ, ਅਤੇ ਇਸ ਨਿੱਤ-ਦਿਹਾੜੀ ਦੀ ਜ਼ਿੰਦਗੀ ਵਿਚ ਜਨਸਾਧਾਰਨ ਦੇ ਮਸਲੇ ਸਭ ਤੋਂ ਵੱਧ ਅਹਿਮ ਹਨ । ਇਹਨਾਂ ਕਥਾਵਾਂ ਦੀ ਜ਼ਬਾਨ ਪਹਿਲਾਂ ਬੜੀ ਬਾਤੁਕੱਲਫ ਤੇ ਅਲੰਕ੍ਰਿਤ ਹੁੰਦੀ ਸੀ । ਹੁਣ ਇਹਨਾਂ ਵਿਚ ਲੋਕਾਂ ਦੀਆਂ ਕੁਰਖਤ ਪਰ ਸੱਜਰੀਆਂ ਆਵਾਜ਼ਾਂ ਵੀ ਸ਼ਾਮਲ ਹੋ ਜਾਂਦੀਆਂ ਹਨ । ਸਾਹਿਤ ਦੀ ਸਿਰਜਣਾ ਦੇ ਨਾਲ ਸਾਹਿਤ ਦੀ ਆਲੋਚਨਾ ਤੇ ਵਿਆਖਿਆ ਵਿਚ ਵੀ ਤਬਦੀਲੀ ਹੋ ਗਈ ਹੈ । ਪਹਿਲਾਂ ਸਾਡੀ ਆਲੋਚਨਾ ਵਿਚ ਸਿਰਫ ਤਸਬੀਹਾਂ, ਅਲੰਕਾਰਾਂ ਤੇ ਬਿੰਬਾਂ ਦੀ ਵਿਆਖਿਆ ਜਾਂ ਵਿਸ਼ਿਆਂ ਤੇ ਵਿਚਾਰਾਂ ਦੀ ਉਚਾਈ ਦੀ ਗੱਲ ਹੀ ਹੁੰਦੀ ਸੀ । ਪਰ ਵਰਤਮਾਨ ਸਮੀਖਿਅਕ ਹਰ ਦੌਰ ਦੇ ਸਮਾਜਕ ਪਿਛੋਕੜ ਦਾ ਵਿਸ਼ਲੇਸ਼ਨ ਕਰਦੇ ਹਨ । ਸਾਹਿਤਕਾਰ ਨੂੰ ਉਸਦੇ ਮਾਹੌਲ ਦੀ ਰੌਸ਼ਨੀ ਵਿਚ ਜਾਚਦੇ ਪਰਖਦੇ ਹਨ, ਅਤੇ ਜਿਵੇਂ ਮੈਂ ਪਹਿਲਾਂ ਕਿਹਾ ਸੀ, ਹਰ ਮਾਹੌਲ ਵਿਚ ਅਵਾਮ ਤੇ ਉਹਨਾਂ ਦੇ ਮਸਲੇ ਵੀ ਸ਼ਾਮਲ ਹਨ ।

ਇਸ ਵਿਚ ਸੰਦੇਹ ਨਹੀਂ ਕਿ ਹੁਣ ਤਕ ਲੋਕਾਂ ਵਿਚੋਂ ਬਹੁਤ ਉਚੀ ਪੱਧਰ ਦੇ ਸਾਹਿਤਕਾਰ ਪੈਦਾ ਨਹੀਂ ਹੋਏ ਅਤੇ ਉਹਨਾਂ ਦੇ ਅਨੁਭਵਾਂ ਦੀ ਪ੍ਰਤਿਨਿਧਤਾ ਇਕ ਦੂਜਾ ਵਰਗ ਕਰ ਰਿਹਾ ਹੈ । ਪਰ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਅਜੇ ਜਨਤਾ ਦੀ ਚੜ੍ਹਤ ਸ਼ੁਰੂ ਹੀ ਹੋਈ ਹੈ, ਅਤੇ ਹਰ ਸੰਕ੍ਰਾਂਤੀ ਦੌਰ ਵਿਚ ਉਭਰਦੇ ਵਰਗ ਦੀ ਅਗਵਾਈ ਲਈ ਕਿਸੇ ਵਧੇਰੇ ਵਿਕਸਿਤ ਵਰਗ ਦੇ ਵਿਅਕਤੀਆਂ ਦੀ ਲੋੜ ਪੈਂਦੀ ਹੈ । ਇਸ ਵਿਚ ਖਤਰਾ ਇਹ ਹੁੰਦਾ ਹੈ ਕਿ ਪੁਰਾਣੇ ਵਰਗ ਦੇ ਵਿਅਕਤੀ ਕਈ ਵਾਰ ਇਸ ਨਵੇਂ ਵਰਗ ਨਾਲ ਪੂਰਨ ਜ਼ਿਹਨੀ ਤੇ ਜਜ਼ਬਾਤੀ ਇਕਸੁਰਤਾ ਪੈਦਾ ਨਹੀਂ ਕਰ ਸਕਦੇ । ਇਸ ਲਈ ਉਹਨਾਂ ਦੀਆਂ ਲਿਖਤਾਂ ਵਿਚ ਕੁਝ ਓਪਰੇਪਨ ਦਾ ਅਹਿਸਾਸ ਹੁੰਦਾ ਹੈ । ਇੰਝ ਵੀ ਹੁੰਦਾ ਹੈ ਕਿ ਉਹ ਇਸ ਨਵੇਂ ਵਰਗ ਨਾਲ ਆਪਣੀ ਵਫਾਦਾਰੀ ਦਾ ਪ੍ਰਗਟਾ ਕਰਨ ਲਈ ਸਮਾਜੀ ਯਥਾਰਥ ਨੂੰ ਦੁਬਾਰਾ ਇਕ ਹੀ ਵਰਗ ਤਕ ਸੀਮਤ ਕਰ ਦਿੰਦੇ ਹਨ । ਜਿਵੇਂ ਪੁਰਾਣੇ



ਸਾਹਿਤ ਵਿਚ ਨਵਾਬ ਵਿਖਾਈ ਦਿੰਦੇ ਸਨ, ਇਵੇਂ ਨਵੇਂ ਸਾਹਿਤ ਦੇ ਅਧਿਐਨ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਸਮਾਜ ਵਿਚ ਜਨ-ਸਾਧਾਰਨ ਤੋਂ ਬਿਨਾਂ ਕੋਈ ਹੋਰ ਵਰਗ ਮੌਜੂਦ ਹੀ ਨਹੀਂ । ਇਸ ਤਰ੍ਹਾਂ ਸਮਾਜ ਦਾ ਖਾਕਾ ਅਧੂਰਾ ਤੇ ਗੈਰ ਮੁਕੰਮਲ ਰਹਿ ਜਾਂਦਾ ਹੈ । ਜਿਥੇ ਸਾਡੇ ਸਾਹਿਤ ਵਿਚ ਬਹੁਤ ਸਾਰੇ ਗੁਣ ਹਨ, ਉਥੇ ਕਿਸੇ ਹੱਦ ਤਕ ਇਹ ਨੁਕਸ ਵੀ ਮੌਜੂਦ ਹਨ । ਐਪਰ ਇਹ ਸਾਹਿਤ ਅਜੇ ਪ੍ਰਯੋਗ ਦੇ ਦੌਰ ਵਿਚ ਹੈ ਅਤੇ ਹਰ ਤਜਰਬੇ ਦੇ ਪਨਪਣ ਲਈ ਸਮਾਂ ਲੋੜੀਂਦਾ ਹੈ । ਅਜੇ ਇਸ ਦੌਰ ਦਾ ਸ਼ੇਕਸਪੀਅਰ, ਜਾਂ ਗਾਲਬ ਜਾਂ ਇਕਬਾਲ ਪੈਦਾ ਨਹੀਂ ਹੋਇਆ । ਪਰ ਨਵੇਂ ਸਾਹਿਤਕਾਰਾਂ ਨੇ ਉਹਨਾਂ ਦੀ ਆਮਦ ਲਈ ਰਾਹ ਸਾਫ ਕਰ ਦਿੱਤਾ ਹੈ । 0

[ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਆਰੰਭ ਸਮੇਂ ਜਨਵਰੀ 1942 ਵਿਚ ਲਿਖਿਆ ਗਿਆ ਲੇਖ। ਉਰਦੂ ਤੋਂ ਅਨੁਵਾਦ : ਰਘਬੀਰ ਸਿੰਘ]

## ਤਿੰਨ ਕਵਿਤਾਵਾਂ/ਮਹਿਮਾ ਸਿੰਘ

### ਅਣਲਿਖੀ ਕਵਿਤਾ

ਉਹ ਰਚਾਉਂਦੇ ਰਹੇ-ਬੜੇ ਰੋਮਾਂਟਿਕ ਸੰਵਾਦ
ਲਿਖਦੇ ਰਹੇ—ਬੜੀਆਂ ਗੰਭੀਰ ਕਵਿਤਾਵਾਂ
ਕਰਦੇ ਰਹੇ ਡੂੰਘੀਆਂ ਗੱਲਾਂ—ਮਾਣਦੇ ਰਹੇ ਬੌਧਿਕ ਹਉਮੈ
ਖੇਡਦੇ ਰਹੇ ਸ਼ਬਦਾਂ ਨਾਲ ਸ਼ਤਰੰਜ—ਬੜੀ ਸੋਹਣੀ ਮੁਦਰਾ 'ਚ ਬਹਿ ਕੇ
ਹੱਥਾਂ 'ਚ ਵਿਸਕੀ ਦੇ ਜਾਮ ਲੈ ਕੇ---ਬੜੀ ਹੀ ਬਾਂਕੀ ਅਦਾ ਨਾਲ
ਉਹ ਸੋਚਦੇ ਰਹੇ ਅਕਸਰ—ਸਮੁੱਚੀ ਮਨੁੱਖਤਾ ਬਾਰੇ ਕਿ
ਸ਼ਾਇਦ ਉਨ੍ਹਾਂ ਨੂੰ ਹੀ ਫਿਕਰ ਹੈ
ਉਨ੍ਹਾਂ ਦੀ ਹਰ ਲਿਖਤ ਵਿਚ—ਬੜੇ ਉੱਤਮ ਮਨੁੱਖ ਦਾ ਜ਼ਿਕਰ ਹੈ
ਉਨ੍ਹਾਂ ਦਾ ਫਲਸਫਾ ਹੈ—
'ਲਿਖੋ ਸਿਰਫ ਉਹ ਯਥਾਰਥ—ਜੋ ਹੋਣਾ ਚਾਹੀਦਾ ਹੈ'
ਕਿਉਂਕਿ ਉਨ੍ਹਾਂ 'ਤੇ—ਯਥਾਰਥ ਨੇ ਹਾਲੇ ਵਾਰ ਨਹੀਂ ਕੀਤਾ
ਜ਼ਿੰਦਗੀ ਨੇ ਹਾਲੇ ਲਾਚਾਰ ਨਹੀਂ ਕੀਤਾ
ਇਸ ਲਈ ਉਨ੍ਹਾਂ ਨੇ ਕਵਿਤਾ ਵਰਗਾ—ਹਾਲੇ ਕੁਝ ਨਹੀਂ ਲਿਖਿਆ
ਕਿਉਂਕਿ ਅਸਲੀ ਕਵਿਤਾ ਤਾਂ— ਹਰ ਜ਼ਖਮੀ ਮੱਥੇ 'ਤੇ ਲਿਖੀ ਹੈ
ਜਾਂ ਰਾਤ ਦੀ ਖਾਮੋਸ਼ ਬੁੱਕਲ ਵਿਚ--ਉਹ ਅਣਲਿਖੀ ਹੈ

### ਇਕ ਟੋਟਾ ਆਸਮਾਨ

ਉਡਾਰੀ ਲਈ, ਮੇਰੇ ਕੋਲ ਸਿਰਫ--ਇਕ ਟੋਟਾ ਆਸਮਾਨ ਸੀ
ਫਿਰ ਕਿਉਂ—ਨੋਚ ਲਏ ਗਏ ਨੇ—ਮੇਰਿਆਂ ਸੁਰਾਂ ਦੇ ਸੁਨਹਿਰੀ, ਖੰਭ

ਮੇਰੀ ਸਾਦਾ ਜਿਹੀ ਚੇਤਨਾ ਨੇ
ਆਸਮਾਨ ਦੀ ਕਿਸੇ ਨੁੱਕਰ ਵਿਚ—ਭਲਾ ਕਿੰਨਾ ਕੁ ਫੈਲਣਾ ਸੀ
ਫਿਰ ਕਿਉਂ—ਨਜ਼ਰਬੰਦ ਕੀਤੀ ਜਾ ਰਹੀ ਹੈ
ਮੇਰੀ ਸਾਦਾ ਮਾਸੂਮ ਚੇਤਨਾ
ਕਮਰੇ ਵਿਚ ਬੰਦ ਹੋਇਆ
ਸਿਰਫ ਅਨਹਦ-ਨਾਦ ਹੀ ਨਹੀਂ ਚਾਹੀਦਾ ਮੈਨੂੰ
ਮੈਨੂੰ ਤਾਂ ਚਾਹੀਦਾ ਹੈ, ਉਹ ਆਪਣਾ—ਇਕ ਟੋਟਾ ਆਸਮਾਨ
ਵਾਪਿਸ ਦਿਓ ਮੈਨੂੰ—ਮੇਰੀ ਸ਼ਾਂਤ ਫੈਲਦੀ ਹੋਈ ਚੇਤਨਾ
ਵਾਪਿਸ ਦਿਓ—ਸੁਨਹਿਰੀ ਖੰਭਾਂ ਵਾਲੇ ਸੁਰਾਂ ਦੀ ਪਰਵਾਜ਼
ਹਾਂ ਵਾਪਿਸ ਦਿਓ ਮੈਨੂੰ—ਮੇਰਾ ਇਕ ਟੋਟਾ ਆਸਮਾਨ ।

## ਪੱਬਾਂ ਭਾਰ

ਚੱਲ ਰਹੇ ਹਾਂ—ਪੱਬਾਂ ਭਾਰ...
ਕਿ ਸਾਡੇ ਪੈਰਾਂ ਥੱਲੇ ਵਿਛੇ ਨੇ ਖਾਰ

ਪੀ ਰਹੇ ਹਾਂ ਚੁੱਪ-ਚਾਪ ਵੇਦਨਾ ਦਾ ਜ਼ਹਿਰ
ਹਿੰਮਤ ਨਹੀਂ ਕਿ ਚੱਲ ਪਈਏ
ਕਿਸੇ ਬੋਧੀ ਰੁੱਖ ਦੀ ਭਾਲ ਵਿਚ
ਆਪਣੀ ਹੀ ਪਰਿਕਰਮਾ ਕਰ ਰਹੇ ਹਾਂ
ਚੱਲ ਰਹੇ ਹਾਂ ਪੱਬਾਂ ਭਾਰ...
ਕਿ ਪੁੱਗ ਨਹੀਂ ਸਕੇ ਕਰਾਰ...

ਭਟਕਦੇ ਹਾਂ ਬਿਨਾਂ ਕਿਸੇ ਮਕਸਦ ਤੋਂ
ਹਿੰਮਤ ਨਹੀਂ ਕਿ ਖ਼ਾਤਾ ਵੇਖੀਏ
ਕਰੀਏ ਕਾਲੇ ਦਿਨਾਂ ਦਾ ਹਿਸਾਬ
ਚੱਲ ਰਹੇ ਹਾਂ ਪੱਬਾਂ ਭਾਰ
ਕਿ ਆ ਰਹੇ ਨੇ ਲਗਾਤਾਰ ਕਾਲੇ ਹਨੇਰੇ ਦਿਨ

ਕਦੋਂ ਤਕ ਰਹਾਂਗੇ ਗੁੰਮ ਸੁੰਮ
ਜਿਧਰ ਮੰਜ਼ਿਲ ਨਹੀਂ ਕੋਈ ਵੀ
ਉਧਰ ਵੇਖਦੇ ਰਹਾਂਗੇ ਮੁੜ ਮੁੜ
ਚੱਲ ਰਹੇ ਹਾਂ ਪੱਬਾਂ ਭਾਰ
ਕਿ ਚੱਲ ਰਹੇ ਨੇ ਟਾਈਮ-ਬੰਬ ਕਦਮਾਂ ਦੇ ਆਰਪਾਰ
ਚੱਲ ਰਹੇ ਹਾਂ ਪੱਬਾਂ ਭਾਰ... ਪੱਬਾਂ ਭਾਰ...

[ਪਿੰਡ ਤੇ ਡਾਕਘਰ ਹਲਵਾਰਾ, ਜ਼ਿਲਾ ਲੁਧਿਆਣਾ]



# ਹਰਨਾਮ ਦੀ ਕਵਿਤਾ : ਇਕ ਗੁੰਝਲਦਾਰ ਬੁਝਾਰਤ ?

ਹਰਭਜਨ ਸਿੰਘ ਹੁੰਦਲ

ਬੜੀ ਦੇਰ ਤੋਂ ਹਰਨਾਮ ਨੂੰ ਪੜ੍ਹਦਾ ਆ ਰਿਹਾ ਹਾਂ । ਉਹ ਸ਼ੁਰੂ ਤੋਂ ਹੀ ਊਲ-ਜਲੂਲ (ਐਬਸਰਡ) ਕਵਿਤਾਵਾਂ ਲਿਖਦਾ ਰਿਹਾ ਹੈ । ਮੈਂ ਉਸ ਦੀਆਂ ਕਵਿਤਾਵਾਂ ਨੂੰ ਰਿਸਾਲਿਆਂ ਰਾਹੀਂ ਹੀ ਪੜ੍ਹਿਆ ਸੀ । ਸੁਣਿਆ ਸੀ ਕਿ ਕਦੇ ਉਸ ਦੀ ਪਹਿਲਾਂ ਵੀ ਕੋਈ ਪੁਸਤਕ ਛਪੀ ਸੀ, 'ਨੇਤਰ ਕੰਕਾਲ', ਪਰ ਉਸ ਦੇ ਦੋ ਚਾਰ ਦੋਸਤਾਂ ਪ੍ਰਸ਼ੰਸਕਾਂ ਦੇ ਘੇਰੇ ਤੋਂ ਬਾਹਰ ਨਾ ਜਾ ਸਕੀ । ਇਕ ਦੋ ਕਾਵਿ-ਗੋਸ਼ਟੀਆਂ ਵਿਚ ਉਸ ਨਾਲ ਮੁਲਾਕਾਤ ਹੋਈ । ਖਿਆਲ ਸੀ ਕਿ ਸ਼ਾਇਦ ਗੱਲ-ਬਾਤ ਰਾਹੀਂ ਉਹ ਆਪਣੀ ਗੱਲ ਕੁਝ ਵਧੇਰੇ ਸਪਸ਼ਟ ਰੂਪ ਵਿਚ ਕਹਿ ਸਕੇਗਾ । ਪਰ ਨਹੀਂ, ਉਹ ਜ਼ਾਤੀ ਵਾਰਤਾਲਾਪ ਵਿਚ ਵੀ ਉਲਝਿਆ ਹੀ ਨਜ਼ਰੀਂ ਆਇਆ । ਇਕ ਵਾਰ ਨਿਰਮਲ-ਅਰਪਨ ਦੀ "ਅਗਨ-ਗੋਸ਼ਟੀ" ਵਿਚ ਮੈਂ ਉਸ ਨੂੰ ਨੇੜਿਉਂ ਹੋ ਕੇ ਤੱਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਮੇਰੇ ਲਈ ਬੰਦ-ਦਰਵਾਜ਼ਾ ਹੀ ਰਿਹਾ । ਸੋਚਿਆ, ਕਿ ਜੇ ਉਹਦੀ ਕਵਿਤਾ ਦਾ ਕੋਈ ਸਿਰ-ਪੈਰ ਹੀ ਨਹੀਂ, ਤਾਂ ਚਿੰਤਾ ਕਾਹਦੀ ?

ਹੁਣ ਫਿਰ ਮੈਂ ਉਸ ਦੀ ਨਵੀਂ ਛਪੀ ਕਾਵਿ-ਕ੍ਰਿਤੀ ਦੇ ਰੂ-ਬ-ਰੂ ਖੜ੍ਹਾ ਹਾਂ ।

ਚੰਡੀਗੜ੍ਹ ਆਉਂਦੇ ਜਾਂਦੇ ਮੈਂ ਰਘਬੀਰ ਸਿੰਘ ਦੇ ਕੋਲ ਰੀਵੀਊ ਲਈ ਆਈਆਂ ਕਾਵਿ-ਪੁਸਤਕਾਂ ਫੋਲਦਾ ਹਾਂ । ਇਸ ਵਾਰ ਫੋਲ-ਫਾਲ ਕੇ ਸੁਹਣੀ ਗੈਟ-ਅੱਪ ਵਾਲੀ ਹਰਨਾਮ ਦੀ "ਆਦਿਕਾ" ਬਾਹਰ ਕੱਢਦਾ ਹਾਂ, ਵਰਕੇ ਪਲਟਦਾ ਹਾਂ । ਕਵਿਤਾ ਦਾ ਕੋਈ ਸਿਰ ਪੈਰ ਨਹੀਂ ਲੱਭਦਾ । ਰਘਬੀਰ ਸਿੰਘ ਮੇਰੀ ਇਸ ਪੁਸਤਕ ਵਿਚ ਦਿਲਚਸਪੀ ਨੂੰ ਤਾੜ ਜਾਂਦਾ ਹੈ । "ਜੇ ਤੂੰ ਇਸ ਦਾ ਸਿਰਜਣਾ ਲਈ ਰੀਵੀਊ ਲਿਖ ਭੇਜੇਂ ?" ਉਹ ਆਖਦਾ ਹੈ । ਮੈਂ ਇਸ ਗੱਲ ਨੂੰ ਇਕ ਚਣੌਤੀ ਸਮਝ ਕੇ ਪ੍ਰਵਾਨ ਕਰ ਲੈਂਦਾ ਹਾਂ । ਸੋਚਿਆ, ਘਰ ਜਾ ਕੇ ਕਵਿਤਾਵਾਂ ਨੂੰ ਗਹੁ ਨਾਲ ਪੜ੍ਹਾਂਗਾ, ਤੇ ਗੱਲ ਪੱਲੇ ਪੈ ਜਾਵੇਗੀ ।

ਘਰ ਆ ਕੇ ਪੂਰਾ ਮਹੀਨਾ ਕੁਝ ਹੋਰ ਪੜ੍ਹਨ-ਲਿਖਣ ਵਿਚ ਰੁੱਝਾ ਰਿਹਾ । ਅਖੀਰ ਸਾਰੇ ਕੰਮ ਮੁਕਾ ਕੇ ਪੁਸਤਕ ਨੂੰ ਫਿਰ ਚੁਕਦਾ ਹਾਂ । ਪਹਿਲੇ ਪੰਨੇ 'ਤੇ ਕਵੀ ਨੇ ਆਪਣੀ ਪੁਸਤਕ ਡਾ. ਰਘਬੀਰ ਸਿੰਘ ਨੂੰ ਭੇਂਟ ਕੀਤੀ ਹੈ । ਲਿਖਿਆ ਹੈ, "ਸਿਧਾ ਖੜਾ ਹੋਣ 'ਚ ਕਿਤਾ ਵਕਤ ਲਗਦਾ ।" ਸਿੱਧਾ ਉੱਤੇ ਅੱਧਕ ਨਹੀਂ, ਕਿਤਾ ਸ਼ਬਦ ਦਾ ਕੀ ਅਰਥ ਹੋਇਆ ? ਕੀ ਹਰਨਾਮ ਨੂੰ ਪੰਜਾਬੀ ਵੀ ਠੀਕ ਭਾਂਤ ਲਿਖਣੀ ਨਹੀਂ ਆਉਂਦੀ ? ਤਾਂ ਫਿਰ ਉਹ ਕਵਿਤਾਵਾਂ ਕਿਵੇਂ ਲਿਖ ਲੈਂਦਾ ਹੈ । ਕੀ ਉਹਦੇ ਸ਼ਬਦ-ਜੋੜਾਂ ਨੂੰ ਕੰਪਾਜ਼ੀਟਰ ਠੀਕ ਕਰਦੇ ਹਨ । ਅਜੀਬ ਮਾਜਰਾ ਹੈ । ਸ਼ਾਇਦ ਕਾਹਲੀ ਵਿਚ ਕੋਈ ਲਗ-ਮਾਤਰਾ ਰਹਿ ਗਈ ਹੋਵੇ ।

ਅਗਲਾ ਵਰਕਾ ਉੱਥਲਦਾ ਹਾਂ । ਸਮਰਪਣ ਵਾਲਾ ਪੰਨਾ . ਲਿਖਿਆ ਹੈ :

ਮੇਰੇ ਉਨ੍ਹਾਂ ਯਾਰਾਂ ਦੇ ਨਾਂ
ਜਿਨ੍ਹਾਂ ਦਾ ਫਸਟ ਫਲੋਰ ਹੀ ਨਹੀਂ ਹੈ ।

ਇਹ ਕੈਸੇ ਯਾਰ ਹਨ, ਕਵੀ ਹਰਨਾਮ ਦੇ ! ਦਿੱਲੀ ਦੇ ਰਹਿਣ ਵਾਲੇ ਹੀ ਹਣਗੇ ? ਕਿ ਜਿਹਨਾਂ ਦਾ ਫਸਟ ਫਲੋਰ ਹੀ ਨਹੀਂ । ਕੀ ਇਹਨਾਂ ਦਾ ਸੈਕੰਡ ਤੇ ਥਰਡ ਫਲੋਰ ਹੈ । ਚੰਗਾ ਹੁੰਦਾ ਕਿ ਹਰਨਾਮ ਲਿਖਦਾ :

"ਉਹਨਾਂ ਯਾਰਾ ਦੇ ਨਾਂ ਜਿਹਨਾਂ ਦਾ ਗਰਾਊਂਡ ਫਲੋਰ ਹੀ ਨਹੀਂ ।"

ਕੁਝ ਗੱਲ ਬਣ ਜਾਣੀ ਸੀ । ਵਿਚਾਰੇ ਝੁੱਗੀਆਂ ਵਾਲੇ ਸਾਰੇ ਹੀ ਕਵੀ ਦੇ ਮਿੱਤਰ ਗਿਣੇ ਜਾਣੇ ਸਨ । ਖੈਰ ਭੂਮਿਕਾ ਪੜ੍ਹਨ ਤੋਂ ਪਹਿਲਾਂ ਟਾਈਟਲ ਦੇ ਬਾਹਰ ਦਿੱਤੀ ਡਾ: ਹਰਿਭਜਨ ਸਿੰਘ ਹੁਰਾਂ ਦੀ ਲੰਮੇਰੀ ਟਿੱਪਣੀ ਪੜ੍ਹਦਾ ਹਾਂ, ਇਹ ਸੋਚ ਕੇ ਕਿ ਹਰਨਾਮ ਦੇ ਕਾਵਿ-ਜਗਤ ਵਿਚ ਦਾਖਲ ਹੋਣ ਲਈ ਕੋਈ ਖਿੜਕੀ ਤੇ ਦਰਵਾਜ਼ਾ ਤਾਂ ਲੱਭੇ । ਪਰ ਲੱਗਦਾ ਹੈ ਕਿ ਖਿੜਕੀ ਦਰਵਾਜ਼ੇ ਦੀ ਥਾਂ ਰੋਸ਼ਨਦਾਨ ਰਾਹੀਂ ਅੰਦਰ ਜਾਣਾ ਪਵੇਗਾ । ਹੈ ਕੋਈ ਅਜਿਹਾ ਹਿੰਮਤੀ, ਜਿਹੜਾ ਗੋਡੇ ਗਿੱਟੇ ਤੁੜਵਾਉਣ ਲਈ ਤਿਆਰ ਹੋਵੇ ?

ਡਾ: ਸਾਹਿਬ ਲਿਖਦੇ ਹਨ, ਕਿ "ਹਰਿਨਾਮ ਪਿਛਲੇ ਤਿੰਨ ਦਹਾਕਿਆਂ ਵਿਚ ਸਮਝਿਆ ਹੀ ਨਹੀਂ ਗਿਐ ।" ਕਮਾਲ ਹੈ ਤੀਹਾਂ ਸਾਲਾਂ ਵਿਚ ਵੀ, ਦਿੱਲੀ ਦੇ ਪੜ੍ਹੇ-ਲਿਖੇ ਸਭਿਆ ਪਾਠਕਾਂ ਨੂੰ ਹਰਨਾਮ ਦੀ ਕਵਿਤਾ ਸਮਝ ਨਹੀਂ ਆਈ । ਪੰਜਾਬ ਦੇ ਪੇਂਡੂ ਅੱਧ-ਪੜ੍ਹਿਆਂ ਤੇ ਅਨਪੜ੍ਹਾਂ ਦੀ ਗੱਲ ਤਾਂ ਭਲਾ ਸਮਝ ਪੈਂਦੀ ਹੈ । ਉਹ ਅੱਗੇ ਆਖਦੇ ਨੇ- ਅਜਿਹੀ ਕਵਿਤਾ ਲਈ "ਕਰਨੀ ਵਾਲੇ ਪਾਠਕਾਂ" ਦੀ ਲੋੜ ਹੈ, ਗੱਲ ਹੈ ਵੀ ਠੀਕ । ਕਰਨੀ ਵਾਲੇ ਬਾਬਿਆਂ ਦੇ ਚੋਜ ਪਛਾਨਣ ਲਈ, ਕਰਨੀ ਵਾਲੇ ਪਾਠਕ ਹੀ ਲੋੜੀਂਦੇ ਹਨ । ਪਾਸ਼ ਨੇ ਕਿਤੇ ਆਪਣੀ ਡਾਇਰੀ ਵਿਚ ਲਿਖਿਆ ਸੀ, 'ਇਨ੍ਹੀਂ ਦਿਨੀਂ ਟਰਾਟਸਕੀ ਦੀਆਂ ਦੋ, ਲੈਨਿਨ ਦੀ ਇਕ ਤੇ ਹਰਨਾਮ ਦੀ ਕਾਵਿ-ਪੁਸਤਕ ਪੜ੍ਹੀ ਹੈ ।"

ਹਰਨਾਮ ਇਹ ਟਿੱਪਣੀ ਪੜ੍ਹ ਕੇ ਖੁਸ਼ ਹੋ ਗਿਆ । ਕਮਾਲ ਹੈ ! ਕੋਈ ਇਕ ਪਾਠਕ ਤਾਂ ਹੈ ਜਿਸ ਨੇ ਹਰਨਾਮ ਦੀ ਕਿਤਾਬ ਪੜ੍ਹੀ ਹੈ ਤੇ ਪਾਠਕ ਵੀ ਪਾਸ਼ ਵਰਗਾ ਪ੍ਰਤਿਭਾਵਾਨ ਕਵੀ । ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ, ਹਰਨਾਮ ਦੀ ਪਹਿਲੀ ਕਾਵਿ-ਰਚਨਾ ਦੀ ਹਰਮਨ-ਪਿਆਰਤਾ ਦਾ !

ਹਰਨਾਮ ਦੀ ਸ਼ਾਇਰੀ ਦੇ ਬੰਦ ਬੂਹੇ ਨੂੰ ਖੋਲ੍ਹਣ ਤੇ ਉਸ ਦੇ ਕਾਵਿ-ਸ਼ਾਸਤਰ ਨੂੰ ਸਮਝਣ ਲਈ ਹੁਣ ਮੈਂ ਭੂਮਿਕਾ ਵੱਲ ਪਰਤਦਾ ਹਾਂ । ਸ਼ਾਇਦ ਉਸ ਦੀ ਮਾਨਸਿਕ-ਬਣਤਰ ਅਥਵਾ ਸਾਈਕੀ ਨੂੰ ਸਮਝਣ ਵਿਚ ਕੁਝ ਸਹਾਇਤਾ ਮਿਲੇ । ਭੂਮਿਕਾ ਵਿਚੋਂ ਕੁਝ ਅੰਸ਼ ਹਾਜ਼ਰ ਨੇ :

"ਮੇਰਾ ਜ਼ੋਰ ਖਿਲਾ ਤੇ ਨਹੀਂ ਸਮੇਂ ਤੇ ਹੈ, ਗਿਣਤੀ ਤੇ ਨਹੀਂ, ਗੁਣ ਤੇ ਹੈ । ਮੈਂ ਹੋਰਾਂ ਵਾਂਗ ਵੇਖਣ ਦਾ ਦਾਅਵਾ ਨਹੀਂ ਕਰਦਾ... । ਮੇਰੇ ਅੰਦਰ ਲਹਿਰਾਂ ਭਰਿਆ ਸਮੁੰਦਰ ਗੋਤਾ ਖਾ ਰਿਹਾ ਹੈ... । ਕਾਵਿਕ ਜਟਿਲਤਾ, ਸਹਿਜ-ਸਧਾਰਨਤਾ ਮੇਰੀ ਕਵਿਤਾ ਸਾਹਮਣੇ ਸਵਾਲ ਹਨ । ਬਹੁਤ ਵਾਰੀ ਸਹਿਜ ਤੇ ਸਪਸ਼ਟਤਾ ਸਾਫ-ਸੁਥਰੀ ਮੂਰਖਤਾ ਦਾ



ਝੋਲਾ ਦਿੰਦੀ ਹੈ, ... ਮੇਰੇ ਕੋਲ ਵੇਖਣ ਦਾ ਇਕ ਸੁਰਾਖ ਹੱਥ ਆਇਆ ਹੈ, ਜੋ ਕਈ ਵਾਰੀ ਤਿਲਕ ਵੀ ਜਾਂਦਾ ਹੈ । ...ਮੇਰੇ ਇਹਨਾਂ 'ਮੂਡ-ਸਕੇਪਾਂ' ਤੇ ਸਵਾਲ ਕਰੋ । ਤੁਹਾਨੂੰ ਤੁਰਦਾ-ਫਿਰਦਾ ਹਰਕਤ ਕਰਦਾ ਜਵਾਬ ਮਿਲੇਗਾ । ਇਹਨਾਂ ਨੂੰ ਸਿਰਫ ਸਾਂਝ ਤੇ ਦੋਸਤੀ ਦੀ ਜ਼ਰੂਰਤ ਹੈ । ਮੈਂ ਹਾਲੇ ਚੁੱਪ ਹਾਂ ! ਬਸ !! (ਹਰਨਾਮ)

ਮੇਰਾ ਖਿਆਲ ਹੈ ਇਸ ਲੰਮੀ ਚੌੜੀ ਭੂਮਿਕਾ ਦੇ ਰਾਹੀਂ ਤੁਸੀਂ ਪਾਠਕ ਦੋਸਤ, ਹਰਨਾਮ ਦੇ ਕਾਵਿ-ਆਂਗਣ ਵਿਚ ਪ੍ਰਵੇਸ਼ ਲਈ ਦਿਮਾਗੀ ਤੌਰ 'ਤੇ ਤਿਆਰ ਹੋ ਗਏ ਹੋਵੋਗੇ । ਉਂਝ ਮੈਂ, ਅੱਕ ਕੇ ਕਦੇ ਕਦੇ, ਤਾਰਾ ਸਿੰਘ ਦੇ ਕਹੇ ਸ਼ਬਦਾਂ ਮਗਰ ਲੱਗ ਕੇ ਤੁਰਨ ਲਈ ਤਿਆਰ ਹੋ ਜਾਂਦਾ ਹਾਂ । ਅਜਿਹੀਆਂ ਪੁਸਤਕਾਂ ਬਾਰੇ ਕਦੇ ਉਸ ਨੇ ਆਪਣੀ ਇਕ ਕਵਿਤਾ ਵਿਚ ਕਿਹਾ ਸੀ :

ਜਿਲਦ-ਕਾਰ ਦੀ ਮਿਹਨਤ ਦੀ ਪ੍ਰਸ਼ੰਸਾ ਕਰਕੇ
ਸੁੱਟ ਦਿਓ ਬਾਰੀ ਚੋਂ, ਬਾਹਰ ਕਿਤਾਬਾਂ । (ਤਾਰਾ ਸਿੰਘ)

ਪਰ ਨਹੀਂ । ਇਸ ਤਰ੍ਹਾਂ ਕਰਨਾ ਸ਼ੋਭਾ ਨਹੀਂ ਦਿੰਦਾ । ਅਜੇ ਤਾਈਂ ਉਸ ਦੀ ਕਵਿਤਾ ਨੂੰ ਸਮਝਣ ਲਈ, ਕਵਿਤਾ ਤੋਂ ਬਾਹਰਲੇ ਸਾਧਨਾਂ ਦਾ ਆਸਰਾ ਲੈਣ ਦੀ ਇਹ ਕੋਸ਼ਿਸ਼ ਠੀਕ ਨਹੀਂ । ਕਵਿਤਾ ਨੂੰ ਸਮਝਣ ਲਈ. ਹੋਰ ਚੋਰ ਦਰਵਾਜ਼ੇ ਛੱਡ, ਖੁਦ ਕਵਿਤਾ ਦਾ ਆਸਰਾ ਲੈਣਾ ਪਵੇਗਾ ।

ਆਓ ਉਸ ਨੂੰ, ਉਸ ਦੀਆਂ ਕਵਿਤਾਵਾਂ ਰਾਹੀਂ, ਸਮਝਣ ਤੇ ਜੇ ਹੋ ਸਕੇ, ਮਾਨਣ ਦਾ ਯਤਨ ਕਰੀਏ । ਜੇ ਮੁੱਲਾਂ ਸਬਕ ਨਾ ਦੇਵੇਗਾ, ਘਰ ਮੁੜਨ ਦੀ ਆਗਿਆ ਤਾਂ ਦੇ ਦੇਵੇਗਾ ।

ਉਂਝ ਦੋਸਤਾਂ ਦੱਸਿਆ ਹੈ ਕਿ ਇਸ ਸੰਗ੍ਰਹਿ ਵਿਚ, ਕਈ ਕਵਿਤਾਵਾਂ, "ਨੇਤਰ ਕੰਕਾਲ" ਵਾਲੀਆਂ ਹਨ । ਮੈਂ ਉਸ ਦੀ ਪਹਿਲੀ ਪੁਸਤਕ ਨਹੀਂ ਪੜ੍ਹੀ । ਇਸ ਲਈ ਦਾਹਵੇ ਨਾਲ ਨਹੀਂ ਕਹਿ ਸਕਦਾ ਕਿ ਕਿਹੜੀਆਂ ਕਵਿਤਾਵਾਂ ਦੁਬਾਰਾ ਛਾਪੀਆਂ ਗਈਆਂ ਹਨ । ਐਪਰ ਜੇ ਹਰਨਾਮ ਨੇ ਇੰਝ ਕੀਤਾ ਹੈ, ਤਾਂ ਚੰਗਾ ਨਹੀਂ ਕੀਤਾ । ਜੇ ਕਵਿਤਾਵਾਂ ਵਿਚ, ਕਵਿਤਾ ਵਾਲੀ ਕੋਈ ਗੱਲ ਹੁੰਦੀ ਤਾਂ ਪਹਿਲੀ ਵੇਰ ਹੀ ਪਾਠਕਾਂ ਨੇ ਪ੍ਰਵਾਨ ਅਥਵਾ ਕਬੂਲ ਕਰ ਲੈਣੀਆਂ ਸਨ ।

ਪੁਸਤਕ ਦੇ ਪਹਿਲੇ ਭਾਗ ਵਿਚ ਕੁਝ ਮੂਡ-ਸਕੇਪ ਹਨ । ਇਹ ਕੋਈ ਚਾਲੀ ਦੇ ਕਰੀਬ ਹਨ । ਲੈਂਡ-ਸਕੇਪ ਤੇ ਸੀ-ਸਕੇਪ ਤਾਂ ਸੁਣੇ ਸਨ, ਪਰ ਇਹ ਮੂਡ-ਸਕੇਪ !! ਚਲੋ ਕੋਈ ਗੱਲ ਨਹੀਂ । ਨਾਂ ਵਿਚ ਕੀ ਪਿਆ ਹੈ । ਗੱਲ ਤਾਂ ਕਵਿਤਾ ਦੀ ਹੈ ।

ਹਰਨਾਮ ਆਧੁਨਿਕ ਕਵੀ ਹੈ, ਉਸ ਵਿਚ ਪ੍ਰਤਿਭਾ ਵੀ ਹੈ । ਪਰ ਗੱਲ ਕਰਨ ਦਾ ਸਲੀਕਾ ਨਹੀਂ । ਜਾਂ ਸ਼ਾਇਦ ਗੱਲ ਹੈ ਹੀ ਨਹੀਂ ਕੋਈ ਪੱਲੇ । ਵੀਹਵੀਂ ਸਦੀ ਵਿਦਾਰਾਂ ਦੇ ਜੰਗ ਦੀ ਸਦੀ ਹੈ । ਨਿਰੀਆਂ ਪੁੱਠੀਆਂ ਸਿੱਧੀਆਂ ਬੇਸਿਰ ਪੈਰ ਗੱਲਾਂ ਕਰੀ ਜਾਣ ਦੀ ਸਾਰਥਕਤਾ ਹੀ ਕੀ ? ਹਰਨਾਮ ਦੀ ਹਾਲਤ ਇਕ ਮਾਨਸਿਕ ਰੋਗੀਵਾਲੀ ਹੈ । ਉਸ ਨੂੰ ਕਿਸੇ ਗੱਲ 'ਤੇ ਭਰੋਸਾ ਨਹੀਂ । ਨਾ ਭੂਤ, ਨਾ ਵਰਤਮਾਨ ਤੇ ਨਾ ਭਵਿੱਖ ਉਤੇ । ਉਸ ਨੂੰ ਮਿੱਤਰ, ਸੰਗੀ ਸਾਥੀ 'ਤੇ ਤਾਂ ਕੀ, ਆਪਣੇ ਆਪ 'ਤੇ ਵੀ ਭਰੋਸਾ ਨਹੀਂ । ਤੁਸੀਂ ਉਸ ਨੂੰ

ਲੱਖ ਧੀਰਜ ਬੰਨ੍ਹਾਓ, ਉਹ ਦਿਲ ਨਹੀਂ ਧਰਦਾ । ਉਹ ਤਾਂ ਆਪਣੇ ਹੀ ਸ਼ੰਕਿਆ ਦੇ ਭਾਰ ਹੇਠ ਨਿਘਰਦਾ ਜਾਂਦਾ ਹੈ । ਆਓ ਕੁਝ ਟੂਕਾਂ ਦਾ ਸਹਾਰਾ ਲਈਏ :

ਜੇ ਮੈਂ ਆਪਣੀ ਦੇਹ ਤੋਂ ਕੋਈ ਕੰਮ ਲੈਣਾ ਹੋਵੇ, ਤਾਂ...
ਮੈਂ ਇਹਨੂੰ ਖਿੜਕੀ ਤੋਂ ਬਾਹਰ ਸੁੱਟ ਦਿਆਂ (ਪੰਨਾ 13)
ਕੀ ਮੇਰਾ ਇਕ ਆਪਣਾ ਸਿਰ ਉਗੇਗਾ
ਮੇਰੇ ਆਪਣੇ ਲਈ ਹੀ ਜਿਸ ਵਿਚ ਜ਼ਹਿਰ ਹੋਵੇ ।
ਹਾਂ, ਲੱਤਾਂ ਜ਼ਰੂਰ ਉਗਣਗੀਆਂ, ਮੈਂ ਦੁਲੱਤੀ ਮਾਰ ਸਕਾਂਗਾ (ਪੰਨਾ 15)
ਮੈਨੂੰ ਇਹ ਪਰਵਾਹ ਨਹੀਂ
ਕਿ ਮੈਂ ਕੀ ਬੋਲ ਰਿਹਾ ਹਾਂ । (ਪੰਨਾ 17)
ਪਰ ਮੈਂ ਹੈਰਾਨ ਹਾਂ
ਰਾਤੋ-ਰਾਤ ਸਭ ਬੱਕਰੀਆਂ ਨੂੰ ਕਿਵੇਂ ਪਤਾ ਲੱਗ ਗਿਆ
ਕਿ ਮੇਰੀਆਂ ਲੱਤਾਂ 'ਤੇ ਛਟਾਲੇ ਦੇ ਖੇਤ ਉਗ ਆਏ ਹਨ ।
ਹੁਕਮ ਕਰੋ ? ਸ਼ਹੀਦਾਂ ਦੇ ਬੁੱਤ ਤੋੜ ਦਿਆਂ ?
ਪਰ ਤੁਹਾਡਾ ਭਾਵ ਭਰਮ, ਕਿਹੜੇ ਦਰ 'ਤੇ ਜਾ ਕੇ ਊਂਘੇਗਾ-(ਪੰਨਾ 95)
ਖੁਸ਼ਵੰਤ ! ਕੁੱਤੇ ਭੌਂਕਦੇ ਹਨ-ਕਦੇ ਕਦੇ
ਹੋਰ ਸਾਹਿਤਕ ਕੁੱਤਿਆਂ ਨੂੰ ਭੌਂਕਣ ਲਈ ਮਜਬੂਰ ਕਰਦੇ ਹਨ ।
ਅੱਲਾਹ । ਮੈਨੂੰ ਬਚਾਓ ।
ਖੁਸ਼ਵੰਤ ਦੇ ਘਟੀਆ ਲਤੀਫਿਆਂ ਤੋਂ
ਕੁਲਦੀਪ ਨਈਅਰ ਦੀ ਤੁਚਾ 'ਤੇ ਚੜ੍ਹੀ
ਚਰਬੀ ਨੂੰ ਹੀ ਉਤਾਰ ਦਿਓ । (ਪੰਨਾ 98)
ਮਰਨ ਲੱਗਿਆਂ ਮੇਰੇ ਕੋਲ ਇਕ ਕੱਦੂ ਜ਼ਰੂਰ ਧਰ ਦੇਣਾ
ਤਾਂਕਿ ਸਨਦ ਰਹੇ ਕਿ ਲੰਮੀ ਉਮਰ ਮੈਂ ਕੀ ਬਣ ਕੇ ਜੀਵਿਆਂ ਹਾਂ ।

ਇਹ ਪੰਗਤੀਆਂ ਚੁਣ ਚੁਣ ਕੇ ਇਕੱਠੀਆਂ ਕੀਤੀਆਂ ਤਾਂ ਕਿ ਪਾਠਕ ਹਰਨਾਮ ਦੀ "ਚਕਾ ਚੌਂਧ" ਕਰਨ ਵਾਲੀ ਸ਼ਾਇਰੀ ਤੋਂ ਪਰੀਚਿਤ ਹੋ ਜਾਣ । ਹਰਨਾਮ ਇਕ ਕਵਿਤਾ ਵਿਚ ਕਈ ਕਵਿਤਾਵਾਂ ਪੇਸ਼ ਕਰਦਾ ਹੈ । ਜੇ ਹਰ ਪੈਰੇ ਨੂੰ ਵੱਖਰੀ ਲਘੂ ਕਵਿਤਾ ਦਾ ਸਿਰਲੇਖ ਦੇ ਦਿੰਦਾ, ਤਾਂ ਉਹਨਾਂ ਵਿਦਵਾਨਾਂ ਦੇ ਕਹਿਣ ਲਈ ਕਾਫੀ ਵਧੀਆ ਬਹਾਨਾ ਮਿਲ ਜਾਣਾ ਸੀ, ਜਿਹੜੇ ਅਜਿਹੀ ਕਵਿਤਾ ਨੂੰ ਪੰਜਾਬੀ ਕਵਿਤਾ ਦਾ "ਸੁਭਾਗ" ਸਮਝ ਰਹੇ ਹਨ । ਹਰਨਾਮ ਦੀ ਕਵਿਤਾ ਦੇ ਪਾਠ ਤੋਂ ਨਿਰਾਸਤਾ, ਖਿੱਝ, ਤੇ ਉਦਾਸੀ ਉਪਜਦੀ ਹੈ । ਪ੍ਰਸ਼ਨ ਉੱਠਦਾ ਹੈ ਕਿ ਹਰਨਾਮ ਦਾ ਪਾਠਕ ਕਦੋਂ ਜਨਮ ਧਾਰੇਗਾ । ਕੀ ਉਹ ਇਹ ਰਚਨਾਵਾਂ ਭਵਿੱਖ ਦੇ ਕਲਾ-ਰਸੀਆਂ ਲਈ ਲਿਖ ਰਿਹਾ ਹੈ ?

ਉਸ ਦੀ ਕਿਸੇ ਇਕ ਕਵਿਤਾ ਵਿਚ ਵੀ ਖਿਆਲ ਦੀ ਨਿਰੰਤਰਤਾ ਨਹੀਂ । ਹਰ ਕਵਿਤਾ ਟੁਕੜੇ ਟੁਕੜੇ ਹੋਈ ਪਈ ਹੈ । ਇਕ ਟੁਕੜੇ ਅਥਵਾ



ਬੰਦ ਦਾ, ਦੂਸਰੇ ਬੰਦ ਨਾਲ ਕੋਈ ਵਿਚਾਰਾਤਮਕ ਰਿਸ਼ਤਾ ਨਹੀਂ । ਕੋਈ ਕੋਈ ਸਤਰ, ਅੱਧ-ਪਚੱਧੀ, ਚਮਕ ਜੇਹੀ ਪੈਦਾ ਕਰਦੀ ਹੈ, ਕਿਸੇ ਸ਼ਬਦ ਦੀ ਮੌਲਿਕ ਵਰਤੋਂ ਧਿਆਨ ਖਿੱਚਦੀ ਹੈ । ਕੋਈ ਕੋਈ ਕਾਵਿਕ-ਬਿੰਬ ਅੱਧਾ-ਅਧੂਰਾ ਨਜ਼ਰੀਂ ਪਵੇਗਾ । ਪਰ ਸਮੁੱਚੀ ਕਵਿਤਾ, ਸਾਰੇ ਸੰਗ੍ਰਹਿ ਵਿਚ ਇਕ ਵੀ ਅਜਿਹੀ ਨਹੀਂ ਜਿਹੜੀ ਸਾਰੀ ਦੀ ਸਾਰੀ, ਪਾਠਕ ਨੂੰ ਪ੍ਰਭਾਵਤ ਕਰੇ । ਅਜਿਹੇ ਸਾਹਿਤ ਦੀ ਕੀ ਸਾਰਥਕਤਾ ਹੈ, ਜਿਹੜਾ ਇਕ ਪਾਠਕ ਵੀ ਆਪਣੇ ਨਾਲ ਨਹੀਂ ਜੋੜਦਾ । ਤੇ ਨਾ ਹੀ ਪਿਛਲੇ ਤੀਹਾਂ ਸਾਲਾਂ ਵਿਚ ਜੋੜ ਸਕਿਆ ਹੈ ।

ਪੁਸਤਕ ਸੋਹਣੀ ਛਪੀ ਹੈ ਤੇ ਛਾਪੀ ਵੀ ਆਰਸੀ ਪ੍ਰਕਾਸ਼ਨ ਦਿੱਲੀ ਵਾਲਿਆਂ ਨੇ ਹੈ । ਕੀਮਤ ਰੱਖੀ ਹੈ 55 ਰੁਪਏ । ਇਸ ਦੀ ਕੀਮਤ ਨਹੀਂ ਸੀ ਰੱਖਣੀ ਚਾਹੀਦੀ । ਅਜਿਹੀਆਂ ਪੁਸਤਕਾ ਮੁਫਤ ਵੰਡਣੀਆਂ ਚਾਹੀਦੀਆਂ ਹਨ । ਸ਼ਰਤ ਸਿਰਫ ਇਕੋ ਚਾਹੀਦੀ ਹੈ ਕਿ ਇਸ ਨੂੰ ਪੜ੍ਹਨਾ ਲਾਜ਼ਮੀ ਹੋਵੇ । ਪਰ ਇਕ ਹੋਰ ਚੱਕਰ ਵੀ ਹੈ ਨਾ, ਦਿੱਲੀ ਵਾਲਿਆਂ ਦਾ । ਪੰਜਾਬੀ ਅਕਾਡਮੀ ਦਿੱਲੀ ਨੇ, ਦਿੱਲੀ ਵਿਚ ਛਪੀ ਹਰ ਪੁਸਤਕ ਦੀਆਂ ਦੋ ਸੌ ਕਾਪੀਆਂ ਖਰੀਦਣੀਆਂ ਹਨ । ਇਝ ਕੀਤਿਆਂ ਪ੍ਰਕਾਸ਼ਕ ਦਾ ਖਰਚਾ ਨਿਕਲ ਆਉਂਦਾ ਹੈ । ਹਰਨਾਮ ਵਰਗਿਆਂ ਨੂੰ ਇਹ ਤਸੱਲੀ ਤਾਂ ਹੈ ਕਿ ਦੋ ਸੌ ਤਾਂ ਵਿਕੀ । ਬਾਕੀ ਭਾਵੇਂ ਮੁਫਤ ਵੰਡੀ ਜਾਵੇ ।

ਪੁਸਤਕ ਦਾ ਟਾਈਟਲ, ਗੈੱਪ-ਅੱਧ ਸੁਹਣੀ ਹੈ । ਜਿਲਦਕਾਰ ਨੇ ਮਿਹਨਤ ਕੀਤੀ ਹੈ, ਪਰ ਸ਼ਾਇਰੀ ? ਸ਼ਾਇਰੀ ਅਲੋਪ ਹੈ ।

ਜੇ "ਆਦਿਕਾ" ਅਜੇਹੀ ਹੈ । ਤਾਂ ਅੰਤਿਕਾ" ਕੈਸੀ ਹੋਵਗੀ ।

[ਪਿੰਡ ਫੱਤੂ ਚੱਕ, ਡਾ: ਢਿਲਵਾਂ, ਜ਼ਿਲਾ ਕਪੂਰਥਲਾ]

## ਪ੍ਰਾਪਤ ਪੁਸਤਕਾਂ 0

1. ਚੋਣ ਹਲਕਾ ਪਾਇਲ [ਨਾਵਲ] ਨਿੰਦਰ ਗਿੱਲ
   ਪੰਨੇ 351, ਮੁੱਲ 65 ਰੁਪਏ, ਲੋਕਗੀਤ ਪ੍ਰਕਾਸਨ, ਸਰਹਿੰਦ
2. ਫਰਸ਼ ਵਿਚ ਉਗਿਆ ਰੁੱਖ [ਨਾਟਕ] ਆਤਮਜੀਤ
   ਪੰਨੇ 71, ਮੁੱਲ 35 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
3. ਅੰਦਰਲੀਆਂ ਗੱਲਾਂ [ਲੇਖਕਾਂ ਦੀਆਂ ਪਤਨੀਆਂ ਨਾਲ ਮੁਲਾਕਾਤਾਂ] ਰਾਮ ਸਰੂਪ ਅਣਖੀ
   ਪੰਨੇ 152, ਮੁੱਲ 30 ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿੱਲੀ
4, ਸ਼ੁਤਰ ਮੁਰਗ [ਕਹਾਣੀ ਸੰਗ੍ਰਹਿ] ਜੋਗਿੰਦਰ ਸਿੰਘ ਨਿਰਾਲਾ
   ਪੰਨੇ 142, ਮੁੱਲ 40 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
5. ਜ਼ਹਿਰ ਦਾ ਘੁੱਟ [ਕਹਾਣੀ ਸੰਗ੍ਰਹਿ] ਭੋਲਾ ਸਿੰਘ ਸੰਘੇੜਾ
   ਪੰਨੇ 91, ਮੁੱਲ 20 ਰੁਪਏ, ਮਿੱਤਰ ਮੰਡਲ ਪ੍ਰਕਾਸ਼ਨ, ਬਰਨਾਲਾ
6. ਉਡੀਕ ਦੀ ਉਮਰ [ਕਾਵਿ ਸੰਗ੍ਰਹਿ] ਜੁਗਿੰਦਰ ਅਮਰ
   ਪੰਨੇ 80, ਮੁੱਲ 50 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
7. ਨਿਰਵਾਣ ਦੀ ਤਲਾਸ਼'ਚ [ਕਾਵਿ ਸੰਗ੍ਰਹਿ] ਅਮਰਜੀਤ ਕੌਂਕੇ
   ਪੰਨੇ 88, ਮੁੱਲ 30 ਰੁਪਏ, ਨਿਊਏਜ ਬੁੱਕ ਸੈਂਟਰ, ਅੰਮ੍ਰਿਤਸਰ
8. ਚਿੰਤਨ ਤੇ ਖੁਸ਼ਬੋ [ਕਾਵਿ ਸੰਗ੍ਰਹਿ] ਮਹਿਮਾ ਸਿੰਘ
   ਪੰਨੇ 99, ਮੁੱਲ 40 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪੁਸਤਕ ਰੀਵੀਊ

## ਬੰਧਨ ਤੇ ਸਰਾਪ [ਮਨਜੀਤ ਪਾਲ ਕੌਰ]

ਪੰਜਾਬੀ ਕਵਿਤਾ ਤੇ ਗਲਪ ਵਿਚ ਔਰਤ ਦੇ ਮਨ ਨੂੰ ਔਰਤ ਦੁਆਰਾ ਹੀ ਅਭਿਵਿਅਕਤ ਕਰਨ ਦੀ ਖਾਮੀ ਪਛਾਨਣਯੋਗ ਪਰੰਪਰਾ ਹੈ। ਪਰ ਨਾਟਕ ਦੇ ਖੇਤਰ ਵਿਚ ਇਹ ਕਾਰਜ ਹੁਣ ਤਕ ਮਰਦ ਨਾਟਕਕਾਰਾਂ ਨੇ ਹੀ ਨਿਭਾਇਆ ਹੈ। ਸ਼ਾਇਦ ਹੀ ਕੋਈ ਨਾਟਕਕਾਰ ਹੋਵੇਗਾ ਜਿਸ ਨੇ ਪੰਜਾਬੀ ਸਮਾਜ ਵਿਚ ਨਾਰੀ ਦੀ ਪੀੜਾ ਤੇ ਉਸ ਪੀੜਾ ਵਿਚੋਂ ਮੁਕਤ ਹੋਣ ਲਈ ਉਸ ਦੁਆਰਾ ਕੀਤੇ ਜਾਂਦੇ ਸੰਘਰਸ਼ ਦੀ ਬਾਤ ਆਪਣੀਆਂ ਰਚਨਾਵਾ ਵਿਚ ਨਾ ਪਾਈ ਹੋਵੇ। ਨੰਦਾ ਤੋਂ ਲੈ ਕੇ ਅੱਜ ਤਕ ਔਰਤ ਪੰਜਾਬੀ ਨਾਟਕ ਦਾ ਇਕ ਅਤਿਅੰਤ ਮਹੱਤਵਪੂਰਨ ਵਿਸ਼ਾ ਰਿਹਾ ਹੈ। ਭਾਵੇਂ ਇਸ ਵਿਸ਼ੇ ਦੇ ਚਿਤਰਣ ਸਮੇਂ ਨਾਟਕ-ਕਾਰਾਂ ਨੇ ਕੁੱਲ ਮਿਲਾ ਕੇ ਸੁਹਿਰਦਤਾ ਅਤੇ ਗੰਭੀਰਤਾ ਤੋਂ ਹੀ ਕੰਮ ਲਿਆ ਹੈ ਪਰ ਨਾਰੀ-ਮਨ ਦੀਆਂ ਪਰਤਾਂ ਨੂੰ ਫਰੋਲਦਿਆਂ ਉਸ ਦਾ ਮਰਦ-ਬਾਇਸ ਜਾਂ ਉਸ ਦੇ ਅੰਤਰੀਵ ਸੱਚ ਦੀ ਪਛਾਣ ਵਿਚ ਕਿਸੇ ਵਿੱਥ ਦਾ ਰਹਿ ਜਾਣਾ ਵੀ ਐਨ ਸੁਭਾਵਕ ਹੀ ਹੈ। ਮਿਸਾਲ ਦੇ ਤੌਰ 'ਤੇ ਡਾ: ਹਰਚਰਨ ਸਿੰਘ ਨੇ ਆਪਣੇ ਪ੍ਰਸਿੱਧ ਨਾਟਕ 'ਸ਼ੋਭਾ ਸ਼ਕਤੀ' ਵਿਚ ਆਪਣੇ ਚਿੱਤੋਂ ਤਾਂ ਔਰਤ ਦੀ ਆਜ਼ਾਦੀ ਦੀ ਗੱਲ ਕੀਤੀ ਹੈ ਪਰ ਆਪਣੇ ਸਮੁੱਚੇ ਪ੍ਰਭਾਵ ਵਿਚ ਉਹ ਨਾਟਕ ਔਰਤ ਨੂੰ ਪਰਿਸਥਿਤੀਆਂ ਦੀ ਗੁਲਾਮ ਹੀ ਬਣਾ ਕੇ ਰੱਖ ਦੇਂਦਾ ਹੈ।

ਮਨਜੀਤ ਪਾਲ ਕੌਰ ਦਾ ਪੰਜਾਬੀ ਨਾਟਕ ਵਿਚ ਪ੍ਰਵੇਸ਼ ਇਕ ਤੋਂ ਵੱਧ ਕਾਰਨਾਂ ਕਰਕੇ ਮਹੱਤਵ ਵਾਲਾ ਹੈ। ਪੰਜਾਬੀ ਨਾਟਕ ਨੂੰ ਨਾਰੀ ਲੇਖਕਾਂ ਤਾਂ ਮਿਲੀਆਂ ਹਨ ਪਰ ਉਨ੍ਹਾਂ ਦਾ ਨਾਟ-ਕਰਮ ਜਾਂ ਤਾਂ ਗੰਭੀਰਤਾ ਨੂੰ ਗ੍ਰਹਿਣ ਨਹੀਂ ਕਰਦਾ ਤੇ ਜਾਂ ਫਿਰ ਉਸ ਵਿਚ ਨਿਰੰਤਰਤਾ ਦਾ ਅਭਾਵ ਹੈ। ਸ਼ੀਲਾ ਭਾਟੀਆ ਦਾ ਮੁੱਖ ਸਰੋਕਾਰ ਪੇਸ਼ਕਾਰੀ ਨਾਲ ਹੈ, ਲੇਖਣ ਨਾਲ ਨਹੀਂ। ਉਸ ਦੀਆਂ ਰਚਨਾਵਾਂ ਪ੍ਰਕਾਸ਼ਿਤ ਨਾ ਹੋਣ ਕਾਰਣ ਵੀ ਉਸ ਦਾ ਇਕ ਲੇਖਕ ਵਜੋਂ ਕੋਈ ਨਿਸਚਿਤ ਬਿੰਬ ਨਹੀਂ ਬਣ ਸਕਿਆ। ਅਵਤਾਰ ਕੌਰ ਜਵੰਦਾ ਨੇ ਕਈ ਨਾਟਕ ਲਿਖੇ ਤੇ ਪ੍ਰਕਾਸ਼ਿਤ ਕਰਵਾਏ ਹਨ ਪਰ ਉਸ ਦੇ ਨਾਟਕਾਂ ਦੀ ਕੋਈ ਸੁਤੰਤਰ ਪਛਾਣ ਅਜੇ ਤਕ ਨਹੀਂ ਕਾਇਮ ਹੋ ਸਕੀ। ਇਵੇਂ ਹੀ ਮੋਹਨਜੀਤ ਪੂਨਮ ਤੇ ਨਵਨਿੰਦਰਾ ਬਹਿਲ ਦੇ ਯਤਨ ਆਪਣੀ ਸਾਰਥਕਤਾ ਨੂੰ ਸਥਾਪਿਤ ਕਰਨ ਤੋਂ ਪਹਿਲਾਂ ਹੀ ਬੰਦ ਹੋ ਗਏ ਜਾਪਦੇ ਹਨ। ਇਸ ਪ੍ਰਕਾਰ ਦੇ ਮਾਹੌਲ ਵਿਚ ਮਨਜੀਤ ਪਾਲ ਦੀ ਦੂਸਰੀ ਨਾਟ ਪੁਸਤਕ (ਬੰਧਨ ਤੇ ਸਰਾਪ, ਪੰਨੇ 88, ਮੁੱਲ 30 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਦਾ ਪ੍ਰਕਾਸ਼ਨ ਇਕ ਸੁਖਦ ਅਨੁਭਵ ਹੈ। ਥੋੜ੍ਹਾ ਸਮਾਂ ਪਹਿਲਾਂ ਹੀ ਉਸ ਦੇ ਕਾਵਿ-ਨਾਟਕ 'ਸਾਹਿਬਾਂ' ਦਾ ਪ੍ਰਕਾਸ਼ਨ ਹੋਇਆ ਸੀ ਤੇ ਹੁਣ 'ਬੰਧਨ ਤੇ ਸਰਾਪ' ਵਿਚ ਉਸ ਨੇ ਇਨ੍ਹਾਂ ਹੀ ਨਾਵਾਂ ਦੇ ਦੋ ਨਾਟਕ ਪੰਜਾਬੀ ਪਾਠਕਾਂ ਤੇ ਰੰਗਕਰਮੀਆਂ ਲਈ ਪੇਸ਼ ਕੀਤੇ ਹਨ। ਮਨਜੀਤ ਪਾਲ ਨੇ ਪਿਛਲੇ ਛੇ ਸੱਤ ਸਾਲਾਂ ਤੋਂ ਨਾ ਕੇਵਲ ਪੰਜਾਬੀ



ਨਾਟਕ ਦਾ ਯੂਨੀਵਰਸਿਟੀ ਪੱਧਰ 'ਤੇ ਅਧਿਆਪਨ ਹੀ ਕੀਤਾ ਹੈ ਸਗੋਂ ਕਈ ਸ਼ੋਧ-ਕਾਰਜ ਵੀ ਕਰਵਾਏ ਹਨ ਇਵੇਂ ਉਹ ਨਾਟਕ ਦੇ ਅਕਾਦਮਿਕ ਪੱਖ ਨਾਲ ਵੀ ਪੂਰੀ ਤਰ੍ਹਾਂ ਨਾਲ ਜੁੜੀ ਹੋਈ ਹੈ। ਭਾਵੇਂ ਮੂਲ ਰੂਪ ਵਿਚ ਉਹ ਇਕ ਸ਼ਾਇਰਾ ਹੈ ਤੇ ਉਸ ਨੇ ਆਪਣੀਆਂ ਕਵਿਤਾਵਾਂ ਦਾ ਇਕ ਸੰਗ੍ਰਹਿ ਵੀ ਛਪਵਾਇਆ ਹੈ ਪਰ 'ਬੰਧਨ ਤੇ ਸਰਾਪ' ਰਾਹੀਂ ਉਸ ਅੰਦਰਲਾ ਗੱਦ-ਨਾਟਕਕਾਰ ਵੀ ਬਾਹਰ ਆਇਆ ਹੈ। 'ਸਾਹਿਬਾਂ' ਦੀ ਭਾਂਤ 'ਸਰਾਪ' ਵੀ ਇਕ ਕਾਵਿ-ਨਾਟਕ ਹੈ ਪਰ 'ਬੰਧਨ' ਗੱਦ ਨਾਟ-ਰਚਨਾ ਹੈ। ਮਨਜੀਤ ਪਾਲ ਦੇ ਨਾਟਕਾਂ ਦੀ ਹੁਣ ਤਕ ਦੀ ਵਡੇਰੀ ਪਛਾਣ ਇਹ ਹੈ ਕਿ ਉਸ ਨੇ ਇਨ੍ਹਾਂ ਤਿੰਨਾਂ ਹੀ ਰਚਨਾਵਾਂ ਵਿਚ ਔਰਤ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਜਿਸ ਜੁਰਅਤ ਤੇ ਜ਼ੋਰ ਨਾਲ ਉਹ ਆਪਣੀਆਂ ਰਚਨਾਵਾਂ ਵਿਚ ਔਰਤ ਦੇ ਪੱਖ ਨੂੰ ਚਿਤਰ ਰਹੀ ਹੈ, ਉਹ ਉਸਨੂੰ ਇਕ ਵੱਖਰੇ ਅੰਦਾਜ਼ ਵਾਲੀ ਨਾਟਕਕਾਰ ਸਥਾਪਿਤ ਕਰਨ ਦੇ ਸਮਰੱਥ ਹੈ ਮੈਨੂੰ ਉਸ ਦੇ ਕਾਵਿ-ਨਾਟਕਾਂ ਨਾਲੋਂ ਗੱਦ ਨਾਟਕ 'ਬੰਧਨ' ਨੇ ਵਧੇਰੇ ਪ੍ਰਭਾਵਿਤ ਕੀਤਾ ਹੈ ਅਤੇ ਮੈਂ ਇਸੇ ਹੀ ਰੂਪ ਵਿਚ ਉਸ ਦਾ ਮਹੱਤਵ ਪਛਾਣ ਰਿਹਾ ਹਾਂ। ਇਸ ਦੇ ਇਕ ਦੋ ਕਾਰਨ ਹਨ। ਪਹਿਲਾਂ ਤਾਂ ਇਹ ਕਿ ਪੰਜਾਬੀ ਵਿਚ ਭਾਵੇਂ ਗਿਣਤੀ ਪੱਖੋਂ ਬਹੁਤ ਹੀ ਜ਼ਿਆਦਾ ਕਾਵਿ-ਨਾਟਕ ਲਿਖੇ ਗਏ ਅਤੇ ਰਵਿੰਦਰ ਰਵੀ, ਅਜਾਇਬ ਕਮਲ, ਦੀਦਾਰ ਸਿੰਘ ਆਦਿ ਕਵੀਆਂ ਨੇ ਇਸ ਦਿਸ਼ਾ ਵੱਲ ਚੋਖਾ ਕੰਮ ਕੀਤਾ ਹੈ ਪਰ ਅਜੇ ਤਕ ਵੀ ਅਜਿਹੇ ਨਾਟਕਾਂ ਦੇ ਮੰਚਣ ਦੀ ਕੋਈ ਮਾੜੀ ਮੋਟੀ ਪਰੰਪਰਾ ਵੀ ਕਾਇਮ ਨਹੀਂ ਹੋ ਸਕੀ। ਦੂਜਾ ਕਾਰਨ ਇਹ ਹੈ ਕਿ ਕਵਿਤਾ ਜਿਸ ਕਿਸਮ ਦੀ ਅੰਤਰਮੁਖਤਾ ਸਿਰਜਦੀ ਹੈ ਉਸ ਨੂੰ ਨਾਟਕੀ ਭਵਿਖਮੁਖਤਾ ਤੇ ਕਾਰਜਸ਼ੀਲਤਾ ਵਿਚ ਪਰਿਵਰਤਿਤ ਕਰ ਸਕਣਾ ਵੱਡੇ ਅਨੁਭਵ ਤੇ ਥੀਏਟਰ-ਕੁਸ਼ਲਤਾ ਦੀ ਮੰਗ ਕਰਦਾ ਹੈ ਜਿਸ ਨੂੰ ਕਿ ਅਜੇ ਮਨਜੀਤਪਾਲ ਨੇ ਪ੍ਰਾਪਤ ਕਰਨਾ ਹੈ। ਉਂਜ ਵੀ ਔਰਤ ਅਤੇ ਮਰਦ ਦੇ ਸੰਬੰਧਾਂ ਦਾ ਜੋ ਤਰਕ ਉਹ ਉਸਾਰਨਾ ਚਾਹੁੰਦੀ ਹੈ ਉਸ ਦੀਆਂ ਸੰਭਾਵਨਾਵਾਂ ਅਤੇ ਮਹੱਤਵ ਗੱਦ ਵਿਚ ਹੀ ਹੈ ਕਾਵਿ ਵਿਚ ਨਹੀਂ। ਖੁਸ਼ਕਿਸਮਤੀ ਨੂੰ ਉਸ ਕੋਲ ਇਕ ਬਹੁਤ ਹੀ ਸੂਖਮ ਭਾਂਤ ਦਾ ਵਿਅੰਗ ਵੀ ਹੈ ਜਿਸ ਨਾਲ ਉਹ ਮਰਦ ਦੇ ਕਿਰਦਾਰ ਨੂੰ ਜ਼ਬਰ-ਦਸਤ ਝਟਕੇ ਦੇਂਦੀ ਹੈ। ਇਸ ਵਿਅੰਗ ਵਿਧੀ ਦੇ ਪ੍ਰਯੋਗ ਦਾ ਵੀ ਗੱਦ ਵਿਚ ਵਧੇਰੇ ਸੰਭਾਵਨਾ ਹੈ। ਇਸ ਸੰਭਾਵਨਾ ਨੂੰ ਕਵਿਤਾ ਵਿਚੋਂ ਵੀ ਖਾਰਜ ਨਹੀਂ ਕੀਤਾ ਜਾ ਸਕਦਾ ਪਰ ਇਹ ਮੰਨਣਾ ਹੀ ਪਵੇਗਾ ਕਿ ਥੀਏਟਰ ਇਕ ਸਾਮੂਹਿਕ ਅਤੇ ਜੀਵੰਤ ਕਲਾ ਹੋਣ ਕਾਰਣ ਇਸ ਦਾ ਪਿੰਡਾ ਕਵਿਤਾ ਜਿੰਨਾ ਸੂਖਮ ਨਹੀਂ ਹੋ ਸਕਦਾ, ਵਿਸ਼ੇਸ਼ ਕਰਕੇ ਸਾਡੇ ਸਮਕਾਲੀ ਥੀਏਟਰ ਵਿਚ।

'ਬੰਧਨ' ਵਿਚ ਮਨਜੀਤ ਪਾਲ ਇਕ ਪੜ੍ਹੀ-ਲਿਖੀ ਔਰਤ ਦੇ ਦੁਆਲੇ ਪਸਰੇ ਸੁਸਿ-ਖਿਅਤ ਮਰਦ ਸਮਾਜ ਦੀਆਂ ਹਿਰਸੀ ਰੁਚੀਆਂ ਨੂੰ ਆਪਣੇ ਵਿਅੰਗ ਦਾ ਖੂਬਸੂਰਤ ਨਿਸ਼ਾਨਾ ਬਣਾਉਂਦੀ ਹੈ ਅਤੇ ਦਸਦੀ ਹੈ ਕਿ ਸਿਖਿਆ, ਸਾਹਿਤ, ਕਲਾ ਤੇ ਸੰਚਾਰ ਮਾਧਿਅਮਾਂ ਨਾਲ ਸੰਬੰਧ ਰੱਖਣ ਵਾਲੇ ਅਖੌਤੀ ਬੁੱਧੀਜੀਵੀ ਕਿਸੇ ਵੀ ਖੂਬਸੂਰਤ ਔਰਤ ਨੂੰ ਦੇਖ ਕੇ ਕਿਵੇਂ ਉਸ ਦੀ ਸਵਾਰਥਾਂ ਵਿਚ ਗ੍ਰੱਸੀ ਪ੍ਰਸ਼ੰਸਾ ਕਰਦੇ ਹਨ। ਮਨਜੀਤ ਪਾਲ ਦੀ ਇਸ ਕੋਸ਼ਿਸ਼ ਵਿਚ ਉਸ ਦਾ ਮਨੋਰਥ ਕੇਵਲ ਇਕ ਸ਼੍ਰੇਣੀ ਵਿਸ਼ੇਸ਼ ਦੇ ਮਰਦਾਂ ਦੀ ਅਸਲੀਅਤ ਤੋਂ ਹੀ ਪਰਦਾ ਚੁੱਕਣਾ

ਨਹੀਂ ਜਾਪਦਾ ਬਲਕਿ ਉਹ ਸਾਡੇ ਸਮਾਜ ਵਿਚ ਔਰਤ ਦੀ ਸਮੁੱਚੀ ਸਥਿਤੀ ਦੀ ਤ੍ਰਾਸਦ ਅਵਸਥਾ ਨੂੰ ਉਘਾੜਣ ਦਾ ਯਤਨ ਕਰਦੀ ਹੈ। ਸਮੁੱਚੀ ਸਮਾਜਕ ਸੋਚ ਹੀ ਉਸ ਦੇ ਵਿਕਾਸ ਦੇ ਰਾਹ ਵਿਚ ਬੰਧਨ ਹੈ। ਸੁਬਾ ਦੇ ਪਤੀ ਚੇਤਨ ਸਿੰਘ ਦਾ ਬਹੁਤ ਹੀ ਛੋਟਾ ਪਰ ਬਹੁਤ ਮਹੱਤਵਪੂਰਨ ਪਾਤਰ ਇਸ ਨਾਟਕ ਦੇ ਅਰਥਾਂ ਨੂੰ ਵਿਸਤਾਰ ਤੇ ਡੂੰਘਾਈ ਦੇਂਦਾ ਹੈ। ਰਚਨਾ ਦੇ ਅੰਤ ਵਿਚ ਵਾਚਕ ਦਾ ਪ੍ਰਸ਼ਨ ਜੋ ਕਿ ਅੰਗ੍ਰੇਜ਼ੀ ਵਿਚ ਪੁੱਛਦਾ ਹੈ ਇਸ ਨਾਟਕ ਦੇ ਥੀਮ ਅਤੇ ਅਰਥਾਂ ਨੂੰ ਹੋਰ ਵੀ ਗੰਭੀਰਤਾ ਨਾਲ ਉਭਾਰਨ ਵਿਚ ਸਫਲ ਹੁੰਦਾ ਹੈ।

ਨਾਟਕ ਦੇ ਵਾਤਾਵਰਨ ਅਤੇ ਉਸ ਦੇ ਪਾਤਰਾਂ ਦੇ ਚਿਤਰਣ ਵਿਚ ਸ਼ਾਇਦ ਸਾਨੂੰ ਪੰਜਾਬੀ ਦੇ ਬੁੱਧੀਜੀਵੀ ਸੰਸਾਰ ਦੇ ਕੁਝ ਕੁ ਪਰਿਚਿਤ ਚਿਹਰਿਆਂ ਦਾ ਝਾਉਲਾ ਵੀ ਪੈਣਾ ਸ਼ੁਰੂ ਹੋ ਜਾਵੇ ਪਰ 'ਬੰਧਨ' ਦਾ ਮਹੱਤਵ ਔਰਤ ਦੀ ਸਮੁੱਚੀ ਸਥਿਤੀ ਪ੍ਰਤੀ ਇਕ ਸੋਚ ਅਤੇ ਇਕ ਸਵਾਲ ਸਿਰਜਣ ਤੱਕ ਸੀਮਿਤ ਹੈ। ਇਸ ਦ੍ਰਿਸ਼ਟੀ ਤੋਂ ਇਸ ਰਚਨਾ ਨੂੰ ਇਕ ਸਾਹਸ ਭਰੀ ਕੋਸ਼ਿਸ਼ ਵੀ ਮੰਨਿਆ ਜਾ ਸਕਦਾ ਹੈ।

'ਬੰਧਨ' ਦੀ ਥੀਏਟਰੀ ਜਾਂ ਰਚਨਾ ਦੇ ਰੂਪ ਪੱਖ ਤੋਂ ਵੀ ਇਕ ਸੱਜਰੀ ਵਿਸ਼ੇਸ਼ਤਾ ਨਜ਼ਰ ਆਈ ਹੈ। ਭਾਵੇਂ ਇਸ ਨਾਟਕ ਦੇ ਵਾਚਕ ਨੂੰ ਮਨਜੀਤਪਾਲ ਨੇ ਜਿਹੜਾ ਕਾਲ (ਟੈਂਸ) ਦਿੱਤਾ ਹੈ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਲੇਖਿਕਾ ਉਸ ਦੇ ਬਿਰਤਾਂਤ ਨੂੰ ਬੀਤ ਚੁੱਕੇ ਵਿਚ ਢਾਲ ਕੇ ਰਚਨਾ ਨੂੰ ਇਕ ਪੜ੍ਹਨਯੋਗ ਟੈਕਸਟ ਬਣਾ ਰਹੀ ਹੈ, ਵਾਚਕ ਦੁਆਰਾ ਦੱਸੇ ਗਏ ਕੁਝ ਵੇਰਵੇ ਕੇਵਲ ਇਸੇ ਹੀ ਦ੍ਰਿਸ਼ਟੀ ਤੋਂ ਸ਼ਾਮਿਲ ਕੀਤੇ ਗਏ ਹਨ। ਹਾਲਾਂ ਕਿ ਕਿਤੇ ਕਿਤੇ ਉਸ ਦਾ ਵਾਚਕ ਪੂਰਨ ਤੌਰ 'ਤੇ ਵਰਤਮਾਨ ਵਿਚ ਵਾਪਰ ਰਹੇ ਕਾਲ ਵਿਚ ਬਿਆਨ ਕਰਦਾ ਹੈ। ਸਾਡੀ ਜਾਚੇ ਉਸ ਦਾ ਇਹ ਪਾਤਰ ਨਾਟਕੀ ਪੇਸ਼ਕਾਰੀ ਵਿਚ ਬਹੁਤ ਜ਼ਿਆਦਾ ਸੰਭਾਵਨਾਵਾਂ ਲੈ ਕੇ ਆਇਆ ਹੈ ਅਤੇ ਬਰੈਖਤ ਦੇ ਅਲਗਾਵਾਦੀ ਪ੍ਰਭਾਵ ਨੂੰ ਸਿਰਜਣ ਦੀ ਸਮਰੱਥਾ ਦਿਖਾਉਂਦਾ ਹੈ ਅਤੇ ਨਾਟਕੀ ਕਾਰਜ ਵਿਚ ਅਜਿਹੇ ਸੂਖਮ ਵੇਰਵੇ ਵੀ ਸ਼ਾਮਿਲ ਕਰਦਾ ਹੈ ਜੋ ਕਿ ਸਾਧਾਰਨ ਕਿਸਮ ਦੇ ਕਾਰਜ ਵਿਚ ਸ਼ਾਇਦ ਸੰਭਵ ਨਾ ਹੁੰਦੇ। ਵਾਚਕ ਦੀ ਜੇ ਇਸ ਨਾਟਕ ਵਿਚ ਕੋਈ ਸੀਮਾਂ ਹੈ ਤਾਂ ਉਹ ਇਹੋ ਹੀ ਹੈ ਕਿ ਉਹ ਕੇਵਲ ਸੁਬਾ ਦੇ ਪੱਖ ਦੀ ਪ੍ਰੋੜਤਾ ਲਈ ਹੀ ਪ੍ਰਗਟ ਹੁੰਦਾ ਹੈ। ਉਸ ਦੀ ਹਰੇਕ ਟਿੱਪਣੀ ਵਿਚ ਸੁਬਾ ਦਾ ਪੱਖ ਹੈ। ਇਵੇਂ ਉਹ ਸੁਬਾ ਦਾ ਡੁਪਲੀਕੇਟ ਜਾਂ ਲੇਖਿਕਾ ਦਾ ਆਪਣਾ ਹੀ ਇਕ ਹੋਰ ਬਿੰਬ ਬਣਨ ਲੱਗ ਪੈਂਦਾ ਹੈ। ਪਰ ਇਹ ਸਵੀਕਾਰ ਕਰਨ ਵਿਚ ਖੁਸ਼ੀ ਮਿਲ ਰਹੀ ਹੈ ਕਿ ਇਸ ਨਾਟਕ ਵਿਚ ਵਾਚਕ ਦੇ ਪਾਤਰ ਰਾਹੀਂ ਮਨਜੀਤ ਪਾਲ ਨੇ ਇਕ ਬਹੁਤ ਹੀ ਸਹਿਜ ਕਿਸਮ ਦਾ ਮਹੱਤਵਪੂਰਨ ਨਾਟਕੀ ਕਾਰਜ ਸਿਰਜਣ ਦੀ ਸਮਰੱਥਾ ਦਿਖਾਈ ਹੈ। ਇਹ ਠੀਕ ਹੈ ਕਿ ਇਸ ਰਚਨਾ ਦਾ ਕਾਰਜ ਇਕ ਵਿਸ਼ੇਸ਼ ਕਿਸਮ ਦੀ ਪੜ੍ਹੀ-ਲਿਖੀ ਦਰਸ਼ਕ ਮੰਡਲੀ ਲਈ ਵਧੇਰੇ ਦਿਲਚਸਪੀ ਪੈਦਾ ਕਰ ਸਕੇਗਾ ਪਰ ਇਸ ਦਾ ਮਹੱਤਵ ਕੇਵਲ ਉਸੇ ਹੀ ਸ਼੍ਰੇਣੀ ਤੱਕ ਸੀਮਿਤ ਨਹੀਂ ਹੈ।

ਮੈਂ ਮਨਜੀਤ ਪਾਲ ਕੌਰ ਦੇ ਸੱਜਰੇ ਨਾਟ ਸੰਗ੍ਰਹਿ 'ਬੰਧਨ ਤੇ ਸਰਾਪ' ਨੂੰ ਪੰਜਾਬੀ ਨਾਟ ਅਤੇ ਰੰਗ ਮੰਚ ਖੇਤਰ ਵਿਚ ਜੀ ਆਇਆਂ ਨੂੰ ਕਹਿੰਦਾ ਹਾਂ।

[ਆਤਮਜੀਤ]



**ਸੜਕਨਾਮਾ** [ਬਲਦੇਵ ਸਿੰਘ]

'ਸਾਹਿਤ ਵਿਚ ਵਿਸ਼ਾ ਆਪਣਾ ਰੂਪ, ਆਪਣੀ ਵਿਧਾ ਆਪ ਹੀ ਸਿਰਜਦਾ ਹੈ। ਬਲਦੇਵ ਸਿੰਘ ਦੀ ਨਵੀਂ ਰਚਨਾ 'ਸੜਕਨਾਮਾ' [ਪੰਨੇ, 115, ਮੁੱਲ 20 ਰੁਪਏ, ਲੋਕ ਪ੍ਰਕਾਸ਼ਨ, ਅੰਮ੍ਰਿਤਸਰ] ਪੜ੍ਹਦਿਆਂ ਇਸ ਤੱਥ ਦੀ ਸਾਰਥਿਕਤਾ ਦਾ ਅਹਿਸਾਸ ਹੁੰਦਾ ਹੈ। ਇਸ ਵਿਧਾ ਨੂੰ ਉਸਨੇ ਕਹਾਣੀ ਲੇਖ ਕਿਹਾ ਹੈ। ਉਂਝ ਪੰਜਾਬੀ ਵਿਚ ਪਹਿਲਾਂ ਵੀ ਕਈ ਲੇਖ ਜੋ ਕਹਾਣੀਆਂ ਹੁੰਦੇ ਹਨ ਤੇ ਕਈ ਕਹਾਣੀਆਂ ਜੋ ਮਾਤਰ ਲੇਖ ਹੀ ਹੁੰਦੀਆਂ ਹਨ, ਪ੍ਰਾਪਤ ਹਨ, ਪਰ ਉਨ੍ਹਾਂ ਦੇ ਲੇਖਕ ਉਸਨੂੰ ਲੇਖ ਮੰਨਦੇ ਹਨ ਤੇ ਜਾਂ ਫਿਰ ਕਹਾਣੀ। ਪਰ ਬਲਦੇਵ ਨੇ ਸੱਚ ਨੂੰ ਸਵੀਕਾਰਦਿਆਂ, ਕੋਈ ਭੁਲੇਖਾ ਨਹੀਂ ਪਾਇਆ।

ਬਲਦੇਵ ਸਿੰਘ ਆਪਣੀਆਂ ਗਲਪ ਰਚਨਾਵਾਂ ਕਰਕੇ ਪੰਜਾਬੀ ਗਲਪ-ਸਾਹਿਤ ਵਿਚ ਪਛਾਣ ਬਣਾ ਚੁੱਕਾ ਹੈ। ਇਸ ਪਛਾਣ-ਸਿਰਜਣਾ ਵਿਚ ਵਧੇਰੇ ਰੋਲ ਉਸਦੀਆਂ ਕ੍ਰਿਤੀਆਂ ਦੇ ਵਿਸ਼ਿਆਂ ਦਾ ਹੈ, ਜਿਨ੍ਹਾਂ ਵਿਚ ਵਿਭਿੰਨਤਾ, ਯਥਾਰਥਕਤਾ ਦੇ ਨਾਲ ਤੀਖਣ ਜੀਵਨ ਅਨੁਭੂਤੀ ਸੰਮਿਲਤ ਹੈ। ਡਰਾਇਵਰੀ ਅਤੇ ਟਰਾਂਸਪੋਰਟ ਦੇ ਕਿੱਤੇ ਨੇ ਉਸ ਨੂੰ ਮਨੁੱਖਾ-ਜ਼ਿੰਦਗੀ ਨੂੰ ਹੀ ਨੇੜੇ ਤੋਂ ਵੇਖਣ ਦਾ ਮੌਕਾ ਨਹੀਂ ਦਿੱਤਾ, ਸਗੋਂ ਸੰਬੰਧਤ ਵਿਭਾਗਾਂ ਤੇ ਕੇਂਦਰੀ ਸ਼ਕਤੀਆਂ ਵਿਚਲੇ ਪ੍ਰਚਲਤ ਭ੍ਰਿਸ਼ਟਾਚਾਰ ਨੂੰ ਨੇੜਿਓਂ ਵੇਖਣ ਦਾ ਅਵਸਰ ਦਿੱਤਾ ਹੈ। ਸਵੈ-ਬੀਤੀ ਨੇ ਵੇਖੇ ਅਨੁਭਵ ਨੂੰ ਹੋਰ ਤੀਖਣ ਕਰਨ ਦੇ ਨਾਲ ਨਾਲ ਇਕ ਦੀਰਘ ਦ੍ਰਿਸ਼ਟੀ, ਵਿਅੰਗ ਭਾਵ ਵੀ ਉਪਜਾਇਆ ਹੈ।

'ਭਾਰਤੀ ਭਾਸ਼ਾਵਾਂ ਵਿਚ ਆਮ ਕਰਕੇ ਤੇ ਪੰਜਾਬੀ ਭਾਸ਼ਾ ਵਿਚ ਵਿਸ਼ੇਸ਼ ਕਰਕੇ, ਸੜਕਾਂ ਤੇ ਚੱਲਣ ਵਾਲਿਆਂ ਬਾਰੇ ਬਹੁਤ ਹੀ ਘੱਟ ਲਿਖਿਆ ਗਿਆ ਹੈ। ਜੇ ਲਿਖਿਆ ਵੀ ਗਿਆ ਹੈ ਤਾਂ ਡਰਾਈਵਰਾਂ ਕੰਡਕਟਰਾਂ ਨੂੰ ਬੇਹੱਦ ਘਿਨੌਣੇ ਬਣਾ ਕੇ ਪੇਸ਼ ਕੀਤਾ ਗਿਆ ਹੈ, ਸ਼ਰਾਬੀ, ਬੇਈਮਾਨ, ਲੜਾਕੇ, ਆਦਰਹੀਣ। ਇਹੀ ਰੂਪ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਰਿਹਾ। ਕਿਸੇ ਵੀ ਲੇਖਕ ਨੇ ਉਨ੍ਹਾਂ ਪ੍ਰਤੀ ਸੁਹਿਰਦਤਾ ਨਾਲ ਨਹੀਂ ਸੋਚਿਆ, ਕੇਵਲ ਉਨ੍ਹਾਂ ਨੂੰ ਮਜ਼ਾਕ ਦਾ ਹੀ ਭਾਗੀ ਬਣਾਇਆ ਗਿਆ।'

ਬਲਦੇਵ ਸਿੰਘ ਦਾ ਕਥਨ ਸਹੀ ਹੈ ਕਿ ਹਰ ਲੇਖਕ ਨੇ ਇਨ੍ਹਾਂ ਦੇ ਪੂਰਵਲੇ ਕਲਪਿਤ ਸਥਾਪਿਤ ਇਮੇਜ ਨੂੰ ਹੀ ਪੇਸ਼ ਕੀਤਾ ਹੈ, ਇਹਨਾਂ ਦੀਆਂ ਮਾਨਸਿਕ ਪਰਤਾਂ, ਅਤ੍ਰਿਪਤ ਅਕਾਂਖਿਆਵਾਂ, ਅਧੂਰੇ ਸੁਪਨਿਆਂ, ਭ੍ਰਿਸ਼ਟ-ਪ੍ਰਬੰਧ ਵਿਚ ਪਿਸਦੀ ਜ਼ਿੰਦਗੀ ਨੂੰ ਵੇਖਣ ਸਮਝਣ ਦਾ ਯਤਨ ਨਹੀਂ ਕੀਤਾ। ਇਨ੍ਹਾਂ ਦੀ ਅਜਿਹੀ ਜ਼ਿੰਦਗੀ ਨੂੰ ਪੇਸ਼ ਕਰਨਾ ਹੀ ਵਿਸ਼ੇਸ਼ ਪ੍ਰਯੋਜਨ ਹੈ, 'ਸੜਕਨਾਮਾ' ਦਾ।

'ਸਤਾਰਾਂ' ਕਾਂਡਾਂ ਵਿਚ ਵਿਭਿੰਨ ਘਟਨਾਵਾਂ ਸੂਤਰਬਧ ਹਨ ਜੋ ਡਰਾਇਵਰ ਤੇ ਟਰਾਂਸਪੋਰਟਰ ਦੀ ਮਾਨਸਿਕਤਾ ਨੂੰ ਉਭਾਰਦੀਆਂ ਹਨ। ਸੜਕਾਂ ਕਿਨਾਰੇ ਹੁੰਦੇ ਔਰਤ ਬਲਾਤਕਾਰ ਤੋਂ ਲੈ ਕੇ ਪੁਲਸ-ਸ਼ੋਸ਼ਣ, ਭ੍ਰਿਸ਼ਟ-ਕਾਂਡ, ਸੜਕ-ਹਾਦਸੇ, ਕੁਝ ਪ੍ਰਾਂਤਾਂ ਦੀ ਭੁੱਖ ਨੰਗ ਆਪਣੇ ਆਪ ਵਿਚ ਤਾਂ ਸੰਪੂਰਨ ਘਟਨਾਵਾਂ ਵੇਰਵੇ ਹਨ ਹੀ, ਇਨ੍ਹਾਂ ਸਾਰਿਆਂ ਵਿਚੋਂ ਦੇਸ਼ ਦੀ ਆਰਥਿਕ, ਰਾਜਨੀਤਕ, ਸਮਾਜੀ, ਨੈਤਿਕ ਧਾਰਮਿਕ ਵਿਵਸਥਾ ਦੀ ਨਿੱਘਰਦੀ ਤਸਵੀਰ ਵੀ ਉਭਰਦੀ ਹੈ। ਆਂਤਰਿਕ ਯਥਾਰਥ ਤੇ ਬਾਹਰੀ ਯਥਾਰਥ ਦੀ ਤਲਖ ਝਲਕ

ਪੇਸ਼ ਕਰਦੀ ਇਹ ਕਿਰਤ ਇਸ ਵਿਵਸਥਾ ਉਤੇ ਇਕ ਵਿਅੰਗ ਹੈ।

'ਸੜਕਨਾਮਾ', ਗਲਪੀ-ਵਿਧੀ ਵਿਚ ਲਿਖਿਆ ਅਜਿਹਾ ਵੇਰਵਾ ਹੈ, ਜੋ 47 ਦੀ ਵੰਡ ਦੀ ਝਲਕ 84 ਵਿਚ ਉਭਰਦੀ ਦਰਸਾਉਂਦਾ ਹੈ ਸੜਕ ਜੋ ਜ਼ੁਲਮ ਵੇਖਦੀ ਹੈ, ਉਹ ਆਪਣੇ ਕਿਨਾਰੇ ਉਗੇ ਰੁੱਖ ਨੂੰ ਸੁਣਾਉਂਦੀ ਹੈ।

'ਪੁਲਸੀਏ ਪੁਲਸੀਏ' ਵਿਚ ਕੁਝ ਹਾਸਿਲ ਕਰ ਲੈਣ ਲਈ ਪੁਲਸੀ ਚਾਲਾਂ ਨੂੰ ਬਿਆਨਿਆ ਹੈ। ਇਸ ਵਿਚ ਜਿਸ ਨੁਕਤੇ 'ਤੇ ਜ਼ੋਰ ਹੈ, ਉਹ ਹੈ, "ਕਨੂੰਨ ਦੀ ਉਲੰਘਣਾ ਹੋਈ ਹੋਵੇ ਭਾਵੇਂ ਨਾ ਹੋਈ ਹੋਵੇ, ਇਨ੍ਹਾਂ ਨੇ ਆਪਣੀ ਅਹਿਮੀਅਤ ਜਤਾਉਣੀ ਹੁੰਦੀ ਹੈ, ਏਸੇ ਕਰਕੇ ਇਹ ਮਹਿਕਮਾ ਆਮ ਲੋਕਾਂ ਲਈ ਹਊਆ ਬਣਿਆ ਹੋਇਆ ਹੈ।" ਇਸ ਨੁਕਤੇ ਨੂੰ ਬੜੀ ਸਹਿਜਤਾ ਨਾਲ ਉਹ ਦੰਭੀ ਆਲੋਚਕਾਂ 'ਤੇ ਫਿਟ ਕਰ ਦੇਂਦਾ ਹੈ। ਉਹ ਦੋਨਾਂ ਨੂੰ ਨੀਅਤ ਕਰਕੇ ਇਕ ਮੰਨਦਾ ਹੈ, "ਸੜਕਾਂ ਵਾਲੇ ਆਪਣੇ ਪੇਸ਼ੇ ਤੋਂ ਮਜਬੂਰ ਹੁੰਦੇ ਹਨ, ਤੇ ਦਬਕਾ ਮਾਰਨ ਲਈ ਸਰਕਾਰੀ ਵਰਦੀ ਹੁੰਦੀ ਹੈ। ਸਾਹਿਤਕ ਪੁਲਸੀਏ ਆਪਣੀ ਹਉਮੈ ਤੋਂ ਮਜਬੂਰ ਹੁੰਦੇ ਹਨ ਤੇ ਰੋਹਬ ਲਈ ਇਨ੍ਹਾਂ ਕੋਲ ਡਿਗਰੀਆਂ ਹੁੰਦੀਆਂ ਹਨ। ਖੂਹ ਵਿਚ ਇੱਟ ਡਿੱਗਣ ਵਾਂਗ, ਦੋਹਾਂ ਦੇ ਅੜਿੱਕੇ ਚੜ੍ਹਕੇ, ਸੁੱਕਾ ਬਚ ਨਿਕਲਣ ਦੀ ਘੱਟ ਹੀ ਆਸ ਹੁੰਦੀ ਹੈ।"

"ਪੈਰ ਚੱਕਰ" ਵਿਚ ਜੇ ਉਹ ਇਕ ਮਰਦ ਵੱਲੋਂ ਆਪਣੀ ਔਰਤ ਨੂੰ ਇਕ ਤੋਂ ਵੱਧ ਪਰਾਏ ਮਰਦਾਂ ਨਾਲ ਇਸ ਲਈ ਹਮਬਿਸਤਰ ਹੋਣ ਲਈ ਮਜਬੂਰ ਕਰਦਾ ਹੈ ਕਿ ਉਨ੍ਹਾਂ ਦੀਆਂ ਵੋਟਾਂ ਨਾਲ ਪੰਚ ਬਣੇਗਾ ਤਾਂ ਦੂਸਰੇ ਪਾਸੇ ਇਕ ਆਦਮੀ ਦੂਜੇ ਆਦਮੀ ਦਾ ਸਿਰ ਵੱਢ ਸ਼ਰੇਆਮ ਥਾਣੇ 'ਚੋਂ ਹੋ ਆਉਂਦਾ ਹੈ ਕਿ ਕਤਲ ਹੋਏ ਆਦਮੀ ਨੇ ਕਾਤਲ ਦੀ ਪਤਨੀ ਨਾਲ ਇਸ਼ਕ ਕੀਤਾ ਸੀ। ਜੋ ਆਖਦਾ ਹੈ "ਥਾਣੇਦਾਰਾ ਜਿਹੜਾ ਵੀ ਭੈਣ-ਚੋ ਮੇਰੀ ਔਰਤ ਵੱਲ ਵੇਖੇਗਾ ਉਸਦਾ ਇਹੀ ਹਸ਼ਰ ਹੋਵੇਗਾ"। ਔਰਤ ਪ੍ਰਤੀ ਮਰਦ ਦਾ ਇਹ ਦੂਹਰਾ ਵਤੀਰਾ ਮਾਨਸਿਕਤਾ ਵਿਵਸਥਾ ਕਰਕੇ ਹੈ। ਪਰ ਡਰਾਇਵਰ ਉਜਾੜ 'ਚ ਮਿਲੀ ਨੰਗੀ... ਔਰਤ ਦੀ ਮਜਬੂਰੀ ਨੂੰ ਕਮਾਉਂਦੇ ਨਹੀਂ, ਸਹਾਈ ਬਣਦੇ ਹਨ। ਇਹ ਤੀਸਰੀ ਤਰ੍ਹਾਂ ਦੀ ਮਾਨਸਿਕਤਾ ਹੈ। ਇਹ ਮਾਨਸਿਕਤਾ ਪਹਿਲੀਆਂ ਦੋਨਾਂ ਤਰ੍ਹਾਂ ਦੀਆਂ ਸਥਿਤੀਆਂ ਨੂੰ ਵੇਖ ਕੇ ਪ੍ਰਸ਼ਨ ਨਹੀਂ ਫਿਕਰਮੰਦ ਹੁੰਦੀ ਹੈ

'ਕੌਡੀਆਂ ਦੇ ਮੁੱਲ' ਵਿਚ ਇਕਲੌਤੇ ਪੁੱਤਰ ਦੀ ਸੜਕ ਹਾਦਸੇ ਵਿਚ ਮੌਤ ਮਨ ਨੂੰ ਹਿਲੂਣਨ ਵਾਲੀ ਇਕ ਭਿਆਨਕ ਗੱਲ ਤਾਂ ਹੈ ਹੀ, ਪਰ ਅਜਿਹੇ ਹਾਦਸਿਆਂ ਵੇਲੇ ਭ੍ਰਸ਼ਟ-ਪੁਲੀਸ, ਹਸਪਤਾਲ ਪ੍ਰਬੰਧ ਕਿਵੇਂ ਲਾਸ਼ਾਂ ਨੂੰ ਵੀ ਰੋਲਦੇ, ਸ਼ਰਮਸਾਰ ਕਰਨ ਵਾਲੀ ਗੱਲ ਹੁੰਦੀ ਹੈ। ਉਧਰ ਡਰਾਇਵਰ ਨੂੰ ਮਾਲਕ ਦੀਆਂ ਚੇਤਾਵਨੀਆਂ ਦਾ ਸਾਹਮ ਵੀ ਹੁੰਦੈ। ਕਾਹਲ, ਸਹਿਮ, ਭ੍ਰਸ਼ਟਾਚਾਰ ਦੀ ਚਿੰਤਾ ਤੋਂ ਮੁਕਤੀ ਲਈ ਹੀ ਉਹ ਨਸ਼ਿਆਂ ਦਾ ਆਸਰਾ ਲੈਂਦਾ ਹੈ, ਉਸ ਦੀ ਅਜਿਹੀ ਮਾਨਸਿਕਤਾ ਲਈ ਜ਼ਿੰਮੇਵਾਰ ਲੋਕ ਸਾਮਰਾਜੀ, ਲੋਟੂ ਧਿਰ ਹੀ ਬਣਦੇ ਹਨ। ਆਰਥਿਕ-ਮੰਦਹਾਲੀ ਇਕ ਕਾਰਨ ਬਣਦਾ ਹੈ। ਪਰ ਅਜਿਹਿਆਂ ਵਿਚੋਂ 'ਬਾਸ਼ਾ' ਵਰਗਾ ਵੀ ਬੇਫਿਕਰ, ਬੇਪ੍ਰਵਾਹ, ਮਲੰਗ, ਤੇਜ਼-ਤਰਾਰ ਸਭ ਨੂੰ ਟਿਚ ਸਮਝਣ ਵਾਲਾ ਨਿਕਲ ਆਉਂਦੈ, ਜਿਸਦੀ ਆਪਣੀ ਹੀ ਦੁਨੀਆਂ ਹੁੰਦੀ ਹੈ।



'ਇਹੁ ਹਮਾਰਾ ਜੀਵਣਾ' ਵਿਚੋਂ ਆਰਥਿਕਤਾ ਕਿਵੇਂ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀ ਹੈ, ਉਸਦੀ ਝਲਕ ਦੇਖੀ ਜਾ ਸਕਦੀ ਹੈ। "ਪਤਿਔਹਰੇ ਮੇਰੇ ਆਪ ਬਾਬੂ ਬਣੇ ਬੈਠੇ ਐ-ਇਕ ਗੇੜਾ ਉਹ ਨੀ ਲਾ ਸਕਦੇ। ਉਹ ਆਪਣੇ ਦੋਂਹ ਵੱਡੇ ਭਰਾਵਾਂ ਬਾਰੇ ਕਹਿਣ ਲੱਗਾ 'ਮੌਤ ਪੈਂਦੀ ਸੀ-' ਘਰ ਤੋਂ ਮਹੀਨਿਆਂ ਬੱਧੀ ਦੂਰ ਰਹਿ ਕੇ ਆਦਮੀ ਅੰਦਰਲੀ ਇਸਤਰੀ ਭੁੱਖ ਦਾ ਜਾਗਣਾ ਸੁਭਾਵਕ ਹੀ ਹੈ। 'ਸੜਕੇ ਇਲਾਹੀ ਵਿਚ ਡਰਾਇਵਰਾਂ ਦੀ ਧਰਮ ਨਿਰਪੱਖ ਬਿਰਤੀ ਦਾ ਸਾਇਕੀ-ਪਰਿਪੇਖ ਵਿਚ ਵਿਵਰਣ ਹੈ। "ਸੂਲ ਦੀ ਚੋਭ, ਕਤਲ ਦਾ ਜੁਰਮ" ਟਰਾਂਸ-ਪੋਰਟ ਤੇ ਸੰਬੰਧਤ ਮਹਿਕਮਿਆਂ ਵਿਚਲੇ ਭ੍ਰਸ਼ਟਾਚਾਰ ਦੀ ਤਲਖ਼ ਤਸਵੀਰ ਹੈ। ਪੈਸੇ ਨਾਲ ਤੁਰਦੀਆਂ ਫਾਈਲਾਂ, ਜੁਰਮ ਦਾ ਠੀਕ ਹੋਣਾ, ਮੰਤਰੀਆਂ ਤੋਂ ਹੇਠਾਂ ਤਕ ਹੁੰਦੀ ਕਾਰਵਾਈ ਤੀਖਣ ਵਿਅੰਗ ਹੈ।

'ਸੜਕ ਸਾਹਿਤ' ਤੇ 'ਗੱਡੀ ਵਾਲਿਆਂ ਦੇ ਬਾਬੇ 'ਰੌਚਿਕ ਕਾਂਡ ਹਨ।

ਇੰਞ ਪੂਰੀ-ਪੁਸਤਕ ਜੀਉਂਦੀ-ਜਾਗਦੀ ਜ਼ਿੰਦਗੀ ਦੀ ਇਕ ਤਲਖ਼ ਦਾਸਤਾਨ ਹੈ, ਜਿਸ ਨੂੰ ਪੜ੍ਹ ਕੇ ਡਰਾਇਵਰ ਪ੍ਰਤਿ ਪੂਰਵਲੀ ਧਾਰਨਾ ਖੰਡਿਤ ਹੀ ਨਹੀਂ ਹੁੰਦੀ, ਸਗੋਂ ਇਕ ਹਮਦਰਦੀ, ਸਨੇਹ ਦਾ ਜਜ਼ਬਾ ਜਾਗਦਾ ਹੈ। ਲੋਕ-ਸਹੂਲੀਅਤ ਲਈ ਘਰ ਤੋਂ ਕਿਹਾਂ ਦੂਰ, ਜਾਨ ਤਲੀ 'ਤੇ ਟਿਕਾਈ ਭਟਕਣਾ ਮਨ ਨੂੰ ਹਲੂਣਦਾ ਹੈ।

ਆਮ ਵੇਖਣ, ਸੁਣਨ ਵਿਚ ਆਉਣ ਵਾਲੀਆਂ ਘਟਨਾਵਾਂ ਨੂੰ ਬਲਦੇਵ ਨੇ ਗਲਪੀ ਵਿਧੀ, ਜੁਗਤਾਂ ਰਾਹੀਂ ਰੌਚਕ, ਤੀਖਣ ਤੇ ਪ੍ਰਭਾਵੀ ਹੀ ਨਹੀਂ ਬਣਾਇਆਂ, ਸਗੋਂ ਵਿਅੰਗਾ-ਤਮਕ ਸੁਰ ਸਿਰਜਿਆ ਹੈ। ਅਨੁਭਵ, ਢੁਕਵੀਂ ਸ਼ਬਦਾਵਲੀ, ਗਲਪ-ਵਿਧੀ ਨੇ ਰਚਨਾ ਨੂੰ ਲੇਖ ਨਾਲੋਂ ਕਹਾਣੀ ਨੇੜੇ ਲੈ ਆਂਦਾ ਹੈ। ਨਿਰਸੰਦੇਹ ਪੰਜਾਬੀ-ਸਾਹਿਤ ਵਿਚ ਇਹ ਆਪਣੀ ਤਰ੍ਹਾਂ ਦੀ ਵੱਖਰੀ ਕਿਰਤ ਹੈ-ਬਲਦੇਵ ਦੀ ਇਕ ਅਹਿਮ ਪ੍ਰਾਪਤੀ।

[ਅਵਤਾਰ ਜੌੜਾ]

**ਕੱਚੀ ਖੂਹੀ** [ਮੁਖਤਿਆਰ ਸਿੰਘ]

'ਲੱਕ ਵਿਚ ਫਸੇ ਪੈਰ' ਕਹਾਣੀ-ਸੰਗ੍ਰਹਿ ਤੋਂ ਬਾਅਦ 'ਕੱਚੀ ਖੂਹੀ' ਮੁਖਤਿਆਰ ਸਿੰਘ ਦਾ ਦੂਜਾ ਕਹਾਣੀ-ਸੰਗ੍ਰਹਿ ਹੈ ਜਿਸ ਵਿਚਲੀਆਂ ਕੁਲ ਸੋਲਾਂ ਕਹਾਣੀਆਂ ਦਾ ਗਲਪ-ਅਨੁਭਵ ਮੱਧ ਵਰਗ ਅਤੇ ਹੇਠਲੇ ਵਰਗ ਦੇ ਜੀਵਨ ਦੀਆਂ ਹਕੀਕਤਾਂ ਦੇ ਵਿਭਿੰਨ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਮੁਖਤਿਆਰ ਸਿੰਘ ਦੀਆ ਕਹਾਣੀਆਂ ਉਨ੍ਹਾਂ ਪਾਤਰਾ ਦੇ ਅਨੁਭਵ ਨੂੰ ਰੂਪਮਾਨ ਕਰਦੀਆਂ ਹਨ, ਜੋ ਹਯਾਤੀ ਦੀਆਂ ਲੋੜਾਂ, ਖੇੜਿਆਂ ਅਤੇ ਨਿਆਮਤਾਂ ਦੇ ਉਸਰਈਏ ਤਾਂ ਹਨ, ਪਰ ਇਹ ਸਭ ਕੁਝ ਉਨ੍ਹਾਂ ਦੀ ਵਰਤੋਂ ਦਾ ਭਾਗ ਨਹੀਂ ਬਣਦਾ। ਉਨ੍ਹਾਂ ਦਾ ਦੁਖਾਂਤ ਇਹ ਹੈ ਕਿ ਸਿਰਜਕ ਹੋਣ ਦੇ ਬਾਵਜੂਦ, ਉਹ ਆਪਣੀਆਂ ਸਿਰਜਣਾਵਾਂ ਤੋਂ ਵਿਜੋਗੇ ਹੋਏ ਹਨ। ਕਥਾਕਾਰ ਉਨ੍ਹਾਂ ਦੀਆਂ ਸੋਚਾਂ ਅਤੇ ਅਮਲ ਦੇ ਵੇਰਵਿਆਂ ਵਿਚੋਂ ਇਸ ਦੁਖਾਂਤ ਦੀ ਸ਼ਿੱਦਤ ਨੂੰ ਉਘਾੜਨ ਦਾ ਉਪਰਾਲਾ ਕਰਦਾ ਹੈ। ਦਮਨਕਾਰੀ ਅਰਥ-ਵਿਵਸਥਾ ਅਤੇ ਉਲਾਰ ਸਭਿਆਚਾਰਕ ਬਣਤਰ ਹੇਠਾਂ ਦੱਬੇ ਹੋਏ ਉਸ ਦੇ ਪਾਤਰਾਂ ਦੀ ਬੇਵੱਸੀ, ਨਿਤਾਣੇਪਨ ਦੇ ਰੂਪ ਵਿਚ ਹੀ ਪ੍ਰਗਟ ਨਹੀਂ ਹੁੰਦੀ, ਸਗੋਂ ਇਸ ਦੀ ਤਹਿ ਵਿਚ ਇਸ ਵਿਚੋਂ ਨਿਕਲਣ ਦੀਆਂ ਸੰਭਾਵਨਾਵਾਂ ਵੀ ਲਗਾਤਾਰ ਸੁਲਘ-

ਦੀਆਂ ਰਹਿੰਦੀਆਂ ਹਨ।

'ਕੱਚੀ ਖੂਹੀ' ਕਹਾਣੀ-ਸੰਗ੍ਰਿਹ ਵਿਚ ਕਹਾਣੀਆਂ ਦਾ ਇਕ ਵਰਗ ਅਜਿਹਾ ਹੈ, ਜਿਸ ਵਿਚ ਪਿੰਡ ਅਤੇ ਸ਼ਹਿਰ ਦੇ ਤਨਾਓ ਨੂੰ ਸਿਰਜਿਆ ਗਿਆ ਹੈ। ਪਿੰਡ ਵਿਚ ਵਸਦੀ ਨਿਮਨ ਮੱਧ ਦਰਜੇ ਵਾਲੀ ਕਿਰਸਾਨੀ ਅਤੇ ਸ਼ਹਿਰ ਵਿਚ ਰਹਿੰਦੀ ਨਿਮਨ ਮੱਧ ਦਰਜੇ ਵਾਲੀ ਨੌਕਰੀ ਪੇਸ਼ਾ ਸ੍ਰੇਣੀ ਦੋਵੇਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹਨ। ਦੋਵਾਂ ਦੀਆਂ ਜੜ੍ਹਾਂ ਕਿਉਂਕਿ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ, ਇਸ ਲਈ ਆਪਣੇ ਆਪਣੇ ਸੰਕਟ ਦੇ ਕਾਰਨਾ ਅਤੇ ਸਮਾਧਾਨ ਲਈ ਉਹ ਇਕ ਦੂਜੇ ਵੱਲ ਝਾਕਦੀਆਂ ਹਨ। ਇਸ ਝਾਕ ਵਿਚ ਇਕ ਦੂਜੇ ਪ੍ਰਤੀ ਤਲਖੀ ਅਤੇ ਗਿਲਾਨੀ ਦੇ ਭਾਵ ਵੀ ਉਤਪੰਨ ਹੁੰਦੇ ਹਨ ਅਤੇ ਆਸ ਉਮੀਦ ਦੀ ਲਾਲਸਾ ਵੀ ਬਣੀ ਰਹਿੰਦੀ ਹੈ। ਗਲਪਕਾਰ ਨੇ ਇਨ੍ਹਾਂ ਸ੍ਰੇਣੀਆਂ ਦੇ ਆਰਥਿਕ ਨਿਘਾਰ ਅਤੇ ਇਸ ਵਿਚੋਂ ਪੈਦਾ ਹੋਣ ਵਾਲੀਆਂ ਸਭਿਆਚਾਰਕ ਗੁੰਝਲਾ ਦੇ ਨਾ ਟਾਲੇ ਜਾ ਸਕਣ ਵਾਲੇ ਵੇਗ ਨੂੰ ਅਰਥ ਭਰਪੂਰ ਪੈਟਰਨ ਵਿਚ ਢਾਲਿਆ ਹੈ। ਮੁਖਤਿਆਰ ਸਿੰਘ ਸਾਡੀ ਹਯਾਤੀ ਦੀਆਂ ਹਨੇਰੀਆਂ ਅਤੇ ਅਣ ਫਰੋਲੀਆਂ ਨੁਕਰਾਂ ਵਿਚੋਂ ਵੇਰਵਿਆਂ ਦੀ ਚੋਣ ਕਰਦਾ ਹੈ। ਇਹ ਵੇਰਵੇ ਉਸ ਦੇ ਪਾਤਰਾਂ ਦੀਆਂ ਬਾਹਰਮੁਖੀ ਹਾਲਤਾਂ ਦੇ ਪ੍ਰਸੰਗ ਵਿਚ, ਉਨ੍ਹਾਂ ਦੇ ਮਨਾਂ ਵਿਚ ਵੇਖਣ ਦਾ ਜਤਨ ਕਰਦੇ ਹਨ। ਇਸ ਤਰ੍ਹਾਂ ਉਹ ਪਾਤਰਾਂ ਦੀਆਂ ਮਨੋ-ਸਥਿਤੀਆਂ ਨੂੰ ਇਕ ਦੂਜੇ ਨਾਲ ਸਹਿਜ ਰੂਪ ਵਿਚ ਅੰਤਰ-ਸੰਬੰਧਿਤ ਕਰ ਲੈਂਦਾ ਹੈ। ''ਖਾਲੀ ਝੋਲਾ'' ਅਤੇ ''ਕੁੱਤੇ ਦੀ ਪੂਛ'' ਇਸ ਵਰਗ ਦੀਆਂ ਪ੍ਰਤਿਨਿਧ ਕਹਾਣੀਆਂ ਹਨ।

ਪੰਜਾਬ ਦੇ ਅਜੋਕੇ ਆਤੰਕਵਾਦੀ ਮਾਹੌਲ ਦੀਆਂ ਪ੍ਰਤਿਧੁਨੀਆਂ ਵੀ ਇਸ ਸੰਗ੍ਰਿਹ ਦੀਆਂ ਕੁਝ ਕਹਾਣੀਆਂ ਵਿਚੋਂ ਸੁਣੀਆਂ ਜਾ ਸਕਦੀਆਂ ਹਨ। ਮੱਧਕਾਲ ਦੇ ਗੋਰਖ ਨਾਥ ਵਿਚ ਅਧੂਰੇ ਨੂੰ ਪੂਰਾ ਬਣਾਉਣ ਦੀ ਸਮਰੱਥਾ ਹੈ, ਪਰ ਕਹਾਣੀ 'ਕੱਚੀ ਖੂਹੀ' ਦਾ ਗੋਰਖ ਆਪ ਹੀ ਅਧੂਰਾ ਹੈ। ਨੇਤਰਹੀਨ ਗੋਰਖ 'ਕੱਚੀ ਖੂਹੀ' ਵਿਚ ਡਿੱਗਾ ਹੋਇਆ ਹੈ ਅਤੇ ਇਸ ਵਿਚੋਂ ਉਸ ਦੇ ਬਾਹਰ ਨਿਕਲਣ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ। ਇਸ ਕਹਾਣੀ ਦੇ ਸਾਰੇ ਸੰਕੇਤ ਅਜੋਕੇ ਪੰਜਾਬ ਦੇ 'ਕੱਚੀ ਖੂਹੀ' ਵਿਚ ਡਿੱਗੇ ਹੋਣ ਦੇ ਬਹੁ-ਅਰਥਾਂ ਨੂੰ ਉਜਾਗਰ ਕਰਦੇ ਹਨ। ਇਸੇ ਤਰ੍ਹਾਂ ''ਤੂੜੀ ਦਾ ਕੁੱਪ'' ਕਹਾਣੀ ਸਟੇਟ ਦੇ ਆਤੰਕਵਾਦ ਦੇ ਪਰਿਣਾਮਾਂ ਦਾ ਭਾਵ ਪੂਰਤ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੈ। ਸੁਰੱਖਿਆ ਦਸਤਿਆਂ ਦਾ ਵਿਅੰਗ ਅਸੁਰੱਖਿਆ ਦੀ ਭਾਵਨਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਕਹਾਣੀਕਾਰ ਨੇ ਇਸ ਵਿਅੰਗ ਨੂੰ ਗਿੰਦਰ ਅਤੇ ਉਸਦੇ ਭਗੌੜੇ ਭਰਾਵਾਂ ਦੇ ਪਾਤਰਾਂ ਦੇ ਬੇਘਰੇ ਹੋ ਕੇ ਲੁਕ ਛਿਪ ਕੇ ਮਾਰੇ ਮਾਰੇ ਫਿਰਨ ਦੇ ਦੁਖਾਂਤ ਰਾਹੀਂ ਅੰਕਿਤ ਕੀਤਾ ਹੈ। ਕਹਾਣੀ ਦੇ ਅੰਤ ਉਤੇ ਤੂੜੀ ਦੇ ਕੁੱਪ ਦਾ ਖਿਲਰਨਾ ਪੰਜਾਬ ਦੀ ਉਲਝੀ ਤਾਣੀ ਦੇ ਖਿਲਾਰ ਦੀ ਅਲਾਮਤ ਹੈ। ਇਸ ਸੰਗ੍ਰਹਿ ਦੀ ਆਖਰੀ ਕਹਾਣੀ ''ਧੁੰਦ'' ਵਿਚ ਇਹ ਸਮੱਸਿਆ ਵਧੇਰੇ ਸੁਚੇਤ ਪੱਧਰ ਉਪਰ ਪੇਸ਼ ਹੋਦੀ ਹੈ। ਪਰ ਇਸ ਰਚਨਾ ਦੀ ਮੁਸ਼ਕਿਲ ਇਹ ਹੈ ਕਿ ਗਲਪ-ਬਿੰਬ ਦੀ ਥਾਵੇਂ ਇਹ ਟੇਬਲ ਟਾਕ ਦਾ ਪ੍ਰਭਾਵ ਉਤਪੰਨ ਕਰਦੀ ਹੈ।

'ਖਾਈ', 'ਤਿੰਨ ਮੂਹੇ ਸ਼ੇਰ' ਅਤੇ 'ਖਾਲੀ ਕੁਰਸੀਆਂ' ਕਹਾਣੀਆਂ ਵਿਚ ਦਫਤਰਾਂ



ਵਿਚ ਕੰਮ ਕਰਦੇ ਬਾਊਆਂ ਦੇ ਰੋਜ਼ਮਰਾ ਦੇ ਜੀਵਨ ਨੂੰ ਆਧਾਰ ਬਣਾਇਆ ਗਿਆ ਹੈ। ਬਾਊਆ ਦੇ ਇਰਦ ਗਿਰਦ ਅਫ਼ਸਰਸ਼ਾਹੀ ਦਾ ਚਕਰਵਿਊ ਹੈ। ਇਕ ਪਾਸੇ ਜਨਤਾ ਦੀ ਲੰਮੀ ਕਤਾਰ ਅਤੇ ਦੂਜੇ ਪਾਸੇ ਪਰਿਵਾਰ ਦੀਆ ਲੋੜਾਂ/ਥੁੜਾਂ ਦੀ ਮੁਥਾਜੀ। ਤਿੰਨਾਂ ਧਿਰਾਂ ਦੇ ਵਿਚਕਾਰ ਉਨ੍ਹਾਂ ਦੀ ਮਾਨਵੀ ਹਸਤੀ ਦੇ ਪਿਸਣ, ਭ੍ਰਿਸ਼ਟ ਹੋਣ ਅਤੇ ਹੌਲੀ ਹੌਲੀ ਅਰਥ-ਹੀਣ ਹੋ ਜਾਣ ਦੀ ਵਿਥਿਆ ਇਨ੍ਹਾਂ ਕਹਾਣੀਆਂ ਵਿਚ ਪਰਤ ਦਰ ਪਰਤ ਉਘੜਦੀ ਹੈ। ਕਹਾਣੀਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਸਨੇ ਇਸ ਸਭ ਕੁਝ ਨੂੰ ਤਨਜ਼ ਦੇ ਨਜ਼ਰੀਏ ਤੋਂ ਮੂਰਤੀਮਾਨ ਕੀਤਾ ਹੈ। 'ਛੋਕਰੇ' ਕਹਾਣੀ 'ਚਾਈਲਡ ਲੇਬਰ' ਦੇ ਯਥਾਰਥ ਤੋਂ ਪਰਦਾ ਉਠਾਉਂਦੀ ਹੈ। ਦੂਜਿਆਂ ਦੀ ਜੂਠ ਮਾਂਜਦੇ, ਗੰਦਗੀ ਹੰਢਾਉਂਦੇ ਅਤੇ ਹਯਾਤੀ ਦੀ ਹਰ ਖੁਸ਼ੀ ਤੋਂ ਮਹਿਰੂਮ ਇਹ ਬਾਲ-ਪਾਤਰ ਵੈਲਫੇਅਰ ਸਟੇਟ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਕਹੇ ਜਾਂਦੇ ਲੋਕਤੰਤਰ ਵਿਚ ਬੱਚਿਆਂ ਦੀ ਵਿਸ਼ੇਸ਼ ਅਧਿਕਾਰ ਸਥਿਤੀ ਦਾ ਮਜ਼ਾਕ ਉਡਾਉਂਦੇ ਹਨ। ਇਨ੍ਹਾਂ ਬਾਲ ਪਾਤਰਾਂ ਨਾਲ ਵਗਾਰ ਦੇ ਕੈਦੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ। ਇਸ ਸਲੂਕ ਦੇ ਨਤੀਜੇ ਵਜੋਂ ਕਹਾਣੀ ਦੇ ਅੰਤ ਉਤੇ 'ਉਹਨਾਂ ਦਾ ਅੰਦਰਲਾ ਮਨ ਚੰਗਿਆੜੇ ਵਾਂਗ ਮੱਚਣ' ਲੱਗ ਜਾਂਦਾ ਹੈ। ਪਰ ਕਹਾਣੀਕਾਰ ਇਸ ਵਿਅਕਤੀਗਤ ਵਿਦ੍ਰੋਹ ਭਾਵਨਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਭਲੀਭਾਂਤ ਵਾਕਫ ਹੈ। 'ਰਜਿਸਟਰੀ' ਕਹਾਣੀ ਵਿਚ ਤਨਜ਼ ਦੀ ਜੁਗਤ ਕਚਹਿਰੀਆਂ ਦੀ ਅਫਸਰਸ਼ਾਹੀ ਅਤੇ ਉਨ੍ਹਾਂ ਦੇ ਏਜੰਟਾਂ ਦੀ ਮਿਲੀ ਭੁਗਤ ਦੀਆਂ ਗੁੱਝੀਆਂ ਤਹਿਆਂ ਨੂੰ ਉਭਾਰਦੀ ਹੈ। ਮੱਘਰ ਆਪਣੇ ਵਸੇਬੇ ਨੂੰ ਸੁਖਾਵਾਂ ਬਣਾਉਣ ਲਈ ਕਰਜ਼ਾ ਲੈ ਕੇ ਨਾਲ ਲਗਦਾ ਮਕਾਨ ਖਰੀਦਦਾ ਹੈ। ਮਕਾਨ ਦੀ ਰਜਿਸਟਰੀ ਦੇ ਸਿਲਸਿਲੇ ਵਿਚ ਉਸ ਨੂੰ ਕਾਨੂੰਨੀ ਕਾਰਵਾਈ ਦੇ ਪਰਦੇ ਹੇਠ ਖੱਜਲ ਖਵਾਰੀ ਅਤੇ ਰਿਸ਼ਵਤਖੋਰੀ ਦਾ ਸਾਹਮਣਾ ਕਰਨਾਂ ਪੈਂਦਾ ਹੈ। ਲਟਕਾਅ ਅਤੇ ਪ੍ਰਮਾਣਕ ਉਤਸੁਕਤਾ ਦੀਆਂ ਕਲਾਤਮਕ ਵਿਧੀਆਂ ਦੀ ਮਦਦ ਨਾਲ ਇਹ ਗਲਪ-ਚਿਤਰ ਭ੍ਰਿਸ਼ਟ ਨਿਜ਼ਾਮ ਦੀ ਪ੍ਰਮਾਣਕ ਤਸਵੀਰ ਪੇਸ਼ ਕਰਦਾ ਹੈ।

'ਅਜੇ ਪੰਡ ਨਹੀਂ ਹੋਈ' ਕਹਾਣੀ ਵਿਚ ਨਿਮਨ ਜਾਤੀਆਂ ਦੀਆਂ ਇਸਤਰੀਆਂ ਦੇ ਜਿਨਸੀ ਸ਼ੋਸ਼ਣ ਦੇ ਮਸਲੇ ਵੱਲ ਸੰਕੇਤ ਕੀਤਾ ਗਿਆ ਹੈ। ਪੈਦਾਵਾਰੀ ਸਾਧਨਾਂ ਤੋਂ ਵਿਰਵੇ ਨਿਮਨ ਜਾਤੀਆਂ ਦੇ ਪਾਤਰ ਜਵਾਨ ਪਰਗਾਸੋ ਅਤੇ ਉਸ ਦਾ ਛੋਟਾ ਭਰਾ ਪਰਗਾਸ ਜੱਟ ਜ਼ਿਮੀਂਦਾਰਾਂ ਦੇ ਵੱਟਾਂ ਬੰਨਿਆਂ ਤੋਂ ਘਾਹ ਖੋਤਦੇ ਹਨ। ਜਵਾਨ ਪਰਗਾਸੋ ਵੱਲ ਵੇਖ ਕੇ ਜੱਟ ਗੱਭਰੂ ਦਾ ਬੁੱਲ੍ਹਾਂ 'ਤੇ ਜੀਭ ਫੇਰਨਾ ਅਤੇ ਚਰ੍ਹੀ ਦੀ ਭਰੀ ਚੁਕਾਉਣ ਦੇ ਟੋਚੇ ਬਲ ਉਸ ਦੇ ਫਿਊਡਲ ਜਿਨਸੀ ਉਲਾਰ ਦੀਆਂ ਅਲਾਮਤਾਂ ਹਨ। ਇਸ ਕਹਾਣੀ ਦੇ ਅੰਤ ਉਤੇ ਪਰਗਾਸ ਘਾਹ ਖੋਤਣ ਵਾਲੀ ਖੁਰਪੀ ਨੂੰ ਜ਼ੋਰ ਦੀ ਘੁਮਾ ਕੇ ਛੱਡ ਦੇਂਦਾ ਹੈ, ਜੋ ਜੱਟ ਗੱਭਰੂ ਦੇ ਖੇਤ ਵਿਚਲੇ ਟਾਂਡਿਆਂ ਨੂੰ ਕੱਟਦੀ ਹੋਈ ਮੱਕੀ ਵਿਚ ਗੁਆਚ ਜਾਂਦੀ ਹੈ। ਉਹ ਅੱਗੇ ਤੋਂ ਘਾਹ ਖੋਤਣ ਤੋਂ ਵੀ ਨਾਬਰੀ ਦਾ ਪ੍ਰਗਟਾਵਾ ਕਰਦਾ ਹੈ। ਇਹ ਗਲਪ ਵੇਰਵੇ 'ਛੋਕਰੇ' ਕਹਾਣੀ ਦੇ ਅੰਤ ਵਾਂਗ ਪ੍ਰਤੀਕਾਤਮਕ ਮਹੱਤਤਾ ਰਖਦੇ ਹਨ। 'ਜੁੜਦੀ ਤੇ ਖਿੰਡਦੀ ਭੀੜ' ਪਰੰਪਰਾ ਤੇ ਨਵੀਨਤਾ ਦੇ ਦਵੰਦ ਦੇ ਪਰਿਣਾਮ ਵਜੋਂ ਉਪਜਣ ਵਾਲੇ ਦੁਖਾਂਤ ਨੂੰ ਰੂਪਮਾਨ ਕਰਦੀ ਹੈ। ਬੁੱਢਾ ਬਾਬਾ ਅਜੇ ਪੁਰਾਣੇ ਢੰਗ ਦੀਆਂ ਦੇਸੀ ਜੁੱਤੀਆਂ ਬਣਾ ਰਿਹਾ ਹੈ।

ਆਊਟ ਆਫ ਡੇਟ ਹੋ ਜਾਣ ਦੇ ਬਾਵਜੂਦ ਵੀ, ਉਹ ਆਪਣੇ ਪਿਤਾ-ਪੁਰਖੀ ਕ੍ਰਿੱਤੇ ਨਾਲ ਜੁੜਿਆ ਹੋਇਆ ਹੈ। ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਉਸ ਕੋਲ ਹੋਰ ਕੋਈ ਬਦਲ ਵੀ ਨਹੀਂ, ਪਰ ਨਵੀਂ ਤਕਨਾਲੋਜੀ ਦੀਆਂ ਲੋੜਾਂ ਦੇ ਸਾਹਮਣੇ ਉਸਦੀ ਪੁਰਾਤਨਤਾ ਪੁੱਗ ਵੀ ਨਹੀਂ ਸਕਦੀ। ਕਥਾਕਾਰ ਨੇ ਹੱਥ ਦੀ ਕਿਰਤ ਤੇ ਪੂੰਜੀਵਾਦੀ ਮਸ਼ੀਨੀਕਰਨ ਦੀ ਟੱਕਰ ਵਿਚ ਪਹਿਲੇ ਦੇ ਮੁੱਕ ਜਾਣ ਦੇ ਦੁਖਾਂਤ ਨੂੰ ਇਸ ਕਹਾਣੀ ਵਿਚ ਕਲਾਤਮਕ ਸਹਾਨੁਭੂਤੀ ਨਾਲ ਚਿਤਰਿਆ ਹੈ।

'ਚਾਬੀਆਂ ਦੀ ਖੁਸ਼ੀ', 'ਬੀਮਾਰੀ ਦੀ ਅਰਜ਼ੀ' ਅਤੇ 'ਗਦਰ ਬੇਰ' ਕਹਾਣੀਆਂ ਦੀ ਰਚਨਾ ਵਿਚੋਂ ਸਿਰਜਣਾਤਮਕ ਟਿਕਾਉ ਦੀ ਥਾਂ ਤੇ ਕਾਹਲ ਦੀ ਝਲਕ ਮਿਲਦੀ ਹੈ। ਇਸੇ ਕਰਕੇ ਇਹ ਰਚਨਾਵਾਂ ਕਹਾਣੀਆਂ ਦੀ ਥਾਂ ਘਟਨਾਵਾਂ ਜਾਂ ਘਟਨਾ-ਪ੍ਰਸੰਗ ਹੀ ਪ੍ਰਤੀਤ ਹੁੰਦੀਆਂ ਹਨ। ਵੱਧ ਤੋਂ ਵੱਧ ਇਨ੍ਹਾਂ ਨੂੰ 'ਮਿੰਨੀ ਕਹਾਣੀ' ਦੇ ਦਾਇਰੇ ਵਿਚ ਰਖਿਆ ਜਾ ਸਕਦਾ ਹੈ। ਇਹ ਰਚਨਾਵਾਂ ਅਨੁਭਵ ਦੀ ਰਚਨਾਤਮਕ ਗਹਿਰਾਈ ਨੂੰ ਮਾਪਣ ਪ੍ਰਤੀ ਰੁਚਿਤ ਨਹੀਂ ਹਨ। ਕੁਝ ਕਹਾਣੀਆਂ ਵਿਚ ਕਹਾਣੀ ਦੇ ਵੇਰਵਿਆਂ ਨੂੰ ਸਮੇਟਣ ਵਾਲੇ ਕੇਂਦਰੀ ਬਿੰਦੂ ਦਾ ਅਭਾਵ ਹੈ। ਪਹਿਲੀ ਕਹਾਣੀ 'ਸਰੋਂ' ਵਿਚ ਹੀ ਇਹ ਉਕਾਈ ਭਾਸਦੀ ਹੈ। ਇਸ ਉਕਾਈ ਦੇ ਬਾਵਜੂਦ ਇਸ ਕਹਾਣੀ ਦੀ ਕੇਂਦਰੀ ਪਾਤਰ ਮੇਲੋ ਦੇ ਖੰਡਿਤ ਵਿਅਕਤਿਤਵ ਦੇ ਕਈ ਪਾਸਾਰਾਂ ਦਾ ਮਨੋਵਿਸ਼ਲੇਸ਼ਣ, ਸਰੋਂ, ਸਾਗ, ਪਾਥੀਆਂ ਆਦਿ ਪੰਜਾਬੀ ਰਹਿਤਲ ਦੇ ਜਾਣੇ ਪਛਾਣੇ ਚਿੰਨ੍ਹਾਂ ਰਾਹੀਂ ਕੀਤਾ ਗਿਆ ਹੈ।

'ਕੱਚੀ ਖੂਹੀ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਵਿਚ ਹਯਾਤੀ ਦੇ ਸੁਹਜਮਈ ਅਰਥਾਂ ਦੀ ਤਲਾਸ਼ ਦੇ ਨਾਲ ਨਾਲ ਇਸ ਦੇ ਕੁਹਜਮਈ ਪੱਖਾਂ ਉਪਰ ਵੀ ਦ੍ਰਿਸ਼ਟੀ ਕੇਂਦ੍ਰਿਤ ਕੀਤੀ ਗਈ ਹੈ। ਮਿਸਾਲ ਵਜੋਂ 'ਕੁੱਤੇ ਦੀ ਪੂਛ' ਕਹਾਣੀ ਦੇ ਵੇਰਵਿਆਂ ਨੂੰ ਵੇਖਿਆ ਜਾ ਸਕਦਾ ਹੈ। ਕਲਾ ਵਿਚ ਜ਼ਿੰਦਗੀ ਦੇ ਕੁਹਜਮਈ ਪੱਖਾਂ ਨੂੰ ਸੁਹਜਮਈ ਬਣਾ ਕੇ ਪੇਸ਼ ਕਰਨ ਦੀ ਗੱਲ ਕੀਤੀ ਜਾਂਦੀ ਹੈ। ਮੁਖਤਿਆਰ ਸਿੰਘ ਦੀਆਂ ਕਹਾਣੀਆਂ ਦੇ ਇਹ ਕੁਹਜਮਈ ਪੱਖ ਗਲਪ-ਸ਼ਾਸਤਰ ਲਈ ਤਾਂ ਵਿਵਾਦ ਜਨਕ ਹੋ ਸਕਦੇ ਹਨ, ਪਰ ਹਯਾਤੀ ਦੇ ਹਕੀਕੀ ਚਿਹਰੇ ਨੂੰ ਉਸਦੇ ਸਹੀ ਰੂਪ ਵਿਚ ਪਹਿਚਾਨਣ ਲਈ ਇਨ੍ਹਾਂ ਪੱਖਾਂ ਦਾ ਮਹੱਤਵਪੂਰਣ ਯੋਗਦਾਨ ਹੈ।

ਸਮੁੱਚੇ ਰੂਪ ਵਿਚ 'ਕੱਚੀ ਖੂਹੀ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਸਾਡੇ ਜੀਵਨ ਦੇ ਵੱਖਰੇ ਵੱਖਰੇ ਖੇਤਰਾਂ ਦੀ ਹਕੀਕਤ ਨੂੰ ਉਸਦੇ ਗਤੀਸ਼ੀਲ ਰੂਪਾਂ ਸਹਿਤ ਪ੍ਰਤਿਬਿੰਬਤ ਕਰਨ ਲਈ ਜਤਨਸ਼ੀਲ ਹਨ। ਮੁਖਤਿਆਰ ਸਿੰਘ ਨੂੰ ਇਤਿਹਾਸਕ ਯਥਾਰਥ ਦੀ ਗਾਲਪਿਕ ਪੇਸ਼ਕਾਰੀ ਦੀ ਸੋਝੀ ਹੈ। ਇਹ ਗੱਲ ਕਹਾਣੀਕਾਰ ਵਜੋਂ ਉਸਦੀ ਸੁਹਿਰਦਤਾ ਦੀ ਲਖਾਇਕ ਹੈ।

[ਸੁਖਦੇਵ ਸਿੰਘ ਖਾਹਰਾ]

## ਚਾਨਣ ਕਤਲ ਨਹੀਂ ਹੁੰਦੇ [ਨਰਿੰਦਰ ਭੁੱਲਰ]

'ਚਾਨਣ ਕਤਲ ਨਹੀਂ ਹੁੰਦੇ' ਨਰਿੰਦਰ ਭੁੱਲਰ ਦਾ ਪ੍ਰਥਮ ਕਥਾ-ਸੰਗ੍ਰਹਿ ਹੈ। ਸੰਗ੍ਰਹਿ ਦਾ ਰੂਪ ਧਾਰਨ ਤੋਂ ਪਹਿਲਾਂ ਇਹ ਕਥਾਵਾਂ ਵੱਖੋ ਵੱਖਰੇ ਪਰਚਿਆਂ ਵਿਚ ਛਪ ਚੁੱਕੀਆਂ



ਹਨ। ਪੱਤਰਕਾਰ ਹੋਣ ਦੇ ਨਾਤੇ ਨਰਿੰਦਰ ਭੁੱਲਰ ਸਾਧਾਰਨ ਘਟਨਾ ਨੂੰ ਕਥਾ ਦਾ ਰੂਪ ਦੇਣਾ ਜਾਣਦਾ ਹੈ। ਉਹ ਘਟਨਾ ਜਾਂ ਪਾਤਰ ਨੂੰ ਸਹਿਜ ਸਾਦਾ ਰੂਪ ਵਿਚ ਚਿਤਰਦਾ ਹੈ, ਜਾਣ ਬੁਝਕੇ ਗੇੜਿਆਂ ਵਿਚ ਨਹੀਂ ਪਾਉਂਦਾ।

ਨਰਿੰਦਰ ਭੁੱਲਰ ਆਪਣੀਆਂ ਕਥਾਵਾਂ ਵਿਚ ਬਹੁਤੇ ਪਾਤਰ ਮੱਧ ਵਰਗ ਤੇ ਨਿਮਨ ਮੱਧ ਵਰਗ ਵਿਚੋਂ ਲੈਂਦਾ ਹੈ। ਇਸ ਦੀ ਮਾਨਸਿਕਤਾ 'ਤੇ ਜਗੀਰੂ ਸੰਸਕਾਰਾਂ ਦਾ ਪ੍ਰਭਾਵ ਵੀ ਹੈ ਜਿਸ ਦਾ ਪ੍ਰਗਟਾ ਉਹ ਕਈ ਪਾਤਰਾਂ ਦੇ ਕਿਰਦਾਰ ਰਾਹੀਂ ਕਰਦਾ ਹੈ। ਜਗੀਰੂ ਪ੍ਰਥਾ ਇਕ ਸਮਾਂ ਵਿਹਾ ਚੁੱਕੀ ਪ੍ਰਥਾ ਹੈ ਜਿਸ ਵੱਲ ਹੁਣ ਲਿਹਾਜੂ ਜਾਂ ਮੋਹ ਵਾਲਾ ਵਤੀਰਾ ਧਾਰਨ ਕਰਨ ਦੀ ਥਾਂ ਨਿਰਦਈ ਤੇ ਬੇ ਲਿਹਾਜ਼ ਵਤੀਰਾ ਧਾਰਨ ਕਰਨ ਦੀ ਲੋੜ ਹੈ। ਪਰੰਤੂ ਭੁੱਲਰ ਅਜਿਹਾ ਨਹੀਂ ਕਰਦਾ। ਉਸਦੀ ਪਹਿਲੀ ਕਹਾਣੀ ਦਾ ਨਾਇਕ ਕਾਮਰੇਡ ਪਰਗਟ ਸਿੰਘ ਜਿਥੇ ਇਕ ਚੇਤਨ ਵਿਅਕਤੀ ਹੈ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਸਮਾਜ ਦੇ ਵਿਕਾਸ ਨੂੰ ਸਮਝਦਾ ਹੈ, ਉਥੇ ਉਹ ਮਧਵਰਗੀ ਤੇ ਕਿਸਾਨੀ ਸੋਚ ਤੋਂ ਮੁਕਤ ਨਹੀਂ ਹੋ ਸਕਿਆ। ਉਹ ਸ਼ਹਿਰ ਦੇ ਨੇੜੇ ਹੈ ਤੇ ਲਹਿਰ ਦੇ ਮੱਠੇਪਣ ਤੋਂ ਔਖਾ ਹੈ, ਪਰੰਤੂ ਇਸ ਦੇ ਕਾਰਨਾਂ ਦੀ ਡੂੰਘਾਈ ਵਿਚ ਜਾਣ ਦੀ ਥਾਂ ਖੱਬੇ ਕੁਰਾਹੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਉਸਦਾ ਇਕ ਲੜਕਾ ਨਕਸਲੀ ਬਣ ਜਾਂਦਾ ਹੈ ਤੇ ਪੁਲਸ ਹੱਥੋਂ ਮਾਰਿਆ ਜਾਂਦਾ ਹੈ। ਦੂਜਾ ਵੀ ਮੁਸ਼ਕਿਲ ਨਾਲ ਬਚਦਾ ਹੈ। ਇਹ ਕੁਝ ਹੋਣਾ ਨਕਸਲੀ ਅਮਲ ਦਾ ਮੰਤਕੀ ਸਿੱਟਾ ਹੈ। ਪਰੰਤੂ ਕਾਮਰੇਡ ਪਰਗਟ ਸਿੰਘ ਹੋਸ਼ ਤੇ ਚੇਤਨਾ ਸਭ ਕੁਝ ਗੁਆ ਬਹਿੰਦਾ ਹੈ ਤੇ ਅੰਤ ਵਿਚ ਵਿਚਾਰਵਾਦ ਦੀ ਘੁੰਮਣ ਘੇਰੀ ਵਿਚ ਫਸ ਜਾਂਦਾ ਹੈ। ਇਹ ਜਗੀਰੂ ਸੰਸਕਾਰਾਂ ਤੋਂ ਮੁਕਤ ਨਾ ਹੋਣਾ ਹੈ।

'ਟੁੱਟੀਆਂ ਤੰਦਾਂ' ਕਹਾਣੀ ਵੀ ਜਗੀਰੂ ਰਿਸ਼ਤਿਆਂ ਦੇ ਟੁੱਟਣ ਦੀ ਕਥਾ ਹੈ। ਮਿਸਤਰੀ ਸ਼ੰਕਰ ਸਿੰਘ ਆਪਣੇ ਭਤੀਜਿਆਂ ਨੂੰ ਪੁੱਤਾਂ ਵਾਂਗ ਪਾਲਦਾ ਹੈ ਅਤੇ ਆਸ ਰੱਖਦਾ ਹੈ ਕਿ ਉਹ ਉਸਦਾ ਸਹਾਰਾ ਬਣਨਗੇ, ਪਰੰਤੂ ਇੰਝ ਹੁੰਦਾ ਨਹੀਂ। ਦਿਨੋ ਦਿਨ ਬੁਰਜਵਾ ਪ੍ਰਥਾ ਦੇ ਵਧ ਰਹੇ ਪ੍ਰਭਾਵ ਕਾਰਨ ਵਿਅਕਤੀ ਪਦਾਰਥਕ ਹਿਤਾਂ ਨੂੰ ਅਹਿਮੀਅਤ ਦੇਣ ਲੱਗ ਪਿਆ ਹੈ। ਸ਼ੰਕਰ ਸਿੰਘ ਦੇ ਭਤੀਜੇ ਵੀ ਇਹੋ ਕੁਝ ਕਰਦੇ ਹਨ। ਇਹ ਕੋਈ ਅਨੋਖਾ ਵਰਤਾਰਾ ਨਹੀਂ ਹੈ। ਜੇਕਰ ਸ਼ੰਕਰ ਸਿੰਘ ਦੇ ਆਪਣੇ ਮੁੰਡੇ ਵੀ ਹੁੰਦੇ ਉਹਨਾਂ ਨੇ ਵੀ ਇਵੇਂ ਹੀ ਕਰਨਾ ਸੀ। ਇਸ ਵਿਚ ਮੁੰਡਿਆਂ ਦਾ ਕਸੂਰ ਨਹੀਂ ਸ਼ੰਕਰ ਸਿੰਘ ਦਾ ਆਪਣਾ ਹੈ ਜਿਹੜਾ ਜਗੀਰੂ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਿਆ। 'ਮਰਿਆ ਹੋਇਆ ਆਦਮੀ' ਕਹਾਣੀ ਦਾ ਨਾਇਕ ਜੈ ਰਾਮ ਵੀ ਜਗੀਰੂ ਸੰਸਕਾਰਾਂ ਦਾ ਅਪਾਹਜ ਹੈ, ਜਿਸ ਨੂੰ ਜੰਮਦੇ ਨੂੰ ਹੀ ਰਾਮ ਲਛਮਣ ਦੀ ਕਥਾ ਚੰਗੀ ਤਰ੍ਹਾਂ ਦ੍ਰਿੜ ਕਰਵਾਈ ਹੋਈ ਹੈ, ਜਿਸ ਅਨੁਸਾਰ ਵੱਡਿਆਂ ਦਾ ਕਹਿਣਾ ਮੰਨਣਾ ਧਰਮ ਹੈ। ਇਸੇ ਧਰਮ ਅਧੀਨ ਜੈ ਰਾਮ ਆਪਣੀ ਕਮਾਈ ਆਪਣੇ ਭਰਾ ਨੂੰ ਲੁਟਾਈ ਜਾਂਦਾ ਹੈ। ਇਸ ਵਿਚ ਜੈ ਰਾਮ ਵਿਚਾਰੇ ਦਾ ਕੀ ਦੋਸ਼?

'ਆਪਣਾ ਬੰਦਾ' ਕਹਾਣੀ ਵਿਚਲੀ ਇਕ ਨਿਮਨ ਮਧ ਵਰਗੀ ਕੁੜੀ ਕਾਮੁਕ ਰੁਚੀਆਂ ਦਾ ਸ਼ਿਕਾਰ ਹੈ, ਜੋ ਕਿਸੇ ਮਰਦ ਨਾਲ ਸੰਬੰਧ ਜੋੜਨ ਵਿਚ ਕੋਈ ਹਰਜ ਨਹੀਂ ਸਮਝਦੀ। ਪਰੰਤੂ ਵਿਆਹ ਤੇ ਜਾਣ ਹੋ ਆਪਣਾ ਟੀਚਾ ਪ੍ਰਾਪਤ ਕਰ ਲਿਆ ਸਮਝਦੀ ਹੈ ਅਤੇ

ਆਪਣੇ ਪਤੀ ਤੋਂ ਬਿਨਾਂ ਹੋਰ ਕਿਸੇ ਨਾਲ ਸਰੀਰਕ ਸੰਬੰਧ ਰਖਣੇ ਠੀਕ ਨਹੀਂ ਸਮਝਦੀ। ਜਿਨ੍ਹਾਂ ਸੰਸਕਾਰਾਂ ਨੂੰ ਤੋੜਦੀ ਹੈ ਮੁੜ ਉਹਨਾਂ ਵਿਚ ਹੀ ਬੱਝ ਜਾਂਦੀ ਹੈ।

'ਦਿੱਲੀ ਬੰਦ ਹੈ' ਅਜੋਕੀ ਸਥਿਤੀ ਬਾਰੇ ਕਹਾਣੀ ਹੈ ਫਿਰਕੂ ਸ਼ਕਤੀਆਂ ਸੰਪਰਦਾਇਕ ਜ਼ਹਿਰ ਫੈਲਾਕੇ ਦੰਗੇ ਕਰਵਾ ਰਹੀਆਂ ਹਨ। ਪਰੰਤੂ ਮਾਨਵੀ ਸ਼ਕਤੀਆਂ ਹਾਲ ਤਕੜੀਆ ਹਨ, ਜੋ ਇਸ ਨਫਰਤ ਦੇ ਟਾਕਰੇ ਲਈ ਤਿਆਰ ਹੁੰਦੀਆਂ ਹਨ। ਕਹਾਣੀ "ਧੁਖਦੇ ਪਲ" ਸ੍ਰੇਣਿਕ ਸਦਾਚਾਰ ਦੀ ਕਹਾਣੀ ਹੈ, ਜਿਸ ਵਿਚ ਬੱਟਤ ਵਿਚੋਂ ਦਸ ਰੁਪਏ ਰਖਣੇ ਤਾਂ ਚੋਰੀ ਹੈ ਪਰੰਤੂ ਲੱਖਾਂ ਰੁਪਏ ਦਾ ਗੈਰ ਸਮਾਜਕ ਢੰਗਾਂ ਨਾਲ ਕਮਾਇਆ ਮੁਨਾਫਾ ਚੋਰੀ ਨਹੀਂ ਹੈ। ਵਿਚਾਰੇ ਮੋਹਨ ਲਾਲ ਤੋਂ ਦਸ ਰੁਪੈ ਹਜਮ ਨਹੀਂ ਹੋ ਰਹੇ, ਸੇਠ ਲੱਖਾਂ ਡਕਾਰ ਰਿਹਾ ਹੈ। 'ਹਵਾ ਦਾ ਰੁੱਖ' ਕਹਾਣੀ ਇਕ ਅਜਿਹੀ ਇਸਤਰੀ ਦੀ ਮਾਨਸਿਕਤਾ ਬਿਆਨ ਕਰਦੀ ਹੈ ਜਿਸਦਾ ਪ੍ਰੇਮੀ ਪਤੀ ਮਰ ਜਾਂਦਾ ਹੈ। ਲੋਕ ਉਹਨੂੰ ਦੂਜਾ ਵਿਆਹ ਕਰਨ ਲਈ ਕਹਿੰਦੇ ਹਨ, ਉਹ ਮੰਨ ਵੀ ਜਾਂਦੀ ਹੈ। ਪਰੰਤੂ ਫਿਰ ਅਚਾਨਕ ਇਨਕਾਰ ਕਰ ਦਿੰਦੀ ਹੈ ਅਤੇ ਇਕੱਲਿਆਂ ਹੀ ਜੀਵਨ ਗੁਜ਼ਾਰਨ ਦਾ ਫੈਸਲਾ ਕਰਦੀ ਹੈ। ਲੇਖਕ ਇਸ ਫੈਸਲੇ ਦਾ ਕੋਈ ਖਾਸ ਕਾਰਨ ਨਹੀਂ ਦੱਸਦਾ ਜਦਕਿ ਵਿਆਹ ਦੇ ਹੱਕ ਵਿਚ ਢੇਰ ਸਾਰੀਆਂ ਦਲੀਲਾਂ ਦਿੰਦਾ ਹੈ। ਇਸ ਦਾ ਇਕੋ ਕਾਰਨ ਹੋ ਸਕਦਾ ਹੈ ਕਿ ਮਰਨ ਵਾਲਾ ਕੇਵਲ ਪਤੀ ਹੀ ਨਹੀਂ ਸੀ ਉਸਦਾ ਮਹਿਬੂਬ ਵੀ ਸੀ। 'ਫੈਸਲਾ' ਕਹਾਣੀ ਜਗੀਰੂ ਰਿਸ਼ਤਿਆਂ ਦੇ ਟੁੱਟਣ ਦੀ ਕਥਾ ਹੈ। ਇਥੇ ਵੀ ਰਿਸ਼ਤੇ ਉਤੇ ਆਰਥਿਕ ਹਿਤਾਂ ਦੀ ਧੂੜ ਪੈ ਜਾਂਦੀ ਹੈ ਅਤੇ ਉਹ ਟੁੱਟ ਜਾਂਦੇ ਹਨ। 'ਸਮੁੰਦਰ ਹੇਠਲਾ ਮਾਰੂਥਲ' ਬੁਰਜਵਾ ਵਿਵਸਥਾ ਦੇ ਵਲਗਰ ਕਲਚਰ ਦੀ ਪੇਸ਼ਕਾਰੀ ਤੇ ਜਗੀਰੂ ਰਿਸ਼ਤਿਆਂ ਦੇ ਟੁੱਟਣ ਦੀ ਕਥਾ ਹੈ।

ਅੰਤਲੀ ਕਹਾਣੀ 'ਚਾਨਣ ਕਤਲ ਨਹੀਂ ਹੁੰਦੇ,' ਜਿਸ ਉਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ, ਨਕਸਲੀ ਲਹਿਰ ਬਾਰੇ ਹੈ। ਇਸ ਵਿਚ ਨਾਇਕ ਨਕਸਲੀ ਰਾਜਨੀਤੀ ਨੂੰ ਅਪਣਾ ਕੇ ਕਤਲ ਕਰਦਾ ਹੈ ਅਤੇ ਸੋਚਦਾ ਹੈ ਕਿ ਉਹ ਜਮਾਤੀ ਦੁਸ਼ਮਨਾਂ ਨੂੰ ਮਾਰਕੇ ਇਨਕਲਾਬ ਨੇੜੇ ਲਿਆ ਰਿਹਾ ਹੈ। ਇਨਕਲਾਬ ਤਾਂ ਨੇੜੇ ਕਿਤੇ ਦਿਸਦਾ ਨਹੀਂ ਪਰ ਉਹ ਆਪ ਪੁਲਸ ਹੱਥੋਂ ਮਾਰਿਆ ਜਾਂਦਾ ਹੈ। ਨਕਸਲੀ ਲਹਿਰ ਵਿਚ ਮਰਨ ਵਾਲਿਆਂ ਲਈ ਨਿਜੀ ਹਮਦਰਦੀ ਰੱਖਣੀ ਹੋਰ ਗੱਲ ਹੈ, ਉਹਨਾਂ ਨੂੰ ਸਮਾਜਕ ਰਾਜਨੀਤਕ ਪੱਖੋਂ ਚਾਨਣ ਦਾ ਦਰਜਾ ਦੇਣਾ ਹੋਰ ਗੱਲ। ਕੁਰਾਹ ਚਾਨਣ ਤਾਂ ਨਹੀਂ ਕਰਦਾ।

ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਵਿਚ ਵਿਲੱਖਣਤਾ ਤੇ ਨਵੀਨਤਾ ਨਹੀਂ। ਪਰੰਤੂ ਲੇਖਕ ਕੋਲ ਦੋ ਮੁਢਲੇ ਗੁਣ ਅਵੱਸ਼ ਹਨ। ਪਹਿਲਾ ਉਹ ਆਰਥਿਕ ਤੇ ਸਮਾਜਕ ਮਸਲਿਆਂ ਨੂੰ ਵਿਸ਼ੇ ਵਜੋਂ ਚੁਣਦਾ ਹੈ. ਦੂਜੇ ਉਸ ਨੂੰ ਗੱਲ ਕਹਿਣ ਦਾ ਢੰਗ ਆਉਂਦਾ ਹੈ। ਇਹਨਾਂ ਗੁਣਾਂ ਸਦਕਾ ਉਸ ਦੇ ਚੰਗੇ ਕਥਾ ਲੇਖਕ ਬਣਨ ਦੀ ਆਸ ਬੱਝਦੀ ਹੈ।

[ਸੁਰਜੀਤ ਗਿੱਲ]

**ਰਾਤਾਂ-ਪ੍ਰਭਾਤਾਂ** [ਮਨਮੋਹਨ ਸਿੰਘ ਦਾਊਂ]

ਰਾਤਾਂ-ਪ੍ਰਭਾਤਾਂ (ਪੰਨੇ 86, ਮੁੱਲ 25 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ) ਮਨਮੋਹਨ ਸਿੰਘ ਦਾਊਂ ਦਾ ਨਵਾਂ ਕਾਵਿ-ਸੰਕਲਨ ਹੈ। ਇਸ ਵਿਚ 25 ਨਜ਼ਮਾਂ, 13 ਗੀਤ



ਤੇ ਕੁਝ ਗ਼ਜ਼ਲਾਂ ਸ਼ਾਮਿਲ ਹਨ।

'ਮੇਰੀ ਰਚਨਾ ਪ੍ਰਕਿਰਿਆ' ਵਿਚ ਕਵੀ ਦਾਊਂ ਲਿਖਦਾ ਹੈ "ਉਂਝ ਕਵਿਤਾ ਲਿਖਣੀ ਇਕ ਸਾਧਾਰਣ ਜਿਹੀ ਗੱਲ ਜਾਪਦੀ ਹੈ, ਪਰੰਤੂ ਮੇਰੇ ਲਈ ਕਵਿਤਾ ਮੇਰੇ ਅਨੁਭਵ 'ਚੋਂ ਉਗਮੀ, ਫੁੱਲ ਦੇ ਉਸ ਬੂਟੇ ਵਾਂਗ ਹੈ, ਜਿਸ ਦੀਆਂ ਜੜ੍ਹਾਂ ਧਰਤੀ ਦੀ ਮਿੱਟੀ 'ਚੋਂ ਹੋਣ। ...ਮੇਰੇ ਲਈ ਕਵਿਤਾ ਲਗਨ, ਮਿਹਨਤ, ਸਿਰੜ, ਸੁਹਿਰਦਤਾ ਤੇ ਮੁਹੱਬਤ ਦੀਆਂ ਪੌੜੀਆਂ ਹਨ।"

ਇਸ ਸਵੈ-ਕਥਨ ਵਿਚ ਕਵੀ ਦੀਆਂ ਜੋ ਕਾਵਿ-ਧਾਰਨਾਵਾਂ ਬਣਦੀਆਂ ਹਨ, ਉਹ ਹਨ : ਕਵਿਤਾ ਲੇਖਣ ਸਾਧਾਰਣ ਗੱਲ (ਕਾਰਜ) ਹੈ, ਅਤੇ ਉਹਦੀ ਕਵਿਤਾ ਅਨੁਭਵ 'ਚੋਂ ਉਪਜੀ ਹੈ, ਅਤੇ ਉਸ ਲਈ ਕਵਿਤਾ ਲਗਨ, ਮਿਹਨਤ ਸਿਰੜ, ਸੁਹਿਰਦਤਾ ਤੇ ਮੁਹੱਬਤ ਹੈ।

ਪਹਿਲੀ ਤੇ ਤੀਸਰੀ ਧਾਰਨਾ ਕੀ ਅੰਤਰ-ਵਿਰੋਧੀ ਨਹੀਂ ? ਪਰ ਕਵਿਤਾ ਸੱਚ ਹੀ ਉਸ ਲਈ ਸਾਧਾਰਨ ਕਾਰਜ ਹੈ। ਉਸ ਦੇ ਮਨ ਆਏ ਭਾਵ ਕਵਿਤਾ ਹਨ। ਸਾਧਾਰਨ ਇਸ ਲਈ ਵੀ ਕਿ ਉਸਦੀ ਕਵਿਤਾ ਕੋਈ ਨਵਾਂ-ਕਾਵਿ ਮੁਹਾਵਰਾ ਨਹੀਂ ਸਿਰਜਦੀ। ਉਹ ਤਾਂ ਸ਼ਿਵ ਕੁਮਾਰ ਦੇ ਮੁਹਾਵਰੇ ਦੀ ਓਟ ਲੈ ਕੇ ਮਨ-ਵੇਦਨਾ ਕਹਿ ਰਿਹੈ। ਮਨ-ਵੇਦਨਾ ਇਸ ਲਈ ਕਿ ਸਮੁੱਚਾ ਕਾਵਿ-ਭਾਵ 'ਪਿਆਰ' ਹੈ। ਇਸ ਵਿਚੋਂ ਵੀ ਵਸਲ ਦੀ ਤਾਂਘ, ਪਹਿਲੇ ਮਿਲਣ ਬਿਨਾਂ ਆਉਧ ਗੁਜ਼ਰ ਜਾਣ ਦੀ ਉਦਾਸੀ ਪੂਰੀ ਕਵਿਤਾ ਦੇ ਆਧਾਰ ਭਾਵ ਹਨ :

ਆ ਜਿਸਮਾਂ ਨੂੰ ਇਕ ਮਿਕ ਕਰਕੇ, ਦਿਲ ਦੀ ਸਾਂਝੀ ਗੱਲ ਕੋਈ ਕਰੀਏ
ਭਾਵਾਂ ਦੀ ਬੇੜੀ-ਵਿਚ ਬਹਿਕੇ, ਚੁੰਮਣ ਭਰੀ ਗਵਾਹੀ ਪਾਈਏ। [ਰਿਸ਼ਤਾ]

ਗੀਤ-ਕਾਵਿ ਵਿਚ ਦਾਊਂ ਸ਼ਿਵ-ਕਾਵਿ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਸ਼ਾਬਦਿਕ-ਬਿੰਬ ਪਿਆਰ-ਭਾਵ ਉਭਾਰਦੇ ਹਨ। ਸ਼ਿਵ ਕਾਵਿ-ਬਿੰਬ ਦਾ ਜੋ ਸਭਿਆਚਾਰਕ ਪਰਿਪੇਖ ਸੀ, ਉਹ ਦਾਊਂ ਵਿਚ ਨਹੀਂ ਬਣਦਾ, ਜਿਸ ਕਰਕੇ ਬਿੰਬ ਮਹਿਜ਼ ਸ਼ਬਦ ਜੜ੍ਹਤ ਬਣਦੇ ਹਨ। ਇਹ ਪਿਆਰ ਭਾਵ ਹੀ ਗਜ਼ਲ ਦਾ ਆਧਾਰ ਹੈ।

ਕਵਿਤਾ ਵਿਚ ਜ਼ਰੂਰ ਉਸ ਪਿਆਰ ਤੋਂ ਹਟ ਕੇ ਬੇਰੁਜ਼ਗਾਰੀ, ਆਰਥਿਕ-ਸ਼ੋਸ਼ਣ, ਗਰੀਬੀ ਦੇ ਸੰਤਾਪ, ਪੰਜਾਬ ਸਥਿਤੀ ਨੂੰ ਵੀ ਕੁਝ ਥਾਈਂ ਕਾਵਿ-ਭਾਵ ਬਣਾਇਆ ਹੈ।

ਕਿਸੇ ਦੀ ਕਾਬਲੀਅਤ ਦਾ ਸਬੂਤ, ਉਸਦਾ ਪ੍ਰਮਾਣ-ਪੱਤਰ ਨਹੀਂ ਮੰਨ ਹੁੰਦੀ
ਹਰ ਦਫਤਰ 'ਚ ਸਿਫਾਰਸ਼ ਦਾ ਫੋਨ ਖੜਕਦਾ ਹੈ
ਰਾਜਨੀਤੀ ਦੀ ਕੁਰਸੀ ਬੁੱਧੀ-ਜੀਵੀ ਤੇ ਰਾਜ ਕਰਦੀ ਹੈ। (ਧਰਤੀ ਰੁੱਖ ਤੇ ਲੋਕ)

ਦਾਊਂ ਦੀ ਅਜਿਹੀ ਕਵਿਤਾ ਸਪਾਟ ਹੀ ਹੈ ਤੇ ਉਂਝ ਵੀ ਸਾਰੀ ਕਵਿਤਾ ਸਾਧਾਰਨ ਅਤਿ-ਸਰਲ ਤੇ ਇਕ ਪਰਤੀ। ਅਜਿਹੀ ਸ਼ਾਇਰੀ ਨੂੰ ਕਿਸੇ ਵਿਚਾਰਧਾਰਾਈ ਸੰਦਰਭ ਵਿਚ ਨਹੀਂ ਵਾਚਿਆ ਜਾ ਸਕਦਾ। ਅਜਿਹੀ ਸ਼ਾਇਰੀ-ਨਿੱਜ ਦੀ ਸ਼ਾਇਰੀ ਹੈ, ਨਿੱਜੀ ਵੇਦਨਾ ਦੀ ਸ਼ਾਇਰੀ, ਨਿੱਜ ਲਈ। ਸੰਬੋਧਨੀ ਸੁਰ ਵਾਲੀ ਇਹ ਸ਼ਾਇਰੀ ਲੋਕਾਂ ਨਾਲ ਬਹੁਤਾ ਸਰੋਕਾਰ ਨਹੀਂ ਰਖਦੀ। ਅੱਜ ਦੀ ਤਲਖ ਜ਼ਿੰਦਗੀ, ਜੀਵਨ-ਸੰਕਟ, ਤਣਾਓ ਜੇ ਸ਼ਾਇਰੀ ਚੋਂ ਮਨਫ਼ੀ ਹਨ ਤਾਂ ਉਸ ਦੀ ਸਾਰਥਿਕਤਾ ਉਤੇ ਪ੍ਰਸ਼ਨ-ਚਿੰਨ੍ਹ ਅਵੱਸ਼ ਲੱਗੇਗਾ।

[ਅਵਤਾਰ ਜੌੜਾ]

## ਪੱਤਰ

ਸਤਿਕਾਰਯੋਗ ਰਘਬੀਰ ਜੀ,

ਬੜੀ ਲੰਮੀ ਉਡੀਕ ਬਾਦ ਵਰਿਆਮ ਸੰਧੂ ਦੀ ਬਹੁ-ਚਰਚਿਤ ਕਹਾਣੀ "ਭੱਜੀਆਂ ਬਾਹੀਂ" ਹੁਣੇ ਕੁਝ ਦਿਨ ਪਹਿਲਾਂ ਹੀ ਪੜ੍ਹਨ ਨੂੰ ਮਿਲੀ। 'ਸਿਰਜਣਾ' ਵਿਚ ਛਪੇ ਜਾਂ ਕਿਧਰੇ ਹੋਰ ਵੀ ਛਪੇ ਕਈ ਪਾਠਕਾਂ ਦੇ ਵਿਚਾਰ ਵੀ ਪੜ੍ਹੇ। ਇਸ ਵਿਚ ਕੋਈ ਸ਼ੱਕ ਨਹੀਂ ਕਿ "ਭੱਜੀਆਂ ਬਾਹੀਂ" ਇਕ ਬਹੁਤ ਹੀ ਜ਼ਬਰਦਸਤ ਕਹਾਣੀ ਹੈ। ਕਹਾਣੀ ਦੇ ਅੰਤ ਤਕ ਪੁੱਜਦੇ ਪੁੱਜਦੇ ਇਸਦੇ ਮੁੱਖ ਪਾਤਰ ਕੇਵਲ ਨਾਲ ਨ ਸਿਰਫ ਡੂੰਘੀ ਹਮਦਰਦੀ ਹੀ ਪੈਦਾ ਹੋਈ ਹੁੰਦੀ ਹੈ, ਸਗੋਂ ਕਿਸੇ ਨਾ ਕਿਸੇ ਪੱਧਰ 'ਤੇ ਉਸ ਨਾਲ ਇਕ ਨਵੇਕਲੀ ਸਾਂਝ ਤੇ ਪਹਿਚਾਣ ਵੀ ਉੱਭਰਦੀ ਹੈ। ਲੇਕਿਨ ਕਹਾਣੀ ਸਿਰਫ ਏਨੀ ਹੀ ਨਹੀਂ। ਇਹ ਕਹਾਣੀ ਅਜੋਕੇ ਪੰਜਾਬ ਦੀ ਇਕ ਖਾਸ ਰਾਜਨੀਤਕ, ਇਤਿਹਾਸਕ, ਆਰਥਿਕ ਤੇ ਸਮਾਜਕ ਹਾਲਤ ਵਿਚੋਂ ਨਿਕਲਣ ਕਰਕੇ ਇਹ ਸੁਭਾਵਕ ਹੀ ਹੈ ਕਿ ਕੇਵਲ ਦੀ ਕਹਾਣੀ ਸਾਰੇ ਪੰਜਾਬ ਦੇ ਨੌਜਵਾਨਾਂ ਦੀ ਦਾਸਤਾਂ ਬਣ ਜਾਂਦੀ ਹੈ। ਬੱਸ ਕਹਾਣੀ ਤੇ ਅਸਲੀਅਤ ਦਾ ਸੰਬੰਧ ਇਥੇ ਤਕ ਹੀ ਜਾਪਦਾ ਹੈ। ਆਪਣੇ ਨਾਲ ਹੁੰਦੀਆਂ ਵਧੀਕੀਆਂ ਦੇ ਜਵਾਬ ਵਿਚ ਜੇ ਕੇਵਲ ਘਰੋਂ ਬਾਹਰ ਜਾ ਕੇ ਕਿਸੇ ਹੋਰ ਗਰੁੱਪ ਨਾਲ ਮਿਲ ਕੇ ਜਾਂ ਕਿਸੇ ਵੱਡੇ ਗੁੰਡੇ ਦੀ ਮਦਦ ਨਾਲ ਹਥਿਆਰ-ਬੰਦ ਹੋ ਆਪਣੇ ਹੀ ਪਿੰਡ ਤੇ ਪਰਿਵਾਰ ਵਿਚ ਮਾਰ-ਧਾੜ ਕਰਦਾ ਤੇ ਦਹਿਸ਼ਤ ਫੈਲਾਂਦਾ ਤਾਂ ਭਲਾ ਸਾਡੀ ਹਮਦਰਦੀ ਐਸੇ ਕੇਵਲ ਨਾਲ ਹੋਣੀ ਸੀ ? ਭਾਵੇਂ ਕਹਾਣੀ ਵਿਚ ਬਾਹਰੋਂ ਆਏ ਅਣਪਛਾਤੇ ਅਤਿਵਾਦੀ ਕੇਵਲ ਨੂੰ ਗੋਲੀ ਮਾਰ ਜਾਂਦੇ ਹਨ, ਪਰ ਅਜੋਕੇ ਪੰਜਾਬ ਦਾ ਉਹ ਕੇਵਲ ਜਿਸ ਨਾਲ ਵੱਡੇ ਪਰਿਵਾਰ ਵੱਲੋਂ ਧੱਕੇ ਤਾਂ ਜ਼ਰੂਰ ਹੋਏ ਹਨ ਉਹ ਤਾਂ ਖੁਦ ਐਸੇ ਦੇਸੀ ਤੇ ਵਿਦੇਸ਼ੀ ਗੁੰਡਿਆਂ ਨਾਲ ਮਿਲ ਕੇ ਕਈ ਵਾਰ ਖੁਦ ਕਾਤਲ ਬਣਿਆ ਹੈ।

ਹੋਰ, 'ਸਿਰਜਣਾ' ਦੇ ਤਾਜ਼ਾ ਅੰਕ-71 ਵਿਚ ਛਪੇ ਲੇਖ, ਕਵਿਤਾਵਾਂ, ਸਰਾਹੁਣ ਯੋਗ ਹਨ। ਨ੍ਰਿਪਿੰਦ੍ਰ ਰਤਨ ਦੀ ਕਹਾਣੀ ਪਸੰਦ ਆਈ। ਸਾਰੀ ਕਹਾਣੀ ਅਨਵਰ ਤੇ ਨਿਸ਼ਾ ਦੀ "ਮੈਂ ਹੀ ਮੈਂ" ਨਾਲ ਭਰੀ ਹੋਈ ਹੈ ਜੋ ਅੱਜ ਦੇ ਸਵੈ-ਵਾਦੀ ਸਿਧਾਂਤ ਨਾਲ ਭਰੇ ਉਪਰਲੇ-ਮੱਧ-ਤਬਕੇ ਦਾ ਦੁਖਾਂਤ ਹੈ। ਦੋਹਾਂ ਅਨਵਰ ਤੇ ਨਿਸ਼ਾ ਨੂੰ ਇਹੀ ਦੁੱਖ ਹੈ ਕਿ ਹਾਏ ਕਿਸੇ ਨੇ ਉਨ੍ਹਾਂ ਦਾ ਅੰਦਰ ਨਹੀਂ ਪਛਾਣਿਆ ਤੇ ਉਨ੍ਹਾਂ ਦੀ ਚੁੱਪ ਨੂੰ ਨਹੀਂ ਸੁਣਿਆ। ਪਰ ਦੂਜੇ ਪਾਸੇ ਉਹਨਾਂ ਖੁਦ ਵੀ ਕਿਹੜੀ ਆਪਣੇ ਪਹਿਲੇ ਸਾਥੀਆਂ ਦੀ ਚੁੱਪ ਸੁਣੀ ਸੀ। ਏਸੇ ਆਪੋ ਧਾਪੀ ਦਾ ਨਤੀਜਾ ਹੈ ਨਿਰੰਤਰ ਭਟਕਣ, ਆਪਣੇ ਦਾਇਰਿਆਂ ਤੋਂ ਬਾਹਰ ਦੀ ਗੁਆਚ ਤੇ ਫੇਰ ਕਿਸੇ ਕਮਿਟਮੈਂਟ ਵਿਚ ਸ਼ਾਮਲ ਹੋਣ ਦੀ ਹਿੰਮਤ ਤੋਂ ਬਗੈਰ ਸਵੈ-ਦੁਫਾੜ ਤੇ ਵਿਚ-ਵਿਚਾਲੇ ਲਟਕਣ ਦੀ ਇਕ ਸਦੀਵੀ ਸਥਿਤੀ।

'ਸਿਰਜਣਾ' ਦੇ ਹਰ ਅਗਲੇ ਅੰਕ ਦੇ ਆਉਣ ਦੀ ਉਡੀਕ ਰਹਿੰਦੀ ਹੈ।

ਸੁਰੇਸ਼ ਰਤਨ (ਆਰੁਸ, ਡੈਨਮਾਰਕ)

ਸਿਰਜਣਾ-71 ਵਿਚ ਭੂਸ਼ਨ ਦੇ ਲੇਖ 'ਸਾਹਿਤ ਤੇ ਮਨੋਰੰਜਨ' ਨੂੰ ਚੀਰ-ਫਾੜ ਕਹੀਏ ਤਾਂ ਸ਼ਾਇਦ ਅੱਤਕਥਨੀ ਨਾ ਹੋਵੇ। ਹਰ ਚਿਹਰੇ ਦੀ ਚੀਰ-ਫਾੜ ਅਤੇ



ਉਸ ਤੋਂ ਨਕਾਬ ਲਾਹਕੇ ਫਿਰ ਲੇਬਲ ਚਿਪਕਾ ਦੇਣਾ ਇਕ ਨਵਾਂ ਢੰਗ, ਇਕ ਨਿਵੇਕਲੀ ਸ਼ੈਲੀ, ਫਿਰ ਸੋਖੀ ਬੋਲੀ ਵਿਚ ਆਲੋਚਨਾ—ਬਹੁਤ ਖੂਬ। ਨ੍ਰਿਪਇੰਦ੍ਰ ਰਤਨ ਦੀ ਕਹਾਣੀ 'ਹੁਣ ਮੁੜ ਨਹੀਂ', ਦੇ ਵਾਕ 'ਤੇ ਉਸਾਰਿਆ ਹੋਇਆ ਉਸਾਰ ਉਚ ਵਰਗ ਦੀ ਦਾਸਤਾਨ ਹੈ। ਕਹਾਣੀ ਨਵੀਂ ਸਭਿਅਤਾ ਦੇ ਦਰਸ਼ਨ ਤਾਂ ਕਰਵਾਉਂਦੀ ਹੈ ਪਰ ਸਾਧਾਰਨ ਪਾਠਕ ਵਰਗ ਦਾ ਮੂੰਹ ਹੋਰ ਪਾਸੇ ਵੱਲ ਕਰਦੀ ਪ੍ਰਤੀਤ ਹੁੰਦੀ ਹੈ। ਬਲਵੰਤ ਚੌਹਾਨ ਦੀ ਕਹਾਣੀ ਗੰਧਲਾ ਪਾਣੀ ਦਾ ਪਾਤਰ ਆਪਣੇ ਸ਼ਰੀਕੇ ਕਬੀਲੇ ਦੀ ਈਰਖਾਵਾਦ ਤੋਂ ਨਿਰਲੇਪ ਆਪਣੀ ਸਹੀ ਸੇਧ 'ਚ ਤੁਰਦੀ ਸੋਚ ਦਾ ਕਾਇਲ ਤਾਂ ਹੈ ਪਰ ਗੰਧਲੇ ਪਾਣੀ ਦੇ ਭੁਲੇਖੇ 'ਚ ਆਪਣਾ ਤਵਾਜ਼ਨ ਖੋ ਬੈਠਦਾ ਹੈ-ਵੈਸੇ ਕਹਾਣੀ ਪੰਜਾਬ ਦੀ ਅਜੋਕੀ ਸਥਿਤੀ ਨਾਲ ਮੇਲ ਖਾਂਦੀ ਹੈ। ਗਦਰੀਆਂ ਬਾਰੇ ਤੁਸਾਂ ਜੋ ਵਾਕਫੀਅਤ ਇਕੱਠੀ ਕੀਤੀ ਹੈ ਇਸ ਤੋਂ ਪਹਿਲਾ ਕਿਧਰੇ ਨਜ਼ਰ ਨਹੀਂ ਆਈ। ਇਸ ਲੇਖ ਬਾਰੇ ਕਹਿਣਾ ਤਾਂ ਬਹੁਤ ਸੀ, ਡਰ ਹੈ ਕਿਤੇ ਚਾ-ਪਲੂਸੀ ਦਾ ਲੇਬਲ ਨਾ ਲੱਗ ਜਾਵੇ। ਪਾਸ਼ ਬਾਰੇ ਸੁਖਦੇਵ ਸਿੰਘ ਦਾ ਨਿਬੰਧ ਬਹੁਤ ਵਧੀਆ ਸ਼ਰਧਾਂਜਲੀ ਸੀ। ਬਲਦੇਵ ਸਿੰਘ ਧਾਲੀਵਾਲ ਦੀ ਵਰਿਆਮ ਸਿੰਘ ਸੰਧੂ ਦੇ ਕਹਾਣੀ ਸੰਗ੍ਰਹਿ 'ਭੱਜੀਆਂ ਬਾਂਹੀਂ' ਬਾਰੇ ਵਿਆਖਿਆ ਵੀ ਬਹੁਤ ਵਧੀਆ ਸੀ। ਕਵਿਤਾਵਾਂ ਦੀ ਸਮੁੱਚੀ ਸੁਰ ਪੰਜਾਬ ਦੀ ਸੁਰ ਵਰਗੀ ਲੱਗੀ—ਉਦਾਸ ਉਦਾਸ।

ਫਲੇਲ ਸਿੰਘ [ਥਾਂਦੇਵਾਲ, ਮੁਕਤਸਰ]

ਸਿਰਜਣਾ-71 ਵਿਚ ਭੂਸ਼ਨ ਦਾ ਲੇਖ 'ਸਾਹਿਤ ਤੇ ਮਨੋਰੰਜਨ' ਬਹੁਤ ਦਿਲਚਸਪ ਸੀ। ਪਿਆਰਾ ਸਿੰਘ ਸਹਿਰਾਈ ਦੀ ਰਚਨਾ 'ਵਾਰਤਾ ਜਾਗੇ ਲੋਕਾਂ ਦੀ' ਨਾਲੋ ਨਾਲ ਹੀ 'ਆਰਸੀ' ਵਿਚ ਵੀ ਛਪੀ ਹੈ। ਹੋਰ ਥਾਂ ਛਪੀ ਰਚਨਾ ਨੂੰ ਦੁਬਾਰਾ ਦੇਣ ਤੋਂ ਨਵੀਂ ਰਚਨਾ ਨੂੰ ਥਾਂ ਦੇਣਾ ਬਿਹਤਰ ਰਹੇਗਾ। ਤੁਹਾਡਾ ਲੇਖ 'ਹਿੰਦੁਸਤਾਨ ਗਦਰ ਪਾਰਟੀ ਤੇ ਸੋਵੀਅਤ ਯੂਨੀਅਨ' ਗਦਰ ਫੇਲ੍ਹ ਹੋਣ ਦੇ ਬਾਵਜੂਦ ਸਾਮਰਾਜੀ ਗਿਰਝਾਂ ਤੋਂ ਬਚੇ ਗਦਰੀਆਂ ਦੀ ਦੇਸ਼-ਭਗਤੀ 'ਤੇ ਭਰਪੂਰ ਚਾਨਣਾ ਪਾਉਂਦਾ ਹੈ। ਨ੍ਰਿਪਇੰਦ੍ਰ ਰਤਨ ਦੀ ਕਹਾਣੀ 'ਹੁਣ ਮੁੜ ਨਹੀ' ਚੰਗੇ ਅੰਦਾਜ਼ ਵਿਚ ਰਚੀ ਗਈ ਹੈ ਪਰ ਵਿਸ਼ਾ ਬਹੁਤ ਚੰਗਾ ਨਹੀਂ ਲੱਗਿਆ। ਬਲਵੰਤ ਚੌਹਾਨ ਦੀ 'ਗੰਧਲਾ ਪਾਣੀ' ਸ਼ੈਲੀ ਤੇ ਵਿਸ਼ੇ ਪੱਖੋਂ ਸ਼ਲਾਘਾਯੋਗ ਤੇ ਪ੍ਰਭਾਵਸ਼ਾਲੀ ਸੀ। ਸੁਖਦੇਵ ਸਿੰਘ ਨੇ ਖੇਤਾਂ ਦੇ ਪੁੱਤ-ਪਾਸ਼-ਦੇ ਕਾਵਿ-ਜੀਵਨ ਤੇ ਰੌਸ਼ਨੀ ਪਾ ਕੇ ਉਸਦੀ ਚੇਤੰਨ ਸੋਚ ਦੀ ਪਾਠਕਾਂ ਨਾਲ ਸੁਹਣੀ ਜਾਣ-ਪਛਾਣ ਕਰਵਾਈ ਹੈ। ਸਮੁੱਚਾ ਮੈਟਰ ਹੀ ਸਮੇਂ ਨਾਲ ਮੇਲ ਖਾਂਦਾ ਹੈ।


ਰਘਵੀਰ ਸਿੰਘ ਸਿੱਧੂ [ਚੰਗਾਲ, ਜ਼ਿਲਾ ਸੰਗਰੂਰ]

ਸਿਰਜਣਾ-71 ਵਿਚ ਸੁਖਦੇਵ ਸਿੰਘ ਦਾ ਪਾਸ਼ ਦੀ ਕਵਿਤਾ ਬਾਰੇ ਲੇਖ ਬਹੁਤ ਟੁੰਬਣ ਵਾਲਾ ਸੀ। ਇਸ ਲੇਖ ਨੇ ਮੈਨੂੰ ਪਾਸ਼ ਦੀ ਕਵਿਤਾ ਡੂੰਘਾਈ ਨਾਲ ਪੜ੍ਹਨ ਲਈ ਪ੍ਰੇਰਿਤ ਕੀਤਾ ਹੈ। ਵਰਿਆਮ ਸੰਧੂ ਦੇ ਕਹਾਣੀ ਸੰਗ੍ਰਹਿ ਬਾਰੇ ਬਲਦੇਵ ਸਿੰਘ ਧਾਲੀਵਾਲ ਦਾ ਲੇਖ ਵੀ ਜਚਿਆ।

ਗੁਲਵੰਤ [ਨਵੀਂ ਦਿੱਲੀ]

ਸਿਰਜਣਾ-71 ਵਿਚ ਸੁਖਬੀਰ, ਸੁਖਿੰਦਰ ਤੇ ਜਸਵੰਤ ਦੀਦ ਦੀਆਂ ਨਜ਼ਮਾਂ ਬਹੁਤ ਪਸੰਦ ਆਈਆਂ।

ਮਹਿਮਾ ਸਿੰਘ [ਹਲਵਾਰਾ]




## ਕਸਵਟੀ

ਗਾਂਧੀ ਜੀ ਨੇ ਕਿਹਾ ਸੀ, "ਕਿਸੀ ਕਾਰਵਾਈ ਨੂੰ ਕਰਨ ਲਗਿਆਂ ਤੁਹਾਨੂੰ ਜਦੋਂ ਕੋਈ ਸ਼ਕ ਹੋਵੇ ਕਿਸੀ ਬਹੁਤ ਹੀ ਨਿਰਧਨ ਅਤੇ ਕਮਜ਼ੋਰ ਬੰਦੇ ਦੇ ਚਿਹੇਰੇ ਨੂੰ, ਜਿਸ ਨੂੰ ਤੁਸੀਂ ਕਦੇ ਵੇਖਿਆ ਹੋਵੇ, ਯਾਦ ਕਰੋ ਅਤੇ ਆਪਣੇ ਕੋਲੋਂ ਪੁੱਛੋ ਕਿ ਤੁਸੀਂ ਜਿਹੜੀ ਕਾਰਵਾਈ ਕਰਨ ਦੀ ਸੋਚ ਰਹੇ ਹੋ ਉਸ ਨਾਲ ਉਸ ਨੂੰ ਕੀ ਫਾਇਦਾ ਹੋਵੇਗਾ? ਕੀ ਉਸ ਸਦਕਾ ਉਹ ਆਪਣੇ ਜੀਵਨ ਅਤੇ ਕਿਸਮਤ ਉਤੇ ਕੰਟਰੋਲ ਬਹਾਲ ਕਰ ਸਕੇਗਾ?"

ਗਾਂਧੀ ਜੀ ਮਹਿਸੂਸ ਕਰਦੇ ਸਨ ਕਿ ਕੇਵਲ ਇਹ ਕਸਵੱਟੀ ਹੀ ਸਾਡੀਆਂ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਅਰਥਭਰਪੂਰ ਬਣਾ ਸਕਦੀ ਹੈ।

davp 88/365-Pun



## ਲੋਕਰਾਜ, ਸਮਾਜਵਾਦ, ਧਰਮ-ਨਿਰਪੇਖਤਾ, ਏਕਤਾ ਤੇ ਅਖੰਡਤਾ— ਸ਼ਾਂਤੀ ਤੇ ਪ੍ਰਗਤੀ ਦੀਆਂ ਮਜ਼ਬੂਤ ਨੀਹਾਂ



davp 88/246


ਛਾਪਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਬਾਲੀ ਪ੍ਰਿੰਟਿੰਗ ਪ੍ਰੈਸ, ਕਮਲਾ ਮਾਰਕੀਟ, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਪ੍ਰਕਾਸ਼ਨ ਮਿਤੀ : 12 ਅਕਤੂਬਰ, 1988

ਸੰਪਾਦਕ : ਰਘਬੀਰ ਸਿੰਘ

**SIRJANA** Chandigarh R.R. No. 10215/65
No 72 October-December 1988


# ਪੰਜਾਬ ਬੁੱਕ ਸੈਂਟਰ ਦੇ ਨਵੇਂ ਪ੍ਰਕਾਸ਼ਨ

1. **ਕੁਬਹੂ ਨਾ ਛਾਡੈ ਖੇਤ** [ਨਾਵਲ] ਓਸਤ੍ਰੋਵਸਕੀ—ਸੋਵੀਅਤ ਸੱਤਾ ਦੇ ਪਹਿਲੇ ਵਰ੍ਹਿਆਂ ਵਿਚ ਨੌਜਵਾਨ ਪੀੜ੍ਹੀ ਦੇ ਜੀਵਨ ਦਾ ਵਰਨਣ ਪੰਨੇ 528
2. **ਹਮ ਸਫਰ** [ਨਾਵਲ] ਵੇਰਾ ਪਾਨੋਵਾ
ਮਹਾਨ ਦੇਸ਼ ਭਗਤਕ ਜੰਗ ਦੌਰਾਨ ਹਸਪਤਾਲ ਕਾਮਿਆਂ ਦੇ ਕੰਮ ਦੀ ਵਿਆਖਿਆ
ਪੰਨੇ : 408, ਮੁੱਲ : 18.00
3. **ਮੋਇਆਂ ਦੀ ਜਾਗ** [ਨਾਵਲ] ਲਿਉ ਤਾਲਸਤਾਇ
ਉਨੀਵੀਂ ਸਦੀ ਦੇ ਰੂਸੀ ਯਥਾਰਥ ਨੂੰ ਪੇਸ਼ ਕਰਦਾ ਜਗਤ ਪ੍ਰਸਿੱਧ ਨਾਵਲ
ਪੰਨੇ 646. ਮੁੱਲ : 25 ਰੁਪਏ
4. **ਅੱਨਾ ਕਾਰੇਨਿਨਾ** [ਦੋ ਜਿਲਦਾਂ ਵਿਚ ਨਾਵਲ] ਲਿਉ ਤਾਲਸਤਾਇ
ਰੂਸੀ ਗਲਪ ਦੀ ਇਕ ਹੋਰ ਕਲਾਸਿਕ ਰਚਨਾ—ਪੰਨੇ 1228, ਮੁੱਲ 47.50
5. **ਮਾਂ** [ਨਾਵਲ] ਮੈਕਸਿਮ ਗੋਰਕੀ
ਗੋਰਕੀ ਦਾ ਵਿਸ਼ਵ ਪ੍ਰਸਿੱਧ ਸ਼ਾਹਕਾਰ—ਪੰਨੇ 466, ਮੁੱਲ 8.75
6. **ਦੀਵਾਨ** [ਨਾਵਲ] ਵ. ਬਗਾਸੋਨੋਵ
ਬਾਲ ਪਾਠਕਾਂ ਲਈ ਲਘੂ ਨਾਵਲ—ਪੰਨੇ 128, ਮੁੱਲ 7.00
7. **ਪੀਲਾ ਭੂਤ** [ਅਰਥ ਵਿਗਿਆਨ] ਅਨਿਕਿਨ ਪੰਨੇ 286, ਮੁੱਲ 10.50
8. **ਅਮਰੀਕੀ ਮਾਡਲ-ਇਤਿਹਾਸ ਦੀ ਤੱਕੜੀ ਉਤੇ**—ਪੰਨੇ 300, ਮੁੱਲ 5.50
9. **ਭਾਰਤ ਦੇ ਇਨਕਲਾਬੀ ਸੋਵੀਅਤ ਰੂਸ ਵਿਚ**—ਪਰੈਸਿਤਸ, ਪੰਨੇ 228
ਮੁੱਲ : 11.50
10. **ਸੋਵੀਅਤ ਰਾਜਸੀ ਪ੍ਰਣਾਲੀ ਅਨੁਭਵ ਤੇ ਸੰਭਾਵਨਾਵਾਂ**—ਦੇਵਿੰਦਰ ਕੌਸ਼ਕ

**ਅੱਜ ਹੀ ਬੁੱਕ-ਕਲੱਬ ਦੇ ਮੈਂਬਰ ਬਣੋ ਅਤੇ ਸਾਰਾ ਸਾਲ 20% ਛੋਟ ਕਮਾਓ। ਦਾਖਲਾ ਦੋ ਰੁਪਏ, ਸਾਲਾਨਾ ਚੰਦਾ ਦਸ ਰੁਪਏ**

## ਪੰਜਾਬ ਬੁੱਕ ਸੈਂਟਰ

**ਐਸ. ਸੀ. ਓ. 1126-27, ਸੈਕਟਰ 22-ਬੀ, ਚੰਡੀਗੜ੍ਹ**
**ਬਰਾਂਚਾਂ : ਅੰਬਾਲਾ ਛਾਉਣੀ, ਬਠਿੰਡਾ, ਪਟਿਆਲਾ, ਲੁਧਿਆਣਾ ਤੇ ਜਲੰਧਰ**